Punjabi Parwaz

# ਪੰਜਾਬੀ ਪਰਵਾਜ਼

ਅੰਕ 42ਵਾਂ (ਸ਼ਿਕਾਗੋ): 21 ਦਸੰਬਰ 2024 ਤੋਂ 3 ਜਨਵਰੀ 2025 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548


# ਕਿਸਾਨ ਲਹਿਰ ਮੁੜ ਕੇ ਲੋਕ ਲਹਿਰ ਬਣਨ ਲੱਗੀ

**ਜਸਵੀਰ ਸਿੰਘ ਸ਼ੀਰੀ**

ਕਿਸਾਨ ਸੰਘਰਸ਼ ਇੱਕ ਵਾਰ ਫਿਰ ਪੰਜਾਬ ਅਤੇ ਦੇਸ਼ ਦੀ ਸਿਆਸਤ ਦਾ ਕੇਂਦਰ ਬਣਨ ਵੱਲ ਵਧ ਰਿਹਾ ਹੈ। ਖਾਸ ਕਰਕੇ ਖਨੌਰੀ ਬਾਰਡਰ 'ਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਵੱਲੋਂ ਜਾਰੀ ਮਰਨ ਵਰਤ ਨੇ ਪੰਜਾਬ-ਹਰਿਆਣਾ ਦੇ ਕਿਸਾਨ ਸੰਘਰਸ਼ ਵਿੱਚ ਇੱਕ ਤਰ੍ਹਾਂ ਨਾਲ ਮੁੜ ਕੇ ਜਾਨ ਫੂਕ ਦਿੱਤੀ ਹੈ। ਮੈਂ ਜਦੋਂ ਇਹ ਸਤਰਾਂ ਲਿਖ ਰਿਹਾ ਹਾਂ ਤਾਂ ਇੱਕ ਪਾਸੇ ਤਾਂ ਜਗਜੀਤ ਸਿੰਘ ਡੱਲੇਵਾਲ ਖਨੌਰੀ ਬਾਰਡਰ 'ਤੇ ਮਰਨ ਵਰਤ 'ਤੇ ਬੈਠੇ ਹੋਏ ਹਨ ਅਤੇ ਉਨ੍ਹਾਂ ਦੀ ਇਹ ਮੁਹਿੰਮ 23ਵੇਂ ਦਿਨ ਵਿੱਚ ਪ੍ਰਵੇਸ਼ ਕਰ ਚੁੱਕੀ ਹੈ। ਦੂਜੇ ਪਾਸੇ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਵਿੱਚ 32 ਕਿਸਾਨ ਜਥੇਬੰਦੀਆਂ 'ਤੇ ਆਧਾਰਤ ਆਗੂ ਚੰਡੀਗੜ੍ਹ ਵਿੱਚ ਐਮਰਜੈਂਸੀ ਮੀਟਿੰਗ ਕਰ ਰਹੇ ਹਨ। ਇਸ ਮੀਟਿੰਗ ਵਿੱਚ ਜਿੱਥੇ ਖੇਤੀ ਮੰਡੀਕਰਣ ਬਾਰੇ ਕੇਂਦਰ ਵੱਲੋਂ ਲਿਆਂਦੇ ਗਏ ਖਰੜੇ 'ਤੇ ਚਰਚਾ ਹੋਈ, ਉਥੇ ਸ. ਡੱਲੇਵਾਲ ਵੱਲੋਂ ਜਾਰੀ ਮਰਨ ਵਰਤ ਅਤੇ ਸ਼ੰਭੂ-ਖਨੌਰੀ ਵਿੱਚ ਚੱਲ ਰਹੇ ਮੋਰਚੇ ਬਾਰੇ ਵੀ ਮਸ਼ਵਰੇ ਕੀਤੇ ਗਏ।

ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਸਰਕਾਰ ਵੱਲੋਂ ਭੇਜੇ ਗਏ ਖੇਤੀ ਮੰਡੀਕਰਨ ਖਰੜੇ ਨੂੰ ਰੱਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਇਸ ਖਰੜੇ ਦਾ ਜ਼ੋਰਦਾਰ ਵਿਰੋਧ ਕਰੇਗੀ। ਇਹ ਪਹਿਲਾਂ ਰੱਦ ਕੀਤੇ ਗਏ ਤਿੰਨ ਕਾਲੇ ਕਾਨੂੰਨਾਂ ਨੂੰ ਪਿਛਲੇ ਦਰਵਾਜ਼ੇ ਰਾਹੀਂ ਮੁੜ ਲਾਗੂ ਕਰ ਦਾ ਯਤਨ ਹੈ। ਪੰਜਾਬ ਦੇ ਖੇਤੀ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਵੀ ਇਸ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਇਹ ਖਰੜਾ ਪੰਜਾਬ ਵਿੱਚ ਪਹਿਲਾਂ ਤੋਂ ਮੌਜੂਦ ਮੰਡੀਕਰਣ ਨੂੰ ਬਰਬਾਦ ਕਰ ਦੇਵੇਗਾ। ਇਸ ਦੇ ਸਮਾਨੰਤਰ ਸ਼ੰਭੂ ਬਾਰਡਰ 'ਤੇ ਸਰਵਣ ਸਿੰਘ ਪੰਧੇਰ ਦੀ ਅਗਵਾਈ ਵਿੱਚ ਮਜ਼ਦੂਰ ਕਿਸਾਨ ਸੰਘਰਸ਼ ਕਮੇਟੀ ਨੇ ਤਿੰਨ ਘੰਟੇ ਲਈ ਪੰਜਾਬ ਵਿੱਚ 52 ਥਾਵਾਂ 'ਤੇ ਰੇਲਾਂ ਰੋਕਣ ਦਾ ਸੱਦਾ ਦਿੱਤਾ ਹੋਇਆ ਹੈ। ਇਸ ਐਕਸ਼ਨ ਵਿੱਚ ਡੱਲੇਵਾਲ ਵਾਲੀ ਕਿਸਾਨ ਜਥੇਬੰਦੀ ਵੀ ਉਨ੍ਹਾਂ ਦਾ ਸਹਿਯੋਗ ਕਰ ਰਹੀ ਹੈ। ਅਜਿਹਾ ਸੱਦਾ ਜੁਗਿੰਦਰ ਸਿੰਘ ਉਗਰਾਹਾਂ ਵਾਲੀ ਕਿਸਾਨ ਜਥੇਬੰਦੀ ਨੇ ਵੀ ਦਿੱਤਾ ਹੋਇਆ ਹੈ। ਯੂ.ਪੀ. ਨਾਲ ਸੰਬੰਧਤ ਵੱਡੇ ਕਿਸਾਨ ਆਗੂ ਰਾਕੇਸ਼ ਟਿਕੈਤ ਕੁਝ ਦਿਨ ਪਹਿਲਾਂ ਸ. ਡੱਲੇਵਾਲ ਨੂੰ ਮਿਲ ਕੇ ਗਏ ਹਨ। ਉਨ੍ਹਾਂ ਕਿਸਾਨ ਜਥੇਬੰਦੀਆਂ ਨੂੰ ਏਕਾ ਕਰਨ ਦਾ ਸੱਦਾ ਦਿੱਤਾ। ਬਹੁਤ ਸਾਰੇ ਆਮ ਕਿਸਾਨ ਦੂਜੇ ਰਾਜਾਂ ਤੋਂ ਵੀ ਖਨੌਰੀ ਬਾਰਡਰ 'ਤੇ ਪੁੱਜਣ ਲੱਗੇ ਹਨ। ਇਸ ਤੋਂ ਪਹਿਲਾਂ ਦੇਸ਼ ਦੀ ਸੁਪਰੀਮ ਕੋਰਟ ਨੇ ਵੀ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਸੰਬਧੀ ਚਿੰਤਾ ਜ਼ਾਹਰ ਕੀਤੀ ਹੈ ਅਤੇ ਉਨ੍ਹਾਂ ਨੂੰ ਤੁਰੰਤ ਇਲਾਜ ਪ੍ਰਦਾਨ ਕਰਨ ਲਈ ਕਿਹਾ ਹੈ। ਭਾਵੇਂ ਕਿ ਪੰਜਾਬ ਸਰਕਾਰ ਕਿਸਾਨ ਮਸਲਿਆਂ ਦੇ ਹੱਲ ਲਈ ਸਿੱਧੇ ਤੌਰ 'ਤੇ ਆਹਮਣੇ ਨਹੀਂ ਆਈ, ਫਿਰ ਵੀ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਕਿਸਾਨਾਂ ਦੀਆਂ ਮੰਗਾਂ ਬਿਲਕੁਲ ਜਾਇਜ਼ ਹਨ ਅਤੇ ਕੇਂਦਰ ਸਰਕਾਰ ਨੂੰ ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨਾ ਚਾਹੀਦਾ ਹੈ। ਹਰਿਆਣਾ ਦੇ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੇ ਵੀ ਖਨੌਰੀ ਪੁੱਜ ਕੇ ਸ. ਡੱਲੇਵਾਲ ਦਾ ਹਾਲ-ਚਾਲ ਪੁੱਛਿਆ ਅਤੇ ਉਨ੍ਹਾਂ ਦੇ ਸੰਘਰਸ਼ ਦੀ ਹਮਾਇਤ ਕੀਤੀ। ਇਸੇ ਤਰ੍ਹਾਂ ਹਰਿਆਣਾ ਵਿਧਾਨ ਸਭਾ ਵਿੱਚ ਕਾਂਗਰਸ ਦੇ ਵਿਧਾਨ ਸਭਾ ਮੈਂਬਰ ਪਹਿਲਵਾਨ ਵਿਨੇਸ਼ ਫੋਗਾਟ ਨੇ ਵੀ ਸ. ਡੱਲੇਵਾਲ ਦੀ ਸਿਹਤ ਦੀ ਜਾਣਕਾਰੀ ਲਈ ਅਤੇ ਉਨ੍ਹਾਂ ਦੇ ਸੰਘਰਸ਼ ਦੀ ਹਮਾਇਤ ਕੀਤੀ।

## *ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਜਾਰੀ




ਇਹ ਮਸਲਾ ਸੁਪਰੀਮ ਕੋਰਟ ਵਿੱਚ ਉੱਠਣ ਤੋਂ ਬਾਅਦ ਲੰਘੀ 16 ਦਸੰਬਰ ਨੂੰ ਪੰਜਾਬ ਪੁਲਿਸ ਦੇ ਮੁਖੀ ਗੌਰਵ ਯਾਦਵ ਅਤੇ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਡਾਇਰੈਕਟਰ ਮਯਾਂਕ ਮਿਸ਼ਰਾ ਵੀ ਸ. ਡੱਲੇਵਾਲ ਦੀ ਸਿਹਤ ਦਾ ਹਾਲ-ਚਾਲ ਜਾਨਣ ਲਈ ਖਨੌਰੀ ਪੁੱਜੇ ਸਨ। ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ, "ਅਸੀਂ ਇੱਥੇ ਡੱਲੇਵਾਲ ਸਾਹਿਬ ਦੀ ਸਿਹਤ ਬਾਰੇ ਜਾਣਕਾਰੀ ਹਾਸਲ ਕਰਨ ਆਏ ਹਾਂ। ਮੇਰੇ ਨਾਲ ਕੇਂਦਰ ਸਰਕਾਰ ਦੇ ਨੁਮਾਇੰਦੇ ਮਯਾਂਕ ਮਿਸ਼ਰਾ ਵੀ ਹਨ।" ਪੁਲਿਸ ਮੁਖੀ ਗੌਰਵ ਯਾਦਵ ਨੇ ਦੱਸਿਆ ਕਿ ਉਨ੍ਹਾਂ ਨੇ ਸ. ਡੱਲੇਵਾਲ ਨੂੰ ਤੁਰੰਤ ਮੈਡੀਕਲ ਹੈਲਪ ਲੈਣ ਲਈ ਕਿਹਾ, ਪਰ ਉਨ੍ਹਾਂ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਅਗਲੇ ਦਿਨ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਸਮੇਤ ਕਈ ਕਾਂਗਰਸੀ ਆਗੂ ਵੀ ਉਨ੍ਹਾਂ ਦਾ ਹਾਲ-ਚਾਲ ਜਾਨਣ ਲਈ ਖਨੌਰੀ ਹਾਜ਼ਰੀ ਲਵਾਈ। ਅਕਾਲ ਤਖਤ ਸਾਹਿਬ ਦੇ ਐਕਟਿੰਗ ਜਥੇਦਾਰ ਤੇ ਹੁਣ ਤਖਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਖਨੌਰੀ ਪੁੱਜ ਕੇ ਡੱਲੇਵਾਲ ਦੇ ਸੰਘਰਸ਼ ਦੀ ਜ਼ੋਰਦਾਰ ਹਮਾਇਤ ਕੀਤੀ ਅਤੇ ਦੇਸ਼ ਦੀ ਸੰਸਦ ਵਿੱਚ ਮੌਜੂਦ ਪੰਜਾਬ-ਹਰਿਆਣਾ ਦੇ ਸੰਸਦ ਮੈਂਬਰਾਂ ਨੂੰ ਇਹ ਕਿਸਾਨ ਮੁੱਦਾ ਸੰਸਦ ਵਿੱਚ ਉਠਾਉਣ ਦਾ ਸੱਦਾ ਦਿੱਤਾ। ਪੰਥ ਪ੍ਰਸਿੱਧ ਰਾਗੀ ਭਾਈ ਬਲਦੇਵ ਸਿੰਘ ਵਡਾਲਾ ਨੇ ਸ. ਡੱਲੇਵਾਲ ਦਾ ਹਾਲ-ਚਾਲ ਪੁੱਛਿਆ ਅਤੇ ਸਟੇਜ ਸ਼ਬਦ ਕੀਰਤਨ ਰਾਹੀਂ ਕਿਸਾਨ ਕਾਰਕੁਨਾਂ ਨਾਲ ਰਾਬਤਾ ਕਾਇਮ ਕੀਤਾ। ਇਸ ਤੋਂ ਇਲਾਵਾ ਗਾਇਕ ਅਤੇ ਹੋਰ ਕਲਾਕਾਰ ਵੀ ਇੱਥੇ ਪੁੱਜਣ ਲੱਗੇ ਹਨ। ਇਸ ਤਰ੍ਹਾਂ ਇਹ ਕਿਸਾਨ ਲਹਿਰ ਮੁੜ ਇੱਕ ਲੋਕ ਲਹਿਰ ਦਾ ਰੂਪ ਅਖਤਿਆਰ ਕਰਦੀ ਵਿਖਾਈ ਦੇ ਰਹੀ ਹੈ।

ਇਸ ਦਰਮਿਆਨ ਪੰਜਾਬ ਸਰਕਾਰ ਨੇ ਕਿਸਾਨੀ ਰੋਸ ਨੂੰ ਆਪਣੇ ਗਲੋਂ ਲਾਹ ਕੇ ਕੇਂਦਰ ਵੱਲ ਸੇਧਿਤ ਕਰਨਾ ਸ਼ੁਰੂ ਕਰ ਦਿੱਤਾ ਹੈ। ਸਥਿਤੀ ਦਿੱਲੀ ਮੋਰਚੇ ਵਾਲੀ ਹੀ ਬਣਦੀ ਵਿਖਾਈ ਦੇ ਰਹੀ ਹੈ। ਉਸ ਸਮੇਂ ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਸੀ। ਉਦੋਂ ਕਾਂਗਰਸ ਸਰਕਾਰ ਨੇ ਵੀ ਇਸ ਕਿਸਮ ਦੀ ਨੀਤੀ ਅਪਣਾਈ ਸੀ ਅਤੇ ਕਿਸਾਨ ਲਹਿਰ ਦਾ ਰੁਖ ਕੇਂਦਰ ਵੱਲ ਮੋੜ ਦਿੱਤਾ ਸੀ। ਉਂਝ ਕਿਸਾਨ ਜਥੇਬੰਦੀਆਂ ਖੁਦ ਵੀ ਇਸ ਪੱਖੋਂ ਸੁਚੇਤ ਵਿਖਾਈ ਦਿੰਦੀਆਂ ਹਨ। ਉਨ੍ਹਾਂ ਨੂੰ ਇਲਮ ਹੈ ਕਿ ਉਨ੍ਹਾਂ ਦੀ ਲੜਾਈ ਕਿਸ ਧਿਰ


⇒ ਬਾਕੀ ਸਫਾ 9 ਉਤੇ ਪੜ੍ਹੋ











# ਅਕਾਲੀ ਸਿਆਸਤ ਵਿੱਚ ਖਾਮੋਸ਼ੀ ਦਾ ਆਲਮ

**ਜਸਵੀਰ ਸਿੰਘ ਮਾਂਗਟ**

***ਅਕਾਲ ਤਖਤ ਸਾਹਿਬ ਵੱਲੋਂ ਐਲਾਨੀ ਕਮੇਟੀ ਰਾਹੀਂ ਨਵੀਂ ਭਰਤੀ ਦੀ ਮੰਗ ਉਠਣ ਲੱਗੀ***

ਅਕਾਲੀ ਆਗੂਆਂ ਵੱਲੋਂ ਆਪੋ ਆਪਣੀ ਧਾਰਮਿਕ ਸਜ਼ਾ ਭੁਗਤ ਲੈਣ ਤੋਂ ਬਾਅਦ ਸਿੱਖ ਸਿਆਸਤ ਵਿੱਚ ਕੋਈ ਬਹੁਤੀ ਹਰਕਤ ਵੇਖਣ ਨੂੰ ਨਹੀਂ ਮਿਲ ਰਹੀ। ਅਕਾਲੀ ਦਲ (ਬਾਦਲ) ਦੀ ਲੀਡਰਸ਼ਿਪ ਨੂੰ ਉਮੀਦ ਸੀ ਕਿ ਆਪਣੀ ਤਨਖਾਹ ਭੁਗਤਣ ਤੋਂ ਬਾਅਦ ਉਹ ਨਗਰ ਕੌਂਸਲਾਂ ਅਤੇ ਨਗਰ ਪਾਲਿਕਾਵਾਂ ਦੀਆਂ ਚੋਣਾਂ ਵਿੱਚ ਹਿੱਸਾ ਲੈ ਲੈਣਗੇ, ਨਤੀਜੇ ਭਾਵੇਂ ਕੋਈ ਵੀ ਹੋਣ! ਪਰ ਤਨਖ਼ਾਹ ਦਾ ਸਮਾਂ ਖ਼ਤਮ ਹੋਣ ਤੱਕ ਨਗਰ ਕੌਂਸਲਾਂ ਅਤੇ ਨਗਰ ਪਾਲਿਕਾਵਾਂ ਦੀ ਚੋਣਾਂ ਸਿਰ ‘ਤੇ ਆਣ ਖੜ੍ਹੀਆਂ ਹਨ। ਇਨ੍ਹਾਂ ਚੋਣਾਂ ਲਈ ਵੋਟਾਂ 21 ਦਸੰਬਰ ਨੂੰ ਪੈਣੀਆਂ ਹਨ। ਬਾਕੀ ਸਾਰਾ ਅਮਲ ਪੂਰਾ ਹੋ ਚੁੱਕਾ ਹੈ। ਉਂਝ ਇਸ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਮੁੱਖ ਚੋਣ ਕਮਿਸ਼ਨਰ ਵੱਲੋਂ ਇਨ੍ਹਾਂ ਚੋਣਾਂ ਲਈ ਐਲਾਨੀਆਂ ਤਰੀਕਾਂ ‘ਤੇ ਸਖਤ ਇਤਰਾਜ਼ ਪ੍ਰਗਟ ਕੀਤਾ ਸੀ। ਉਨ੍ਹਾਂ ਕਿਹਾ ਸੀ ਕਿ ਇਹ ਮਹੀਨਾ ਸਿੱਖ ਇਤਿਹਾਸ ਵਿੱਚ ਵਿਸ਼ੇਸ਼ ਮਹੱਤਵ ਰੱਖਦਾ ਹੈ। ਜ਼ਿਕਰਯੋਗ ਹੈ ਕਿ 22 ਦਸੰਬਰ ਨੂੰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਨ ਹੈ ਤੇ ਵੋਟਾਂ 21 ਦਸੰਬਰ ਨੂੰ ਪੈਣੀਆਂ ਹਨ। ਉਨ੍ਹਾਂ ਕਿਹਾ ਸੀ ਕਿ ਚੋਣਾਂ ਲਈ ਇਹ ਤਰੀਕਾਂ ਐਲਾਨਣੀਆਂ ਸਿੱਖ ਭਾਵਨਾਵਾਂ ਦੇ ਬਿਲਕੁਲ ਉਲਟ ਹੈ।

ਭਾਵੇਂ ਕਿ ਕਿਸਾਨ ਮੋਰਚੇ ਨੇ ਪੰਜਾਬ ਦਾ ਸਮਾਜਕ ਵਾਤਾਵਰਣ ਤਪਾਇਆ ਹੋਇਆ ਹੈ, ਪਰ ਸਿੱਖ ਸਿਆਸੀ ਹਲਕਿਆਂ ਵਿੱਚ ਇੱਕ ਅਜੀਬ ਕਿਸਮ ਦੀ ਚੁੱਪ ਛਾਈ ਹੋਈ ਹੈ। ਖਾਸ ਕਰਕੇ ਅਕਾਲੀ ਦਲ (ਬਾਦਲ) ਦੀ ਲੀਡਰਸ਼ਿੱਪ ਦੇ ਪੱਖ ਤੋਂ। ਵੱਡੀ ਸਮੱਸਿਆ ਇਹ ਵੀ ਖੜ੍ਹੀ ਹੋ ਗਈ ਹੈ ਕਿ ਭਾਈ ਹਰਜਿੰਦਰ ਸਿੰਘ ਧਾਮੀ ਨੂੰ ਸਿੰਘ ਸਾਹਿਬਾਨ ਵੱਲੋਂ ਉਸ ਛੇ ਮੈਂਬਰੀ ਕਮੇਟੀ ਦਾ ਮੁਖੀ ਬਣਾਇਆ ਗਿਆ ਸੀ, ਜਿਸ ਨੇ ਨਵੇਂ ਵਰਕਰਾਂ ਦੀ ਭਰਤੀ ਕਰਨੀ ਹੈ। ਪਰ ਭਾਈ ਧਾਮੀ ਖੁਦ ਹੀ ਇੱਕ ਗੰਭੀਰ ਵਿਵਾਦ ਵਿੱਚ ਘਿਰ ਗਏ ਹਨ। ਉਨ੍ਹਾਂ ਗੁਰਿੰਦਰ ਸਿੰਘ ਨਾਂ ਦੇ ਇੱਕ ਪੱਤਰਕਾਰ ਨਾਲ ਟੈਲੀਫੋਨ ‘ਤੇ ਗੱਲਬਾਤ ਕਰਦਿਆਂ ਬੀਬੀ ਜਗੀਰ ਕੌਰ ਨੂੰ ਗਾਲ੍ਹ (ਸਾਲੀ) ਕੱਢ ਦਿੱਤੀ। ਇਹ ਵੀਡੀਉ ਬਾਅਦ ਵਿੱਚ ਵਾਇਰਲ ਹੋ ਗਈ। ਇਸ ਮਾਮਲੇ ਵਿੱਚ ਭਾਈ ਹਰਜਿੰਦਰ ਸਿੰਘ ਧਾਮੀ ਨੂੰ ਪੰਜਾਬ ਵੋਮੈਨ ਕਮਿਸ਼ਨ ਸਾਹਮਣੇ ਪੇਸ਼ ਹੋ ਕੇ ਵੀ ਆਪਣਾ ਪੱਖ ਸਪਸ਼ਟ ਕਰਨਾ ਪਿਆ ਹੈ। ਇਸ ਮਾਮਲੇ ਨੂੰ ਲੈ ਕੇ ਚੱਲੇ ਵਿਵਾਦ ਵਿੱਚ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਕੋਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਵੀ ਜਾ ਸਕਦੀ ਹੈ। ਇਹ ਸਵਾਲ ਵੀ ਖੜ੍ਹਾ ਹੋ ਗਿਆ ਹੈ ਕਿ ਭਾਈ ਹਰਜਿੰਦਰ ਸਿੰਘ ਧਾਮੀ ਜਥੇਦਾਰ ਸਾਹਿਬਾਨ ਵੱਲੋਂ ਅਕਾਲੀ ਦਲ ਦੀ ਨਵੀਂ ਭਰਤੀ ਲਈ ਬਣਾਈ ਗਈ ਕਮਟੀ ਦੇ ਮੁਖੀ ਰਹਿਣਗੇ ਵੀ ਜਾਂ ਨਹੀਂ? ਉਂਝ ਇੱਕ ਅੱਧੇ ਦਿਨ ਬਾਅਦ ਹੀ ਭਾਈ ਹਰਜਿੰਦਰ ਸਿੰਘ ਧਾਮੀ ਨੇ ਬੀਬੀ ਜਗੀਰ ਕੌਰ ਖਿਲਾਫ ਵਰਤੀ ਗਈ ਮੰਦੀ ਭਾਸ਼ਾ ਲਈ ਬੀਬੀ ਅਤੇ ਸਮੁੱਚੇ ਔਰਤ ਜਗਤ ਕੋਲੋਂ ਮੁਆਫੀ ਮੰਗ ਲਈ ਸੀ। ਇਸ ਸੰਬੰਧ ਵਿੱਚ ਸ. ਧਾਮੀ ਨੇ ਇੱਕ ਪੱਤਰ ਅਕਾਲ ਤਖਤ ਸਕੱਤਰੇਤ ਵਿਖੇ ਮੈਨੇਜਰ ਜਸਪਾਲ ਸਿੰਘ ਨੂੰ ਵੀ ਸੌਂਪਿਆ। ਇਸ ਪੱਤਰ ਵਿੱਚ ਉਨ੍ਹਾਂ ਲਿਖਿਆ, “ਜਾਣੇ-ਅਣਜਾਣੇ ਮੇਰੇ ਤੋਂ ਇਹ ਅੱਪਸ਼ਬਦ ਬੋਲੇ ਗਏ ਹਨ। ਇਸ ਲਈ ਮੈਂ ਪੂਰੀ ਔਰਤ ਜਾਤੀ ਅਤੇ ਬੀਬੀ ਜਗੀਰ ਕੌਰ ਕੋਲੋਂ ਮੁਆਫੀ ਮੰਗਦਾ ਹਾਂ। ਇੱਕ ਜ਼ਿੰਮੇਵਾਰ ਅਹੁਦੇ ‘ਤੇ ਹੁੰਦਿਆਂ ਮੈਨੂੰ ਇਹ ਮੰਦੀ ਸ਼ਬਦਾਵਲੀ ਨਹੀਂ ਵਰਤਣੀ ਚਾਹੀਦੀ ਸੀ। ਮੇਰੇ ਲਈ ਬੀਬੀ ਜੀ ਅੱਜ ਵੀ ਸਤਿਕਾਰਯੋਗ ਹਨ।” ਉਨ੍ਹਾਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਵੀ ਅਪੀਲ ਕੀਤੀ ਕਿ ਉਨ੍ਹਾਂ ਨੂੰ ਜੋ ਵੀ ਆਦੇਸ਼ ਦੇਣਗੇ, ਉਹ ਸਿਰ ਮੱਥੇ ਪ੍ਰਵਾਨ ਕਰਨਗੇ।

ਇੱਥੇ ਜ਼ਿਕਰਯੋਗ ਹੈ ਕਿ ਪਾਰਟੀ ਵਿੱਚ ਪਈ ਫੁੱਟ ਕਾਰਨ ਅਕਾਲੀ ਦਲ ਨੇ ਪਿਛੇ ਜਿਹੇ ਹੋਈਆਂ ਪੰਜਾਬ ਵਿਧਾਨ ਸਭਾ ਦੀਆਂ ਚਾਰ ਜ਼ਿਮਨੀ ਚੋਣਾਂ ਵਿੱਚ ਵੀ ਹਿੱਸਾ ਨਹੀਂ ਸੀ ਲਿਆ। ਇਸ ਨਾਲ ਅਕਾਲੀ ਦਲ ਦਾ ਵੋਟ ਬੈਂਕ ਦੂਜੀਆਂ ਪਾਰਟੀਆਂ ਵੱਲ ਭੁਗਤਿਆ। ਬੀਤੇ 2 ਦਸੰਬਰ ਨੂੰ ਸੁਖਬੀਰ ਸਿੰਘ ਬਾਦਲ ਅਤੇ ਸੁਖਦੇਵ ਸਿੰਘ ਢੀਂਡਸਾ ਸਮੇਤ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਹਿਬਾਨ ਵੱਲੋਂ ਅਕਾਲੀ ਲੀਡਰਸ਼ਿੱਪ ਨੂੰ ਤਨਖਾਹ (ਸਜ਼ਾ) ਲਗਾਈ ਗਈ ਸੀ। ਸਿੰਘ ਸਹਿਬਾਨ ਵੱਲੋਂ ਲਗਾਈ ਗਈ ਧਾਰਮਿਕ ਸਜ਼ਾ ਤਾਂ ਅਕਾਲੀ ਲੀਡਰਸ਼ਿਪ ਨੇ ਤੁਰੰਤ ਨਿਭਾਉਣੀ ਸ਼ੁਰੂ ਕਰ ਦਿੱਤੀ ਅਤੇ ਤਕਰੀਬਨ ਸਾਰੇ ਲੀਡਰਾਂ ਨੇ ਆਪਣੀ ਇਹ ਸੇਵਾ ਪੂਰੀ ਵੀ ਕਰ ਲਈ ਹੈ; ਪਰ ਇਸ ਹੁਕਮਨਾਮੇ ਵਿੱਚ ਦਰਜ ਸਿਆਸੀ ਪੱਖ ਹਾਲੇ ਤੱਕ ਅਕਾਲੀ ਲੀਡਰਸ਼ਿਪ ਵੱਲੋਂ ਛੋਹਿਆ ਤੱਕ ਨਹੀਂ ਗਿਆ ਹੈ। ਇਸ ਹੁਕਮਨਾਮੇ ਦਾ ਮਹੱਤਵਪੂਰਣ ਸਿਆਸੀ ਪੱਖ ਇਹ ਹੈ ਕਿ ਇਹ ਅਕਾਲੀ ਲੀਡਰਸ਼ਿਪ ‘ਪੰਥ’ ਦੀ ਅਗਵਾਈ ਕਰਨ ਦਾ ਨੈਤਿਕ ਆਧਾਰ ਗੁਆ ਚੁੱਕੀ ਹੈ।’ ਉਨ੍ਹਾਂ ਸੁਖਬੀਰ ਸਮੇਤ ਅਕਾਲੀ ਦਲ ਦੇ ਅਸਤੀਫੇ ਦੇਣ ਵਾਲੇ ਆਗੂਆਂ ਦੇ ਅਸਤੀਫੇ ਤੁਰੰਤ ਪ੍ਰਵਾਨ ਕਰਨ ਅਤੇ ਇਸ ਸੰਬੰਧੀ ਤਿੰਨ ਦਿਨ ਅੰਦਰ ਅਕਾਲ ਤਖਤ ‘ਤੇ ਸੂਚਿਤ ਕਰਨ ਲਈ ਕਿਹਾ ਸੀ। ਅਕਾਲੀ ਦਲ ਦੀ ਵਰਕਿੰਗ ਕਮੇਟੀ ਭੰਗ ਕਰ ਕੇ ਨਵੀਂ ਭਰਤੀ ਕਰਨ ਅਤੇ ਛੇ ਮਹੀਨੇ ਵਿੱਚ ਇਹ ਕਾਰਜ ਪੂਰਾ ਕਰਨ ਲਈ ਆਖਿਆ ਗਿਆ ਸੀ। ਇਸ ਹੁਕਮਨਾਮੇ ਵਿੱਚ ਜਥੇਦਾਰ ਸਾਹਿਬਾਨ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਇੱਕ ਛੇ ਮੈਂਬਰੀ ਕਮੇਟੀ ਦਾ ਵੀ ਐਲਾਨ ਵੀ ਕੀਤਾ ਗਿਆ ਸੀ, ਜਿਸ ਨੇ ਨਵੇਂ ਅਕਾਲੀ ਵਰਕਰਾਂ ਨੂੰ ਭਰਤੀ ਕਰਨਾ ਸੀ ਅਤੇ ਨਵੀਂ ਲੀਡਰਸ਼ਿਪ ਦੀ ਚੋਣ ਦੇ ਅਮਲ ਨੂੰ 6 ਮਹੀਨੇ ਵਿੱਚ ਮੁਕੰਮਲ ਕਰਨਾ ਸੀ।

ਪਰ ਦਿਲਚਸਪ ਵਰਤਾਰਾ ਇਹ ਵਾਪਰਿਆ ਕਿ 2 ਦਸੰਬਰ ਨੂੰ ਹੁਕਮਨਾਮੇ ਤੋਂ ਬਾਅਦ ਅਕਾਲ ਤਖਤ ਦੇ ਸਕੱਤਰੇਤ ਵਿੱਚ ਜਾ ਕੇ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਅਸਤੀਫੇ ਪ੍ਰਵਾਨ ਕਰਨ ਲਈ ਤਿੰਨ ਦਿਨ ਦੀ ਥਾਂ ਵੀਹ ਦਿਨ ਲੈ ਲਏ। ਇਹ ਵੀਹ ਦਿਨ ਵੀ ਹੁਣ ਲੰਘ ਚੁੱਕੇ ਹਨ, ਪਰ ਅਕਾਲੀ ਦਲ ਦੇ ਦੋਹਾਂ ਗੁੱਟਾਂ ਨੇ ਕੋਈ ਆਪਸੀ ਏਕਤਾ ਦਾ ਅਮਲ ਸ਼ੁਰੂ ਨਹੀਂ ਕੀਤਾ ਅਤੇ ਨਾ ਹੀ ਅਸਤੀਫੇ ਪ੍ਰਵਾਨ ਕੀਤੇ ਗਏ ਹਨ। ਇਸ ਮਾਮਲੇ ਨੂੰ ਇੱਥੇ ਹੀ ਬਰੇਕਾਂ ਲੱਗ ਗਈਆਂ ਹਨ ਅਤੇ ਅਕਾਲੀ ਲੀਡਰਸ਼ਿਪ ਖਾਮੋਸ਼ ਹੈ।

ਯਾਦ ਰਹੇ, ਇਸ ਦਰਮਿਆਨ 4 ਦਸੰਬਰ ਨੂੰ ਨਰਾਇਣ ਸਿੰਘ ਚੌੜਾ ਵੱਲੋਂ ਆਪਣੇ ਪਿਸਤੌਲ ਨਾਲ ਸੁਖਬੀਰ ਸਿੰਘ ਬਾਦਲ ਦੇ ਗੋਲੀ ਮਾਰਨ ਦੇ ਯਤਨ ਨੇ ਅਖ਼ਬਾਰਾਂ ਦੀਆਂ ਸੁਰਖੀਆਂ ਮੱਲ ਲਈਆਂ ਸਨ। ਇਸ ਨਾਲ ਅਕਾਲ ਤਖਤ ਸਾਹਿਬ ਵੱਲੋਂ ਕੀਤੇ ਗਏ ਫੈਸਲਿਆਂ ਬਾਰੇ ਚੱਲ ਰਿਹਾ ਇੱਕ ਵਿਆਪਕ ਨੈਰੇਟਿਵ ਬਦਲ ਕੇ ਗੋਲੀ ਮਾਰਨ ਵਾਲੀ ਘਟਨਾ ‘ਤੇ ਕੇਂਦਰਤ ਹੋ ਗਿਆ। ਇਸ ਘਟਨਾ ਤੋਂ ਪਿੱਛੋਂ ਤਨਖਾਹੀਏ ਕਰਾਰ ਦਿੱਤੇ ਗਏ ਦੋ ਆਗੂਆਂ- ਬਲਵਿੰਦਰ ਸਿੰਘ ਭੂੰਦੜ ਅਤੇ ਦਲਜੀਤ ਸਿੰਘ ਚੀਮਾ ਨੇ ਕੋਰ ਕਮੇਟੀ ਦੀ ਉਸ ਮੀਟਿੰਗ ਵਿੱਚ ਸ਼ਮੂਲੀਅਤ ਕੀਤੀ, ਜਿਸ ਨੇ ਸੁਖਬੀਰ ਸਿੰਘ ਬਾਦਲ ‘ਤੇ ਹਮਲੇ ਨੂੰ ਅਕਾਲੀ ਲੀਡਰਸ਼ਿਪ ਨੂੰ ਖਤਮ ਕਰਨ ਦੀ ਸਾਜ਼ਿਸ਼ ਕਰਾਰ ਦਿੱਤਾ ਸੀ। ਇਹ ਵੀ ਇੱਕ ਤਰ੍ਹਾਂ ਨਾਲ ਸਿੰਘ ਸਾਹਿਬਾਨ ਦੇ ਆਦੇਸ਼ਾਂ ਦੀ ਉਲੰਘਣਾ ਹੀ ਮੰਨੀ ਜਾ ਰਹੀ ਹੈ, ਪਰ ਅਕਾਲੀ ਦਲ ਵੱਲੋਂ ਵਰਕਿੰਗ ਕਮੇਟੀ ਨੂੰ ਭੰਗ ਕਰਨ ਅਤੇ ਨਵੀਂ ਭਰਤੀ ਕਰਨ ਦਾ ਜਥੇਦਾਰ ਸਾਹਿਬ ਦਾ ਆਦੇਸ਼ ਨਜ਼ਰ ਅੰਦਾਜ਼ ਕਰ ਦਿੱਤਾ ਗਿਆ ਹੈ। ਨਵੀਂ ਭਰਤੀ ਕਰਨ ਲਈ ਜਥੇਦਾਰ ਸਾਹਿਬ ਵੱਲੋਂ ਬਣਾਈ ਗਈ 6 ਮੈਂਬਰੀ ਕਮੇਟੀ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਇਕਬਾਲ ਸਿੰਘ ਝੂੰਦਾ, ਗੁਰਪ੍ਰਤਾਪ ਸਿੰਘ ਵਡਾਲਾ, ਮਨਪ੍ਰੀਤ ਸਿੰਘ ਇਆਲੀ, ਸੰਤਾ ਸਿੰਘ ਉਮੈਦਪੁਰੀ ਅਤੇ ਬੀਬੀ ਸਤਵੰਤ ਕੌਰ (ਸਪੁੱਤਰੀ ਭਾਈ ਅਮਰੀਕ ਸਿੰਘ) ਸ਼ਾਮਲ ਹਨ। ਹੁਕਮਨਾਮੇ ਵਾਲੇ ਦਿਨ ਹੀ ਅਕਾਲੀ ਦਲ ਵੱਲੋਂ ਕਿਰਪਾਲ ਸਿੰਘ ਬਡੂੰਗਰ ਨੂੰ ਵੀ ਇਸ ਕਮੇਟੀ ਵਿੱਚ ਸ਼ਾਮਲ ਕਰਵਾ ਲਿਆ ਗਿਆ ਸੀ। ਅਕਾਲੀ ਦਲ ਦੇ ਉਲਟ ਗੁਰਪ੍ਰਤਾਪ ਸਿੰਘ ਵਡਾਲਾ ਦੀ ਅਗਵਾਈ ਵਿੱਚ ਅਕਾਲੀ ਸੁਧਾਰ ਲਹਿਰ ਦੇ ਆਗੂਆਂ ਨੇ ਆਪਣਾ ਗੁੱਟ 9 ਦਸੰਬਰ ਨੂੰ ਭੰਗ ਕਰ ਦਿੱਤਾ ਸੀ ਅਤੇ ਉਹ ਹੁਕਮਨਾਮੇ ਅਨੁਸਾਰ ਨਵੀਂ ਭਰਤੀ ਕਰਨ ਦੀ ਮੰਗ ਕਰ ਰਹੇ ਹਨ।

ਸਿੱਖ ਰੈਡੀਕਲ ਧਿਰਾਂ ਅਤੇ ਬਹੁਤ ਸਾਰੇ ਸਿੱਖ ਬੁੱਧੀਜੀਵੀਆਂ ਅਤੇ ਪੱਤਰਕਾਰਾਂ ਵੱਲੋਂ ਵੀ ਇਹ ਮੰਗ ਉਟਾਈ ਜਾ ਰਹੀ ਹੈ ਕਿ ਅਕਾਲੀ ਲੀਡਰਸ਼ਿੱਪ ਨੂੰ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਦੇ ਰਾਜਨੀਤਿਕ ਪੱਖਾਂ ‘ਤੇ ਵੀ ਅਮਲ ਕਰਨਾ ਚਾਹੀਦਾ ਹੈ। ਸਿੱਖ ਬੁੱਧੀਜੀਵੀਆਂ ਦਾ ਮੰਨਣਾ ਹੈ ਕਿ ਜੇ ਅਕਾਲੀ ਦਲ (ਬਾਦਲ) ਦੇ ਆਗੂਆਂ ਨੇ ਇਸ ਪਾਰਟੀ ਨੂੰ ਮੌਜੂਦਾ ਰੂਪ ਵਿੱਚ ਹੀ ਚਲਾਉਣ ਦਾ ਯਤਨ ਕੀਤਾ ਤਾਂ ਉਹ ਹੋਰ ਵਧੇਰੇ ਮੁਸ਼ਕਲਾਂ ਵਿੱਚ ਫਸ ਜਾਣਗੇ ਅਤੇ ਸਿੱਖ ਆਵਾਮ ਨੇ ਵੀ ਉਨ੍ਹਾਂ ਨੂੰ ਪ੍ਰਵਾਨ ਨਹੀਂ ਕਰਨਾ। ਸਿੱਖ ਵਿਦਵਾਨਾਂ ਵੱਲੋਂ ਜਥੇਦਾਰ ਸਾਹਿਬ ਨੂੰ ਅਕਾਲੀ ਭਰਤੀ ਦੇ ਅਮਲ ਦੀ ਨਜ਼ਰਸਾਨੀ ਕੀਤੇ ਜਾਣ ਦੀ ਵੀ ਅਪੀਲ ਕੀਤੀ ਜਾ ਰਹੀ ਹੈ। ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਨਰਾਇਣ ਸਿੰਘ ਚੌੜਾ ਨੂੰ ਪੰਥ ਵਿਚੋਂ ਛੇਕਣ ਦੀ ਮੰਗ ਵੀ ਉਠਾਈ ਗਈ ਹੈ। ਦਲ ਖਾਲਸਾ ਅਤੇ ਹੋਰ ਸਿੱਖ ਰੈਡੀਕਲ ਗਰੁੱਪ ਇਸ ਦਾ ਵਿਰੋਧ ਕਰ ਰਹੇ ਹਨ। ਉਹ ਸ. ਚੌੜਾ ਨੂੰ ਫਖ਼ਰ-ਏ-ਕੌਮ ਦਾ ਖਿਤਾਬ ਦੇਣ ਦੀ ਮੰਗ ਕਰਨ ਲੱਗੇ ਹਨ।


ਮਾਂ ਗੁਜਰੀ ਦੇ ਚੰਨ, ਭਗਤੀ ਤੇ ਸ਼ਕਤੀ ਦੇ ਮਜੱਸਮੇ, ਕਲਗੀਧਰ ਦਸਮ ਪਾਤਿਸ਼ਾਹ
ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ



ਲੰਗਰ ਦੀ ਸੇਵਾ
5 ਜਨਵਰੀ 2025 (ਐਤਵਾਰ)
ਗੁਰਦੁਆਰਾ ਸਾਹਿਬ ਪੈਲਾਟਾਈਨ
1280 Winnetka St, Palatine, IL 60067
(ਗੁਰੂ ਮਹਾਰਾਜ ਦੀ ਕਿਰਪਾ ਨਾਲ ਪਿਛਲੇ 8 ਸਾਲਾਂ ਤੋਂ ਹਰ ਸਾਲ ਗੁਰਪੁਰਬ ਮੌਕੇ ਕਲੱਬ ਵੱਲੋਂ ਲੰਗਰ ਦੀ ਸੇਵਾ ਜਾਰੀ ਹੈ। ਇਸ ਮੌਕੇ ਗੁਰੂ ਘਰ ਵਿਖੇ ਵਿਸ਼ੇਸ਼ ਸਮਾਗਮ ਹੋਣਗੇ। ਸੰਗਤ ਨੂੰ ਹੁੰਮ-ਹੁਮਾ ਕੇ ਪਹੁੰਚਣ ਦੀ ਬੇਨਤੀ ਹੈ ਜੀ)
ਮਾਤਾ ਗੁਜਰੀ ਜੀ ਅਤੇ ਚਾਰੇ ਸਾਹਿਬਜ਼ਾਦਿਆਂ ਦੀ
ਅਦੁੱਤੀ ਸ਼ਹਾਦਤ ਨੂੰ ਕੋਟਾਨਿ ਕੋਟਿ ਪ੍ਰਣਾਮ
ਸੇਵਾ: ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ, ਸ਼ਿਕਾਗੋ (USA)
ਸਮੂਹ ਕਲੱਬ ਮੈਂਬਰ ਅਤੇ ਸਹਿਯੋਗੀ ਸੇਵਾਦਾਰ

**ਬੌਕਸਿੰਗ ਦਾ ਸਿਤਾਰਾ...**

# ਕੰਵਰ ਵਿਰਾਜ ਖਹਿਰਾ ਬਣਿਆ 'ਸਿਲਵਰ ਗਲਵਜ਼ ਸਟੇਟ ਚੈਂਪੀਅਨ'

**ਸ਼ਿਕਾਗੋ:** ਜਦੋਂ ਕਿਸੇ ਬੱਚੇ ਨੂੰ ਜ਼ਿੰਦਗੀ ਵਿੱਚ ਦਿਸ਼ਾ ਮਿਲ ਜਾਵੇ ਤਾਂ ਉਸ ਦੇ ਕਦਮ ਆਪ-ਮੁਹਾਰੇ ਮੰਜ਼ਿਲ ਵੱਲ ਨੂੰ ਪੁਲਾਂਘਾਂ ਪੁੱਟਣ ਲੱਗ ਜਾਂਦੇ ਹਨ। ਖੇਤਰ ਚਾਹੇ ਕੋਈ ਵੀ ਹੋਵੇ, ਜਦੋਂ ਬੱਚਾ ਆਪਣੇ ਪੂਰੇ ਤਰੱਦਦ ਅਤੇ ਲਗਨ ਨਾਲ ਸਰਗਰਮ ਰਹੇ ਤਾਂ ਸਫਲਤਾ-ਦਰ-ਸਫਲਤਾ ਮਿਲਣੀ ਤੈਅ ਹੈ। ਇੰਜ ਹੀ ਨਿਆਣੀ ਉਮਰੇ ਬੌਕਸਿੰਗ ਚੈਂਪੀਅਨਸ਼ਿਪ ਵਿੱਚ 9 ਸਾਲ ਦੇ ਕੰਵਰ ਵਿਰਾਜ ਸਿੰਘ ਖਹਿਰਾ ਨੇ ਮੱਲ ਮਾਰੀ ਹੈ। ਇਲੀਨਾਏ ਸਟੇਟ ਚੈਂਪੀਅਨਸ਼ਿਪ-2024 ਦੇ 60 ਪੌਂਡ ਵਜ਼ਨ ਵਰਗ ਵਿੱਚ ਕੰਵਰ ਵਿਰਾਜ ਸਿੰਘ ਖਹਿਰਾ ਬੌਕਸਿੰਗ ਵਿੱਚ 'ਸਿਲਵਰ ਗਲਵਜ਼ ਸਟੇਟ ਚੈਂਪੀਅਨ' ਬਣਿਆ ਹੈ। ਇਹ ਚੈਂਪੀਅਨਸ਼ਿਪ ਲੰਘੀ 7 ਅਤੇ 8 ਦਸੰਬਰ 2024 ਨੂੰ ਇਲੀਨਾਏ ਦੇ ਸ਼ਹਿਰ ਰੌਕਫੋਰਡ ਵਿਖੇ ਹੋਈ ਸੀ। ਇਹ ਸਟੇਟ ਦਾ ਬੌਕਸਿੰਗ ਦੇ ਖੇਤਰ ਵਿੱਚ ਨੰਬਰ ਇੱਕ ਟੂਰਨਾਮੈਂਟ ਹੁੰਦਾ ਹੈ। ਵਿਰਾਜ ਖਹਿਰਾ ਇਸ ਚੈਂਪੀਅਨਸ਼ਿਪ ਸਬੰਧੀ ਹੋਏ ਟੂਰਨਾਮੈਂਟ ਵਿੱਚ '2024 ਪਾਵਰ ਗਲਵਜ਼ ਚੈਂਪੀਅਨ' ਵੀ ਚੁਣਿਆ ਗਿਆ ਸੀ, ਜੋ 22 ਤੋਂ 24 ਨਵੰਬਰ 2024 ਨੂੰ ਸ਼ਿਕਾਗੋ ਵਿੱਚ ਆਯੋਜਿਤ ਕੀਤਾ ਗਿਆ ਸੀ।

ਵਿਰਾਜ ਖਹਿਰਾ ਸਾਲ 2024 ਵਿੱਚ ਮੁੱਕੇਬਾਜ਼ੀ ਵਿੱਚ ਇਲੀਨਾਏ ਸਟੇਟ ਚੈਂਪੀਅਨਸ਼ਿਪ ਦਾ ਖਿਤਾਬ ਜਿੱਤਣ ਵਾਲਾ ਪਹਿਲਾ ਭਾਰਤੀ ਅਤੇ ਪੰਜਾਬੀ ਹੈ। ਵਿਰਾਜ ਨੇ 7 ਸਾਲ ਦੀ ਉਮਰ ਵਿੱਚ ਮੁੱਕੇਬਾਜ਼ੀ ਸ਼ੁਰੂ ਕਰ ਦਿੱਤੀ ਸੀ ਅਤੇ ਉਹ ਬੌਕਸਿੰਗ ਨੂੰ ਪੇਸ਼ੇਵਰ ਕਰੀਅਰ ਵਜੋਂ ਅਪਣਾ ਰਿਹਾ ਹੈ। ਵਿਰਾਜ ਸ਼ਿਕਾਗੋ ਦੀ ਸਬਰਬ ਐਲਜਿਨ ਵਿੱਚ ਯੂ.ਆਰ. ਬਾਕਸਿੰਗ ਜਿਮ ਵਿੱਚ ਆਪਣੀ ਸਿਖਲਾਈ ਅਤੇ ਅਭਿਆਸ ਕਰਦਾ ਹੈ। ਉਸ ਦੇ ਦੋ ਕੋਚ ਹਨ- ਉਰੀ ਅਤੇ ਅਨਵਰ।

ਤਿੰਨ ਤੋਂ ਪੰਜ ਜਨਵਰੀ 2025 ਨੂੰ ਰੌਕਫੋਰਡ ਵਿਖੇ ਹੋ ਰਹੀ 'ਰਿਜਨ-5 ਸਿਲਵਰ ਗਲਵਜ਼ ਬੌਕਸਿੰਗ ਚੈਂਪੀਅਨਸ਼ਿਪ' ਮੌਕੇ ਉਹ ਆਪਣੇ ਵਰਗ ਵਿੱਚ ਇਲੀਨਾਏ ਸਟੇਟ ਨੂੰ ਰੀਪ੍ਰੇਜ਼ੈਂਟ ਕਰੇਗਾ। 'ਰਿਜਨ-5' ਵਿੱਚ ਪੰਜ ਸਟੇਟਾਂ- ਇਲੀਨਾਏ, ਆਇਓਵਾ, ਕੈਨਸਸ, ਮਿਜ਼ੌਰੀ ਅਤੇ ਨਬਰਾਸਕਾ ਦੇ 'ਸਿਲਵਰ ਗਲਵਜ਼ ਸਟੇਟ ਚੈਂਪੀਅਨਾਂ' ਵਿਚਾਲੇ ਮੁਕਾਬਲਾ ਹੋਵੇਗਾ। ਜੇਕਰ ਵਿਰਾਜ ਖਹਿਰਾ ਇਸ ਮੁਕਾਬਲੇ ਵਿੱਚ ਜਿੱਤ ਜਾਂਦਾ ਹੈ ਤਾਂ ਉਹ ਯੂ.ਐਸ. ਨੈਸ਼ਨਲ ਲਈ ਚੁਣਿਆ ਜਾਵੇਗਾ।

ਸਾਊਥ ਐਲਜਿਨ ਵਿੱਚ ਰਹਿੰਦਾ ਵਿਰਾਜ ਖਹਿਰਾ ਪੰਜਾਬ ਦੇ ਜ਼ੀਰਾ ਨਾਲ ਸਬੰਧਤ ਹੈ। ਉਸ ਵੱਲੋਂ ਉਕਤ ਖਿਤਾਬ ਜਿੱਤਣ 'ਤੇ ਉਸ ਦੇ ਪਰਿਵਾਰਕ ਮੈਂਬਰਾਂ ਨੇ ਖੁਸ਼ੀ ਜਾਹਰ ਕਰਦਿਆਂ ਇਸ ਨੂੰ ਮਾਣਮੱਤੀ ਪ੍ਰਾਪਤੀ ਦੱਸਿਆ ਹੈ। ਉਨ੍ਹਾਂ ਮੁਤਾਬਕ ਵਿਰਾਜ ਹਾਲੇ ਫੋਰਥ ਸਟੈਂਡਰਡ ਵਿੱਚ ਪੜ੍ਹਦਾ ਹੈ, ਪਰ ਬੌਕਸਿੰਗ ਵਿੱਚ ਉਸ ਦੀ ਰੁਚੀ ਕਾਰਨ ਉਹ ਹਫਤੇ ਦੇ ਪੰਜ ਦਿਨ ਰੋਜ਼ਾਨਾ ਤਿੰਨ-ਤਿੰਨ ਘੰਟੇ ਅਭਿਆਸ ਕਰਦਾ ਹੈ। ਪ੍ਰੈਕਟਿਸ ਦੇ ਚੱਲਦਿਆਂ ਪਿਛਲੇ ਛੇ ਮਹੀਨੇ ਤੋਂ ਉਸ ਨੇ ਖਾਣ-ਪੀਣ ਦਾ ਵੀ ਖਿਆਲ ਰੱਖਿਆ ਅਤੇ ਕਿਸੇ ਕਿਸਮ ਦਾ ਫਸਟ-ਫੂਡ ਖਾਣ ਤੋਂ ਪ੍ਰਹੇਜ ਕੀਤਾ।






■ ਕੰਵਰ ਵਿਰਾਜ ਸਿੰਘ ਖਹਿਰਾ ਅਤੇ (ਸੱਜੇ) ਆਪਣੇ ਕੋਚ-ਉਰੀ ਤੇ ਅਨਵਰ ਨਾਲ





17115 W. Bluemound Rd, Suite D1, Brookfield, WI 53005

ਟੇਸਟ ਆਫ ਇੰਡੀਆ

ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ



BOLLYWOOD Grill

Restaurant - Bar - Banquet

1038 N. Jackson St,
Milwaukee, WI 53202

We Do Catering

ਅਸੀਂ ਕੇਟਰਿੰਗ ਵੀ ਕਰਦੇ ਹਾਂ

ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ

ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ

We Also Provide

Onsite Tandoor Service For Fresh Naan & KABABS and Onsite Fresh DOSA Service.

ਫੋਨ: 262-894-0913

ਜਾਂ 414-588-3325

# ਹਿੰਦੁਸਤਾਨੀ ਸੰਵਿਧਾਨ ਤੇ ਸੰਸਥਾਵਾਂ ਦੇ ਸੰਕਟ ਬਾਰੇ ਰੌਲੇ-ਰੱਪੇ ਜਾਰੀ

***ਵੰਨ-ਸਵੰਨੇ ਸੱਭਿਆਚਾਰਾਂ ਨੂੰ ਮਾਨਤਾ ਅਤੇ ਜਮਹੂਰੀ ਪਸਾਰੇ ਵਿੱਚ ਪਿਆ ਹੈ ਹੱਲ***

***ਸਿੱਖ ਸੰਸਥਾਵਾਂ ਨੂੰ ਵੀ ਨਵੀਂਆਂ ਹਾਲਤਾਂ ਮੁਤਾਬਕ ਪਏਗਾ ਢਲਣਾ***

ਪੰਜਾਬੀ ਪਰਵਾਜ਼ ਬਿਊਰੋ

ਭਾਰਤੀ ਸੰਵਿਧਾਨ 'ਤੇ ਇੱਕ ਵਾਰ ਫਿਰ ਬਹਿਸ ਛਿੜ ਗਈ ਹੈ। ਇਸ ਤੋਂ ਪਹਿਲਾਂ ਇਸੇ ਸਾਲ ਮਈ ਮਹੀਨੇ ਵਿੱਚ ਹੋਈਆਂ ਲੋਕ ਸਭਾ ਚੋਣਾਂ ਸਮੇਂ ਕਾਂਗਰਸ ਪਾਰਟੀ ਨੇ ਸੰਵਿਧਾਨ 'ਤੇ ਬਹਿਸ ਕੇਂਦਰਤ ਕਰ ਕੇ ਕੌਮੀ ਜਮਹੂਰੀ ਗੱਠਜੋੜ ਦੀ ਅਗਵਾਈ ਕਰ ਰਹੀ ਭਾਰਤੀ ਜਨਤਾ ਪਾਰਟੀ ਦੇ ਹਮਲਿਆਂ ਨੂੰ ਖੁੰਢਾ ਕੀਤਾ ਸੀ ਅਤੇ ਇਸ ਦਾ ਅਸਰ ਨਤੀਜਿਆਂ 'ਤੇ ਵੀ ਦਿਸਿਆ ਸੀ। ਫਿਰ ਹਰਿਆਣਾ, ਜੰਮੂ-ਕਸ਼ਮੀਰ, ਮਹਾਰਾਸ਼ਟਰ ਅਤੇ ਝਾਰਖੰਡ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਕਾਂਗਰਸ ਪਾਰਟੀ ਨੇ ਸੰਵਿਧਾਨ ਵਾਲੇ ਮੁੱਦੇ ਨੂੰ ਹੀ ਕੇਂਦਰੀ ਚੋਣ ਮੁੱਦਾ ਬਣਾਇਆ; ਪਰ ਰਾਜਾਂ ਦੀ ਪੱਧਰ 'ਤੇ ਇਹ ਮੁੱਦਾ ਕੋਈ ਕ੍ਰਿਸ਼ਮਾ ਨਹੀਂ ਵਿਖਾ ਸਕਿਆ। ਨਤੀਜਨ ਕਾਂਗਰਸ ਪਾਰਟੀ ਮਹਾਰਾਸ਼ਟਰ ਅਤੇ ਹਰਿਆਣਾ ਵਿੱਚ ਬੁਰੀ ਤਰ੍ਹਾਂ ਹਾਰੀ। ਜੰਮੂ-ਕਸ਼ਮੀਰ ਵਿੱਚ ਵੀ ਉਸ ਦੇ ਬਹੁਤੇ ਪੈਰ ਨਹੀਂ ਲੱਗੇ। ਹੁਣ ਸੰਸਦ ਦੇ ਚਾਲੂ ਸੈਸ਼ਨ ਵਿੱਚ ਭਾਰਤੀ ਸੰਵਿਧਾਨ ਦੇ 75ਵੇਂ ਸਥਾਪਨਾ ਦਿਵਸ 'ਤੇ ਸੰਵਿਧਾਨ 'ਤੇ ਕੇਂਦਰਿਤ ਬਹਿਸ ਮੁੜ ਤੋਂ ਸ਼ੁਰੂ ਹੋ ਗਈ ਹੈ। ਇਸ ਬਹਿਸ ਵਿੱਚ ਇੱਕ ਪਾਸੇ ਤਾਂ ਕਾਂਗਰਸ ਪਾਰਟੀ ਅਤੇ ਉਸ ਦੇ ਭਾਜਪਾ ਵਿਰੋਧੀ ਭਾਈਵਾਲ ਹਨ, ਜਿਨ੍ਹਾਂ ਦਾ ਆਖਣਾ ਹੈ ਭਾਰਤੀ ਜਨਤਾ ਪਾਰਟੀ ਆਮ ਆਦਮੀ ਨੂੰ ਤਾਕਤ ਦੇਣ ਵਾਲੇ ਭਾਰਤੀ ਸੰਵਿਧਾਨ ਨੂੰ ਖਤਮ ਕਰ ਕੇ ਮੰਨੂੰ ਸਿਮਰਤੀ ਨੂੰ ਲਾਗੂ ਕਰਨਾ ਚਾਹੁੰਦੀ ਹੈ। ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਵੀ ਸੰਵਿਧਾਨ ਦੇ ਮਾਮਲੇ 'ਤੇ ਹੁਣ ਹਮਲਾਵਰ ਹੋਣ ਦਾ ਯਤਨ ਕਰ ਰਹੀ ਹੈ।

ਇਸ ਮੁੱਦੇ 'ਤੇ ਗੱਲ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਪਿਛਲੇ 75 ਸਾਲਾਂ ਵਿੱਚ ਕਾਂਗਰਸ ਪਾਰਟੀ ਨੇ ਦੇਸ਼ 'ਤੇ 55 ਸਾਲ ਰਾਜ ਕੀਤਾ ਹੈ ਅਤੇ ਸੰਵਿਧਾਨ ਵਿੱਚ ਸਭ ਤੋਂ ਵੱਧ ਸੋਧਾਂ ਕਰਕੇ ਇਸ ਦਾ ਸਰੂਪ ਵਿਗਾੜਿਆ ਹੈ। ਉਨ੍ਹਾਂ ਹੋਰ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਹੀ ਧਾਰਾ 356 ਦੀ ਸਭ ਤੋਂ ਵੱਧ ਵਾਰ ਦੁਰਵਰਤੋਂ ਕੀਤੀ ਗਈ ਅਤੇ ਰਾਜ ਸਰਕਾਰਾਂ ਤੋੜੀਆਂ ਗਈਆਂ। ਬਹਿਸ ਦੇ ਦੂਜੇ ਦਿਨ 13 ਦਸੰਬਰ ਨੂੰ 26 ਬੁਲਾਰੇ ਬੋਲੇ। ਵੱਖ-ਵੱਖ ਪਾਰਟੀਆਂ ਦੇ ਇਨ੍ਹਾਂ ਬੁਲਾਰਿਆਂ ਵੱਲੋਂ ਰਾਖਵਾਂਕਰਣ, ਸਿਆਸਤ, ਪ੍ਰਸ਼ਾਸਨ, ਸਮੂਹਿਕ ਵਿਕਾਸ ਅਤੇ ਪਹਿਲੀਆਂ ਸਰਕਾਰਾਂ ਵੱਲੋਂ ਅਪਣਾਈਆਂ ਗਈਆਂ ਗਲਤ ਨੀਤੀਆਂ ਸਮੇਤ ਬਹੁਤ ਸਾਰੇ ਮੁੱਦੇ ਉਠਾਏ ਗਏ।

ਭਾਰਤੀ ਜਨਤਾ ਪਾਰਟੀ ਦੇ ਆਗੂ ਅਤੇ ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਇਸ ਮਸਲੇ 'ਤੇ ਬਹਿਸ ਸ਼ੁਰੂ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਦੇ ਆਗੂ ਸੰਵਿਧਾਨ ਦੀਆਂ ਕਾਪੀਆਂ ਹਮੇਸ਼ਾ ਆਪਣੇ ਖੀਸਿਆਂ ਵਿੱਚ ਪਾਈ ਰੱਖਦੇ ਹਨ ਅਤੇ ਇਸ ਪਵਿੱਤਰ ਦਸਤਾਵੇਜ਼ ਦਾ ਨਿਰਾਦਰ ਕਰਦੇ ਹਨ, ਜਦਕਿ ਭਾਰਤੀ ਜਨਤਾ ਪਾਰਟੀ ਨੇ ਭਾਵੇਂ ਇਸ ਨੂੰ 'ਸ਼ੋਅ ਪੀਸ' ਨਹੀਂ ਬਣਾਇਆ ਪਰ ਹਮੇਸ਼ਾ ਇਸ ਦੇ ਅਸੂਲਾਂ ਅਤੇ ਸੰਕਲਪਾਂ ਨੂੰ ਲਾਗੂ ਕੀਤਾ ਹੈ। ਉਨ੍ਹਾਂ ਹੋਰ ਕਿਹਾ ਕਿ ਭਾਰਤੀ ਜਨਤਾ ਪਾਰਟੀ ਨੇ ਕਦੀ ਵੀ ਜਮਹੂਰੀ ਸੰਸਥਾਵਾਂ ਨੂੰ ਕਮਜ਼ੋਰ ਨਹੀਂ ਕੀਤਾ ਅਤੇ ਅਸੀਂ ਆਪਣੀ



ਸ਼ਨੀਵਾਰ ਨੂੰ ਸੰਸਦ 'ਚ ਸੰਵਿਧਾਨ ਤੇ ਮਨੁਸਮ੍ਰਿਤੀ ਦੀਆਂ ਕਾਪੀਆਂ ਦਿਖਾਉਂਦੇ ਹੋਏ ਰਾਹੁਲ ਗਾਂਧੀ

ਕਹਿਣੀ ਤੇ ਕਥਨੀ ਵਿੱਚ ਹਮੇਸ਼ਾ ਸੰਵਿਧਾਨ ਵਿੱਚ ਦਰਜ ਸੰਕਲਪਾਂ ਨੂੰ ਲਾਗੂ ਕਰਦੇ ਹਾਂ। ਕਾਂਗਰਸ ਪਾਰਟੀ ਵੱਲੋਂ ਮੈਂਬਰ ਪਾਰਲੀਮੈਂਟ ਪ੍ਰਿਯੰਕਾ ਗਾਂਧੀ ਨੇ ਕਿਹਾ ਕਿ ਸੰਵਿਧਾਨ ਨੇ ਲੋਕਾਂ ਨੂੰ ਸਰਕਾਰ ਬਣਾਉਣ ਜਾਂ ਤੋੜਨ ਦੀ ਤਾਕਤ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਾਡਾ ਸੰਵਿਧਾਨ ਨਿਆਂ ਅਤੇ ਏਕਤਾ ਲਈ ਇੱਕ ਕਵਚ ਪ੍ਰਦਾਨ ਕਰਦਾ ਹੈ ਅਤੇ ਭਾਰਤੀ ਜਨਤਾ ਪਾਰਟੀ ਇਸ ਨੂੰ ਤੋੜਨ ਦਾ ਯਤਨ ਕਰ ਰਹੀ ਹੈ। ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਅਗਲੇ ਦਿਨ ਆਪਣੇ ਭਾਸ਼ਨ ਵਿੱਚ ਆਰ.ਐਸ.ਐਸ. ਦੇ ਮਰਹੂਮ ਆਗੂ ਸਾਵਰਕਰ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਨ੍ਹਾਂ ਸੰਵਿਧਾਨ ਦਾ ਵਿਰੋਧ ਕੀਤਾ ਸੀ। ਸਾਵਰਕਰ ਨੇ ਕਿਹਾ ਸੀ ਕਿ ਸੰਵਿਧਾਨ ਵਿੱਚ ਕੁਝ ਵੀ ਹਿੰਦੁਸਤਾਨੀ ਨਹੀਂ ਹੈ। ਉਨ੍ਹਾਂ ਪੁੱਛਿਆ ਕਿ ਕੀ ਅੱਜ ਵੀ ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਦੇ ਆਗੂ ਆਪਣੇ ਲੀਡਰ ਦੇ ਸ਼ਬਦਾਂ 'ਤੇ ਖੜ੍ਹੇ ਹਨ? ਤੁਸੀਂ ਉਸ ਦੇ ਵਿਚਾਰਾਂ ਦੇ ਵਿਰੋਧੀ ਹੋ ਕਿ ਹਮਾਇਤੀ?

ਉਧਰੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਹੱਲੇ ਦਾ ਜਵਾਬ ਦਿੰਦਿਆਂ ਕਿਹਾ ਕਿ ਕਾਂਗਰਸ ਨੇ, ਵਿਸ਼ੇਸ਼ ਕਰਕੇ ਨਹਿਰੂ-ਗਾਂਧੀ ਪਰਿਵਾਰ ਨੇ ਸੰਵਿਧਾਨ ਦੇ ਬੁਨਿਆਦੀ ਆਧਾਰਾਂ ਨੂੰ ਤੋੜ-ਮਰੋੜ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਇੱਕ ਪਰਿਵਾਰ ਨੇ ਭਾਰਤੀ ਸੰਵਿਧਾਨ ਨੂੰ ਨੁਕਸਾਨ ਪਹੁੰਚਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਹੁਣ ਵੀ ਇਹ ਪਰਿਵਾਰ ਅਤੇ ਪਾਰਟੀ ਆਪਣੀ ਵਿਚਾਰਧਾਰਾ ਵਿੱਚ ਪਏ ਕਜ਼ਾਂ ਨੂੰ ਦਰੁਸਤ ਕਰਨ ਵਿੱਚ ਕੋਈ ਦਿਲਚਸਪੀ ਨਹੀਂ ਵਿਖਾ ਰਹੇ, ਜਦਕਿ ਭਾਰਤੀ ਜਨਤਾ ਪਾਰਟੀ ਨੇ ਦੇਸ਼ ਦੀ ਵਿਕਾਸ ਯਾਤਰਾ ਵਿੱਚ ਸਭ ਨੂੰ ਸ਼ਾਮਲ ਕੀਤਾ ਹੈ।

ਇੱਥੇ ਦਿਲਚਸਪ ਤੱਥ ਇਹ ਹੈ ਕਿ ਦੋਹਾਂ ਪਾਰਟੀਆਂ ਨੇ ਆਪੋ ਆਪਣੀ ਸਿਆਸਤ ਮੁਤਾਬਕ ਸੰਵਿਧਾਨ ਵਿੱਚ ਅਨੇਕਾਂ ਸੋਧਾਂ ਕੀਤੀਆਂ ਹਨ ਅਤੇ ਅਗਾਂਹ ਵੀ ਕਰਨ ਦੀਆਂ ਇੱਛੁਕ ਹਨ। ਫਿਰ ਵੀ ਇਹ ਪਾਰਟੀਆਂ ਇਸ ਦੀ ਰਾਖੀ ਦੇ ਦਾਅਵੇ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਦੀਆਂ। ਕਾਂਗਰਸ ਕਿਉਂਕਿ ਸੱਤਾ ਤੋਂ ਬਾਹਰ ਹੈ, ਇਸ ਲਈ ਉਸ ਨੂੰ ਸੰਵਿਧਾਨ ਦੀ ਰਾਖੀ ਦਾ ਵਧੇਰੇ ਹੇਜ਼ ਆਉਂਦਾ ਹੈ; ਪਰ ਭਾਜਪਾ ਸੱਤਾ ਵਿੱਚ ਹੋਣ ਕਾਰਨ ਸੰਵਿਧਾਨ ਦਾ ਨੱਕ ਆਪਣੀ ਘੱਟਗਿਣਤੀਆਂ ਵਿਰੋਧੀ ਬਹੁਸੰਖਿਅਕ ਸਿਆਸਤ ਵੱਲ ਮੋੜਨਾ ਚਾਹੁੰਦੀ ਹੈ। ਭਾਰਤੀ ਜਨਤਾ ਪਾਰਟੀ ਸੱਤਾ ਵਿੱਚ ਆਉਣ ਲਈ ਹਿੰਦੂਤਵਵਾਦ ਦੀ ਸ਼ੱਰੇਆਮ ਵਰਤੋਂ ਕਰ ਰਹੀ ਹੈ। ਇਸ ਪ੍ਰਚਾਰ ਵਿੱਚ ਇਹ ਪਾਰਟੀ ਕਿਸੇ ਵੀ ਨੀਂਵੇਂ ਹੱਦ ਤੱਕ ਜਾ ਸਕਦੀ ਹੈ। ਜਿਵੇਂ ਕਿ ਹਾਲ ਹੀ ਵਿੱਚ ਹੋਈਆਂ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਵਿੱਚ ਸਾਹਮਣੇ ਆਇਆ ਹੈ; ਪਰ ਅਜੋਕੀ ਕਾਂਗਰਸ ਪਾਰਟੀ ਮਹਾਤਮਾ ਗਾਂਧੀ ਵਾਲੇ ਲਿਬਰਲ ਹਿੰਦੂਤਵ ਦਾ ਸਹਾਰਾ ਲੈ ਰਹੀ ਹੈ। ਇਸ ਪੱਖੋਂ ਘੱਟਗਿਣਤੀਆਂ, ਖਾਸ ਕਰਕੇ ਮੁਸਲਮਾਨਾਂ ਅਤੇ ਸਿੱਖਾਂ ਲਈ ਭਾਰਤੀ ਜਨਤਾ ਪਾਰਟੀ ਦੀ ਸਮਕਾਲੀ ਪਹੁੰਚ ਕਾਂਗਰਸ ਨਾਲੋਂ ਵਧੇਰੇ ਖਤਰਨਾਕ ਹੈ; ਪਰ ਭਾਰਤੀ ਜਮਹੂਰੀ ਪ੍ਰਬੰਧ ਨੇ ਆਪਣੀ ਉਮਰ ਜੇ ਲੰਬੀ ਕਰਨੀ ਹੈ ਤਾਂ ਇਸ ਨੂੰ ਸੰਵਿਧਾਨ ਦੀ ਰਾਖੀ ਤੋਂ ਇਲਾਵਾ ਇਸ ਦਾ ਮੁੱਖ ਝੁਕਾਅ ਕੇਂਦਰਵਾਦ ਤੋਂ ਵਿਕੇਂਦਰਵਾਦ ਵੱਲ ਰੱਖਣਾ ਪਏਗਾ। ਫੈਡਰਲਿਜ਼ਮ ਅਤੇ ਜਮਹੂਰੀ ਅਮਲ ਨੂੰ ਵਿਅਕਤੀਆਂ ਦੀ ਸੁਤੰਤਰਤਾ (ਸਾਵਰਨਿਟੀ) ਤੱਕ ਪਸਾਰਨਾ ਪਏਗਾ। ਦੁਨੀਆਂ ਦਾ ਰਾਜਨੀਤਿਕ ਵਿਕਾਸ ਰੱਬ/ਬਾਦਸ਼ਾਹ/ਡਿਕਟੇਟਰ ਤੋਂ ਫੈਡਰਲਿਜ਼ਮ, ਕਨਫੈਡਰਿਲਿਜ਼ਮ ਅਤੇ ਅਖੀਰ ਵਿਅਕਤੀਆਂ ਦੀ ਸੁਤੰਤਰਤਾ ਵੱਲ ਜਾ ਰਿਹਾ ਹੈ। ਇਸ ਬ੍ਰਹਿਮੰਡ, ਸ੍ਰਿਸ਼ਟੀ ਅਤੇ ਕੁਦਰਤ ਦਾ ਵਿਕਾਸ ਵੀ ਇੱਕ ਤੋਂ ਅਨੇਕਤਾ ਵੱਲ ਹੋਇਆ ਹੈ, ਪਰ ਇਹ ਅਨੇਕਤਾ ਕਿਸੇ ਅਦਿੱਖ ਏਕਤਾ ਵਿੱਚ ਬੱਝੀ ਹੋਈ ਹੈ। ਇਸੇ ਨੂੰ ਗੁਰੂ ਨਾਨਕ ਦੇਵ ਜੀ ਨੇ 'ਵਿਸਮਾਦ' ਦਾ ਨਾਂ ਦਿੱਤਾ ਹੈ; ਭਾਵ ਜਿੱਥੇ ਅੰਤਹੀਣ ਅਨੇਕਤਾ ਅਦਿੱਖ ਅੰਤਰਸੰਬਧਾਂ ਵਿੱਚ ਬੱਝੀ ਇੱਕ ਹੈਰਤਅੰਗੇਜ਼ ਖੇਡ, ਖੇਡ ਰਹੀ ਹੈ। ਸਿਆਣੇ ਮਨੁੱਖਾਂ, ਪੈਗੰਬਰਾਂ, ਫਿਲਾਸਫਰਾਂ ਅਤੇ ਵਿਦਵਾਨਾਂ ਨੇ ਹਮੇਸ਼ਾ ਕੁਦਰਤ ਦੀਆਂ ਅਬੁੱਝ ਰਮਜ਼ਾਂ ਨੂੰ ਬੁੱਝ ਕੇ ਉਨ੍ਹਾਂ ਨੂੰ ਸਮਾਜ ਵਿੱਚ ਅਪਨਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਦ੍ਰਿਸ਼ਟੀ ਤੋਂ ਭਾਰਤੀ ਸੰਵਿਧਾਨ ਅਤੇ ਸੰਸਥਾਵਾਂ ਨੂੰ ਬਚਾਉਣ ਦਾ ਮਸਲਾ ਹੀ ਇਸ ਦਾ ਸੰਕਟ ਮੋਚਨ ਨਹੀਂ ਹੈ, ਸਗੋਂ ਇਨ੍ਹਾਂ ਨੂੰ ਹੋਰ ਵਿਕਸਤ ਕਰਨਾ ਵੀ ਅੱਜ ਦੇ ਵੱਡੇ ਸਿਆਸੀ ਆਗੂਆਂ ਅਤੇ ਵਿਦਵਾਨਾਂ ਦੀ ਜ਼ਿੰਮੇਵਾਰੀ ਹੈ। ਇਹ ਇੱਕ ਅਣਸਰਦੀ ਲੋੜ ਹੈ। ਹਿੰਦੁਸਤਾਨੀ ਸੰਵਿਧਾਨ ਨੂੰ ਇਸ ਦੀਆਂ ਸਮਾਜਕ ਅਤੇ ਸੱਭਿਆਚਾਰਕ ਵੰਨ-ਸਵੰਨਤਾ ਦੇ ਮੁਤਾਬਕ ਢਾਲਣਾ ਅਤੇ ਲਾਗੂ ਕਰਨਾ ਬੇਹੱਦ ਅਹਿਮ ਹੈ। ਜੇ ਇਸ ਦੇ ਉਲਟ ਤੁਰੋਗੇ, ਭਾਵ ਜਮਹੂਰੀਅਤ ਦੇ ਪਰਦੇ ਹੇਠ ਡਿਕਟੇਟਰਸ਼ਿਪ ਲਾਗੂ ਕਰਨ ਦਾ ਯਤਨ ਕਰੋਗੇ, ਜਿਵੇਂ ਭਾਜਪਾ ਕਰ ਰਹੀ ਹੈ, ਤਾਂ ਹਾਲ ਸੀਰੀਆ ਤੋਂ ਵੱਖਰਾ ਨਹੀਂ ਹੋਏਗਾ, ਜਿੱਥੇ ਸੱਤਾ ਤਾਸ਼ ਦੇ ਪੱਤਿਆਂ ਵਾਂਗ ਖਿਲਰ ਗਈ ਹੈ। ਇਸ ਦੇ ਵਾਪਰਨ ਵਿੱਚ ਦੇਰ-ਸਵੇਰ ਹੋ ਸਕਦੀ ਹੈ। ਇਸ ਫਾਰਮੂਲੇ ਦਾ ਇਹੋ ਸਿੱਟਾ ਨਿਕਲੇਗਾ। ਇਸੇ ਤਰ੍ਹਾਂ ਸਿੱਖ ਸਮਾਜ ਅਤੇ ਸੰਸਥਾਵਾਂ ਨੂੰ ਵੀ ਆਪਣੇ ਆਪ ਨੂੰ ਨਵੇਂ ਹਾਲਾਤ ਮੁਤਾਬਕ ਢਾਲਣਾ ਪਏਗਾ। ਇਸ ਦੇ ਨਾਲ ਨਾਲ ਭਾਰਤੀ ਸੰਵਿਧਾਨ ਨੂੰ ਇਨ੍ਹਾਂ ਦੀ ਵਿਲੱਖਣਤਾ ਨੂੰ ਬਰਦਾਸ਼ਤ ਕਰਨ ਦਾ ਮਾਦਾ ਵੀ ਪੈਦਾ ਕਰਨਾ ਹੋਏਗਾ।


Prepare for Tomorrow Now With Comprehensive Retirement Planning

■Annuities ■Life Insurance ■Long-Term Care
■Medicare Planning ■Disability Income



Call Gurpreet Singh
*Retirement and Insurance Advisor*
Cell: 630-677-6144
Email: Preetisingh@ffig.com

FUTURITY FIRST
Retirement | Life | Health

Futurity First Insurance Group



Hiring Local & Midwest Drivers and Dedicated Lanes & Owner Operators



NT corp
4800 Vernon Ave,
Ste. C,
McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ



HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ
ਵਧੀਆ ਕਿਸਮ ਦੇ ਟਾਇਰ
ਲੈਣ ਲਈ ਸੰਪਰਕ ਕਰੋ

*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*

Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

**18**
**JAN 2025**
10 AM - 2 PM

**NATIONAL INDIA HUB**
930 National Parkway,
Schaumburg, IL 60173

# PCS DRAWING CONTEST

Theme: Pind Di Saver- ਪਿੰਡ ਦੀ ਸਵੇਰ “Shaa-vela” in Punjab

**REGISTER NOW!**

More Information at:
**WWW.PCSCHICAGO.ORG**



**Categories:**
- **Ages 5 - 10**
- **Ages 11 - 16**

**WIN EXCITING PRIZES!!**
**Ages 5 - 10:** $100, $50, $25
**Ages 11 - 16:** $250, $100, $50

- **One Drawing per participant, original artwork based on theme or provided template.**
- **The main theme is ‘Punjabi Culture’ – “Pind Di Saver- ਪਿੰਡ ਦੀ ਸਵੇਰ”/ “Shaa- Vela”.**
- **All contestants will be judged on their original style and artistic value.**
- **Drawings must be original and authentic.**
- **Any medium is accepted: pencil, charcoal, watercolor, oil, etc. Please note Pastels or charcoal entries must be properly sprayed to prevent smearing.**
- **Photographs and computer-generated artwork will not be accepted.**
- **A coded drawing sheet and basic coloring supplies will be provided to all the participants on the contest day, participant can bring their own coloring supplies with them.**
- **Lunch will be provided to all participants and family members.**

PCS is a non-profit 501 (c)(3) organization promoting Punjabi culture, language, Performing Arts, education, good citizenship, healthy life style and sports.

ਚਿੰਤਨ




ਤਰਲੋਚਨ ਸਿੰਘ ਭੱਟੀ
ਸਾਬਕਾ ਪੀ.ਸੀ.ਐਸ. ਅਧਿਕਾਰੀ
ਫੋਨ:91-9876502607


# ਦੁਨੀਆ ਦਾ ਅੰਤ ਕਦੋਂ ਅਤੇ ਕਿਵੇਂ?

1991 ਵਿੱਚ ਸ਼ੀਤ ਯੁੱਧ ਦੇ ਅੰਤ ਤੋਂ ਬਾਅਦ, ਵੱਖ-ਵੱਖ ਫੌਜੀ ਸੰਘਰਸ਼, ਖਾਸ ਤੌਰ 'ਤੇ 2022 ਤੋਂ ਚੱਲ ਰਹੇ ਯੂਕਰੇਨ 'ਤੇ ਰੂਸੀ ਹਮਲੇ ਦੇ ਨਾਲ ਨਾਲ ਸੰਯੁਕਤ ਰਾਜ ਅਮਰੀਕਾ ਅਤੇ ਚੀਨ ਵਿਚਕਾਰ ਵੱਧ ਰਹੇ ਭੂ-ਰਾਜਨੀਤਿਕ ਤਣਾਅ, ਇਜ਼ਰਾਇਲ, ਫਲਸਤੀਨ, ਲਿਬਰਾਨ ਅਤੇ ਈਰਾਨ ਵਿਚਾਲੇ ਫੌਜੀ ਟਕਰਾਅ ਨੂੰ ਵਿਗਿਆਨੀ, ਮੀਡੀਆ ਅਤੇ ਭਵਿੱਖਬਾਣੀ ਕਰਤਾਵਾਂ ਵੱਲੋਂ ਹੋ ਰਹੀ ਜਾਂ ਹੋਣ ਵਾਲੀ ਤੀਸਰੇ ਵਿਸ਼ਵ ਯੁੱਧ ਬਾਰੇ ਫਿਕਰਮੰਦੀ ਜ਼ਾਹਰ ਕੀਤੀ ਜਾ ਰਹੀ ਹੈ। ਦੂਜੇ ਵਿਸ਼ਵ ਯੁੱਧ ਦੇ ਅੰਤ ਵਿੱਚ ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਪ੍ਰਮਾਣੂ ਬੰਬ ਧਮਾਕਿਆਂ ਵਿੱਚ ਸੰਯੁਕਤ ਰਾਜ ਅਮਰੀਕਾ ਦੁਆਰਾ ਪ੍ਰਮਾਣੂ ਬੰਬਾਂ ਦੀ ਵਰਤੋਂ ਤੋਂ ਬਾਅਦ ਇੱਕ ਪ੍ਰਮਾਣੂ ਸਾਕਾ ਦੁਨੀਆਂ ਦੀ ਤਬਾਹੀ ਜਾਂ ਮਨੁੱਖਤਾ ਦੇ ਅੰਤ ਦਾ ਸਭ ਤੋਂ ਵੱਡਾ ਕਾਰਨ ਬਣਦਾ ਲੱਗ ਰਿਹਾ ਹੈ। ਅਮਰੀਕਾ-ਰੂਸ, ਚੀਨ-ਰੂਸ ਜਾਂ ਹੋਰ ਦੇਸ਼ਾਂ ਵਿਚਾਲੇ ਵੱਧ ਰਿਹਾ ਫੌਜੀ ਅਤੇ ਰਾਜਨੀਤਿਕ ਤਣਾਅ ਲੋਕਾਂ ਦੇ ਇਸ ਸਹਿਮ ਨੂੰ ਪੁਖਤਾ ਕਰਦਾ ਹੈ ਕਿ ਕਦੇ ਵੀ ਤੀਜਾ ਵਿਸ਼ਵ ਯੁੱਧ ਸ਼ੁਰੂ ਹੋ ਸਕਦਾ ਹੈ; ਸਗੋਂ ਲੋਕ ਤਾਂ ਮੰਨਦੇ ਹਨ ਕਿ ਤੀਸਰਾ ਵਿਸ਼ਵ ਯੁੱਧ ਸ਼ੁਰੂ ਹੋ ਚੁੱਕਾ ਹੈ, ਜਿਸਨੂੰ ਰੋਕਿਆ ਨਾ ਗਿਆ ਤਾਂ ਦੁਨੀਆ ਦਾ ਅੰਤ ਵੀ ਹੋ ਸਕਦਾ ਹੈ। 1949 ਵਿੱਚ ਦੂਜੇ ਵਿਸ਼ਵ ਯੁੱਧ ਦੇ ਅੰਤ ਵਿੱਚ ਪ੍ਰਮਾਣੂ ਹਥਿਆਰਾਂ ਨੂੰ ਛੱਡਣ ਤੋਂ ਬਾਅਦ ਭੌਤਿਕ ਵਿਗਿਆਨੀ ਅਲਬਰਟ ਆਇਨਸਟਾਈਨ ਨੇ ਸੁਝਾਅ ਦਿੱਤਾ ਸੀ ਕਿ ਸੰਭਾਵਿਤ ਤੀਜੇ ਵਿਸ਼ਵ ਯੁੱਧ ਦਾ ਕੋਈ ਵੀ ਨਤੀਜਾ ਮਨੁੱਖੀ ਸੱਭਿਅਤਾ ਦਾ ਵਿਨਾਸ਼ ਕਰਕੇ ਸਮੁੱਚੀ ਮਨੁੱਖ ਜਾਤੀ ਨੂੰ ਪੱਥਰਯੁੱਗ ਵਿੱਚ ਬਦਲ ਸਕਦਾ ਹੈ।

ਪਬਲਿਕ ਡੋਮੇਨ ਵਿੱਚ ਉਪਲੱਬਧ ਜਾਣਕਾਰੀ ਅਨੁਸਾਰ ਦੁਨੀਆਂ ਵਿੱਚ 15,000 ਦੇ ਕਰੀਬ ਪ੍ਰਮਾਣੂ ਹਥਿਆਰ ਹਨ, ਜਿਨ੍ਹਾਂ ਵਿੱਚੋਂ 20% ਨੂੰ ਲੰਚਿੰਗ ਪੈਡ ਉੱਤੇ ਰਖਿਆ ਗਿਆ ਹੈ, ਜਿਸ ਨੂੰ ਉੱਚਤਮ ਸਮਰਥ ਅਥਾਰਟੀ ਹੁਕਮ ਨਾਲ ਕਦੇ ਵੀ ਚਲਾਇਆ ਜਾ ਸਕਦਾ ਹੈ। 90% ਪ੍ਰਮਾਣੂ ਹਥਿਆਰ ਰੂਸ ਅਤੇ ਅਮਰੀਕਾ ਪਾਸ ਹਨ। ਯਾਦ ਰਹੇ, ਦੂਸਰੇ ਵਿਸ਼ਵ ਯੁੱਧ ਦੌਰਾਨ ਹੀਰੋਸ਼ੀਮਾ ਅਤੇ ਨਾਗਾਸਾਕੀ ਉਤੇ ਦੋ ਐਟਮ ਬੰਬਾਂ ਨਾਲ ਲਗਭਗ 4 ਲੱਖ ਲੋਕ ਮਰੇ ਜਾਂ ਜਖਮੀ ਹੋਏ। ਸ਼ਾਂਤੀ ਦੇ ਖੇਤਰ ਵਿੱਚ ਸਾਲ 2024 ਦਾ ਨੋਬਲ ਪੀਸ ਪ੍ਰਾਈਜ਼ (ਨੋਬਲ ਸ਼ਾਂਤੀ ਪੁਰਸਕਾਰ) ਹੀਰੋਸ਼ੀਮਾ ਅਤੇ ਨਾਗਾਸਾਕੀ ਐਟਮ ਬੰਬਾਂ ਦੀ ਤਬਾਹੀ ਵਿੱਚ ਬਚੇ ਰਹੇ ਜਪਾਨੀ ਲੋਕਾਂ ਦੇ ਗਰੁੱਪ ਨੂੰ 10 ਦਸੰਬਰ 2024 ਦਿੱਤਾ ਗਿਆ ਹੈ। ਸਨਮਾਨ ਪ੍ਰਾਪਤ ਕਰਨ ਵਾਲੇ ਗਰੁੱਪ ਦੇ ਮੈਂਬਰ ਤੈਰੂਮੀ ਤਾਨਕਾ ਨੇ ਨੋਬਲ ਪ੍ਰਾਈਜ਼ ਪ੍ਰਾਪਤ ਕਰਦੇ ਹੋਏ ਸਮੇਂ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਸੰਸਾਰ ਨੂੰ ਪ੍ਰਮਾਣੂ ਰਹਿਤ ਬਣਾਇਆ ਜਾਵੇ।

ਪ੍ਰਮਾਣੂ ਬੰਬਾਂ ਦੀ ਤਬਾਹੀ ਤੋਂ ਇਲਾਵਾ ਅੰਦਾਜ਼ਨ ਪੰਜ ਅਰਬ ਲੋਕ ਭੁੱਖਮਰੀ ਨਾਲ ਮਰ ਸਕਦੇ ਹਨ। ਉਭਰਦੀਆਂ ਵਿਗਿਆਨਕ ਤਕਨੀਕਾਂ ਜਿਵੇਂ ਬਣਾਉਟੀ ਬੁੱਧੀ (ਏ.ਆਈ. ਯਾਨਿ ਆਰਟੀਫਿਸ਼ੀਅਲ ਇੰਟੈਲੀਜੈਂਸ) ਆਉਣ ਵਾਲੇ ਦਹਾਕਿਆਂ ਵਿੱਚ ਕਲਪਨਾਤਮਕ ਤੌਰ 'ਤੇ ਵਧੇਰੇ ਤਬਾਹੀ ਅਤੇ ਜ਼ੋਖਮ ਪੈਦਾ ਕਰ ਸਕਦੀਆਂ ਹਨ। ਸਾਇਬਰ ਯੁੱਧ ਕਿਸੇ ਰਾਸ਼ਟਰ ਰਾਜ ਜਾਂ ਅੰਤਰਰਾਸ਼ਟਰੀ ਸੰਗਠਨ ਦੁਆਰਾ ਵਿਰੋਧੀ ਰਾਸ਼ਟਰ ਦੀ ਸੂਚਨਾ ਨੈਟਵਰਕਾਂ ਅਤੇ ਕੰਪਿਊਟਰਾਂ 'ਤੇ ਹਮਲਾ ਕਰਨ ਅਤੇ ਨਸ਼ਟ ਕਰਨ ਲਈ ਤਕਨਾਲੋਜੀ ਦਾ ਸ਼ੋਸ਼ਣ ਹੈ। ਸਾਇਬਰ ਹਮਲਿਆਂ ਦਾ ਵੱਧ ਜਾਣਾ ਤੀਜੇ ਵਿਸ਼ਵ ਯੁੱਧ ਦੀ ਸੰਭਾਵਨਾ ਅਤੇ ਤਬਾਹੀ ਨੂੰ ਮਜਬੂਤ ਕਰਦੇ ਹਨ। ਏ.ਆਈ. ਹਥਿਆਰਾਂ ਦੇ ਦੌਰ ਦਾ ਇੱਕ ਸੰਭਾਵੀ ਖਤਰਾ ਸਿਸਟਮਾਂ ਦਾ ਕੰਟਰੋਲ ਗੁਆਉਣ ਦੀ ਸੰਭਾਵਨਾ ਦੇ ਖਤਰੇ ਨੂੰ ਵਧਾਉਂਦਾ ਹੈ।

1940 ਦੇ ਦਹਾਕੇ ਤੋਂ ਹੀ ਅਣਗਿਣਤ ਕਿਤਾਬਾਂ, ਖੋਜ-ਪੱਤਰਾਂ, ਫਿਲਮਾਂ ਅਤੇ ਟੈਲੀਵਿਜ਼ਨ ਪ੍ਰੋਗਰਾਮਾਂ ਨੇ ਪ੍ਰਮਾਣੂ ਹਥਿਆਰਾਂ ਅਤੇ ਤੀਜੇ ਵਿਸ਼ਵ ਯੁੱਧ ਦੇ ਥੀਮ ਦਾ ਜ਼ਿਕਰ ਕੀਤਾ ਹੈ ਕਿ ਪ੍ਰਮਾਣੂ ਹਥਿਆਰ ਆਧੁਨਿਕਤਾ ਦੇ ਸਭ ਤੋਂ ਭੈੜੇ ਪ੍ਰਤੀਕ ਹਨ। ਵਿਲੀਅਮ ਫ਼ਾਲਕਨਰ ਨੂੰ 1949 ਵਿੱਚ ਸਾਹਿਤ ਨੋਬਲ ਪ੍ਰਾਈਜ਼ ਦਿੱਤਾ ਗਿਆ, ਜਿਸ ਨੇ ਆਪਣੀਆਂ ਰਚਨਾਵਾਂ ਵਿੱਚ ਸ਼ੀਤ ਯੁੱਗ ਦੇ ਵਿਸ਼ਿਆ ਬਾਰੇ ਗੱਲ ਕੀਤੀ ਸੀ। ਨੋਬਲ ਲੌਰੀਟਸ (ਨੋਬਲ ਪੁਰਸਕਾਰ ਜੇਤੂਆਂ) ਅਨੁਸਾਰ ਤੀਜੇ ਵਿਸ਼ਵ ਯੁੱਧ ਵਿੱਚ ਵਰਤੇ ਜਾਣ ਵਾਲੇ ਪ੍ਰਮਾਣੂ ਹਥਿਆਰਾਂ ਨਾਲ ਦੁਨੀਆਂ ਦੇ ਲਗਭਗ ਸਾਰੇ ਦੇਸ਼ਾਂ ਅਤੇ ਮਨੁੱਖਤਾ ਦਾ ਅੰਤ ਹੋ ਸਕਦਾ ਹੈ।


ਸਟੀਫਨ ਹਾਕਿੰਗ ਨੇ 2018 ਵਿੱਚ ਭਵਿੱਖਬਾਣੀ ਕੀਤੀ ਹੈ ਕਿ ਪ੍ਰਮਾਣੂ ਹਥਿਆਰਾਂ ਤੋਂ ਇਲਾਵਾ ਜਲਵਾਯੂ ਤਬਦੀਲੀ ਅਤੇ ਆਬਾਦੀ ਦੇ ਵਾਧੇ ਕਾਰਨ ਧਰਤੀ ਦੀ ਹੋਂਦ ਖਤਰੇ ਵਿੱਚ ਪੈ ਸਕਦੀ ਹੈ ਜਾਂ ਦੁਨੀਆ ਦਾ ਅੰਤ ਸਾਲ 2600 ਤੱਕ ਹੋ ਸਕਦਾ ਹੈ। ਸੰਯੁਕਤ ਰਾਜ ਅਮਰੀਕਾ ਦੀ ਪੁਲਾੜ ਖੋਜ ਏਜੰਸੀ ਨਾਸਾ ਨੇ ਵੀ ਇਸ ਬਾਰੇ ਸਹਿਮਤੀ ਦਰਸਾਈ ਹੈ ਕਿ ਜਲਵਾਯੂ ਤਬਦੀਲੀ ਅਤੇ ਬੇਰੋਕ ਆਬਾਦੀ ਦੇ ਵਾਧੇ ਨਾਲ ਧਰਤੀ ਰਹਿਣ ਦੇ ਕਾਬਲ ਨਹੀਂ ਰਹੇਗੀ। ਜਲਵਾਯੂ ਤਬਦੀਲੀ ਅਤੇ ਬੇਰੋਕ ਆਬਾਦੀ ਦਾ ਵਧਣਾ ਚਿੰਤਾ ਦਾ ਵਿਸ਼ਾ ਹਨ। ਗਲੋਬਲ ਵਾਰਮਿੰਗ ਕਾਰਨ ਧਰਤੀ ਅੱਗ ਦੇ ਇੱਕ ਵੱਡੇ ਗੋਲੇ ਵਿੱਚ ਬਦਲ ਸਕਦੀ ਹੈ। ਲਿਹਾਜ਼ਾ ਵਾਤਾਵਰਣ ਨੂੰ ਬਚਾਉਣ ਅਤੇ ਸਾਧਨਾਂ ਦੀ ਸਹੀ ਵਰਤੋਂ ਕਰਨ ਦੀ ਸਖ਼ਤ ਜਰੂਰਤ ਹੈ। ਮਨੁੱਖ ਜਾਤੀ ਨੂੰ ਬਚਾਉਣ ਲਈ ਹੋਰ ਗ੍ਰਹਿਆ 'ਤੇ ਕਲੋਨੀਆਂ ਸਥਾਪਤ ਕਰਨ ਦੀ ਲੋੜ ਉਤੇ ਵੀ ਜ਼ੋਰ ਦਿੱਤਾ ਜਾ ਰਿਹਾ ਹੈ। ਮੰਗਲ ਗ੍ਰਹਿ ਨੂੰ ਰਹਿਣ ਦੇ ਯੋਗ ਬਣਾਉਣ ਲਈ ਯਤਨ ਸ਼ੁਰੂ ਹੋ ਗਏ ਹਨ। ਜ਼ਿਕਰਯੋਗ ਹੈ ਕਿ ਇਸ ਵੇਲੇ 2024 ਦੁਨੀਆ ਦੀ ਆਬਾਦੀ 8 ਬਿਲੀਅਨ ਹੈ, ਜਿਸ ਵਿੱਚੋਂ ਭਾਰਤ 1.4 ਬਿਲੀਅਨ ਆਬਾਦੀ ਨਾਲ ਪਹਿਲੇ ਨੰਬਰ 'ਤੇ ਹੈ। ਭਾਰਤ, ਚੀਨ, ਨਾਈਜੀਰੀਆ, ਬ੍ਰਾਜ਼ੀਲ, ਬੰਗਲਾ ਦੇਸ਼, ਰੂਸ, ਮੈਕਸੀਕੋ ਆਦਿ ਵੱਧ ਰਹੀ ਆਬਾਦੀ ਵਾਲੇ ਦੇਸ਼ ਹਨ। ਸੰਭਾਵਨਾ ਹੈ ਕਿ ਸਾਲ 2050 ਵਿੱਚ ਦੁਨੀਆ ਦੀ ਆਬਾਦੀ 9.7 ਬਿਲੀਅਨ ਹੋ ਜਾਵੇਗੀ, ਜੋ ਸਾਲ 2100 ਵਿੱਚ 10.04 ਬਿਲੀਅਨ ਹੋਣ ਦੀ ਸੰਭਾਵਨਾ ਹੈ।

ਨਾਸਾ ਨੇ ਚਿਤਾਵਨੀ ਦਿੱਤੀ ਹੈ ਕਿ ਗਲੋਬਲ ਵਾਰਮਿੰਗ ਦੇ ਪ੍ਰਭਾਵਾਂ ਨੂੰ ਉਲਟਾਇਆ ਨਹੀਂ ਜਾ ਸਕਦਾ ਅਤੇ ਇਸ ਲਈ ਗੰਭੀਰ ਕਦਮ ਚੁੱਕਣੇ ਪੈਣਗੇ। ਹਾਕਿੰਗ ਨੇ ਪੁਲਾੜ ਵਿੱਚ ਸਾਹ ਲੈਣ ਯੋਗ ਘਰ ਬਣਾਉਣ ਅਤੇ ਇੱਕ ਕਾਨੂੰਨੀ ਢਾਂਚਾ ਉਸਾਰਨ ਦੀ ਲੋੜ 'ਤੇ ਜੋਰ ਦਿੱਤਾ ਹੈ, ਜਿਸ ਨਾਲ ਦੁਨੀਆ ਨੂੰ ਤਬਾਅ ਹੋਣ ਤੋਂ ਬਚਾਇਆ ਜਾ ਸਕਦਾ ਹੈ। ਖੋਜਕਾਰ ਅਤੇ ਲੋਕ ਚਿੰਤਕ ਫਿਰਕਮੰਦ ਹਨ ਕਿ ਜੇਕਰ ਵਿਸ਼ਵ ਦੀ ਆਬਾਦੀ, ਉਦਯੋਗੀਕਰਨ, ਪ੍ਰਦੂਸ਼ਣ, ਭੋਜਨ ਉਤਪਾਦਨ ਅਤੇ ਸਰੋਤਾਂ ਦੀ ਕਮੀ ਵਿੱਚ ਮੌਜੂਦਾ ਵਾਧੇ ਦੇ ਰੁਝਾਨਾਂ ਵਿੱਚ ਕੋਈ ਬਦਲਾਅ ਨਹੀਂ ਹੁੰਦਾ ਤਾਂ ਧਰਤੀ ਉਤੇ 'ਵਿਕਾਸ' ਦੀਆਂ ਹੱਦਾਂ ਅਗਲੇ 100 ਸਾਲਾਂ ਵਿੱਚ ਕਿਤੇ ਦੀਆਂ ਕਿਤੇ ਪਹੁੰਚ ਜਾਣਗੀਆਂ। ਜਰੂਰੀ ਹੈ ਕਿ ਨਵੇਂ ਰੁੱਖ ਲਾਉਣ ਲਈ ਸਾਰਥਿਕ ਜਤਨ ਕੀਤੇ ਜਾਣ ਤਾਂ ਕਿ ਅਸੀਂ ਆਪਣੀ ਆਰਥਿਕਤਾ ਦਾ ਪੁਨਰ ਗਠਨ ਕਰਦੇ ਹੋਏ ਮੌਜੂਦਾ ਜੰਗਲਾਂ ਦੀ ਕਟਾਈ ਨਾ ਕੀਤੀ ਜਾਵੇ ਅਤੇ ਜੰਗਲਾਂ ਨੂੰ ਸੜਨ ਤੋਂ ਬਚਾਇਆ ਜਾਵੇ। ਆਬਾਦੀ ਦੇ ਵਾਧੇ ਅਤੇ ਜੰਗਲਾਂ ਦੀ ਕਟਾਈ ਦੀਆਂ ਮੌਜੂਦਾ ਦਰਾਂ ਨੂੰ ਕਾਇਮ ਰੱਖਣ ਦਾ ਮਤਲਬ ਹੈ- ਸਾਡੇ ਕੋਲ ਕੁਝ ਦਹਾਕਿਆਂ ਦੇ ਅੰਦਰ ਸਾਡੀ ਸੱਭਿਅਤਾ ਅਤੇ ਹੋਂਦ ਦੇ ਢਹਿ ਜਾਣ ਤੋਂ ਬਚਣ ਦੇ ਕੇਵਲ 10% ਤੋਂ ਵੀ ਘੱਟ ਸੰਭਾਵਨਾ ਹੈ। ਵਿਸ਼ਵਵਿਆਪੀ ਅਸਮਾਨਤਾ ਅਤੇ ਰਾਜਨੀਤਿਕ ਧਰੁਵੀਕਰਨ ਵੱਧ ਰਿਹਾ ਹੈ, ਜੋ ਮਨੁੱਖਤਾ ਲਈ ਚੰਗਾ ਸੰਕੇਤ ਨਹੀਂ ਹੈ। ਸਮਾਜਿਕਤਾ ਦਾ ਢਹਿ ਢੇਰੀ ਹੋਣਾ ਅਤੇ ਮਨੁੱਖਤਾ ਦੀ ਹੋਂਦ ਦੇ ਖਤਰਿਆਂ ਵਿੱਚ ਕੁਦਰਤੀ ਆਫਤਾਂ, ਯੁੱਧ, ਭੂਚਾਲ, ਮਹਾਂਮਾਰੀ, ਅਕਾਲ, ਆਰਥਿਕਤਾ ਪਤਨ, ਵੱਡੇ ਪੱਧਰ ਤੇ ਪਰਵਾਸ, ਅਯੋਗ ਨੇਤਾਵਾਂ ਅਤੇ ਤਾਨਾਸ਼ਾਹੀ ਹਕੂਮਤਾਂ ਆਦਿ ਮਨੁੱਖਤਾ ਦੀ ਹੋਂਦ ਤੇ ਦੁਨੀਆਂ ਦੇ ਅੰਤ ਵਿੱਚ ਆਪਣੀਆਂ ਭੂਮਿਕਾਵਾਂ ਨਿਭਾਅ ਰਹੀਆਂ ਹਨ। ਜੈਵ ਵਿਭਿੰਨਤਾ ਚੇਤਾਵਨੀ ਦੇ ਮਾਹਰਾਂ ਦਾ ਕਹਿਣਾ ਹੈ ਕਿ ਮਨੁੱਖਤਾ ਧਰਤੀ ਦੀਆਂ ਕੁਦਰਤੀ ਹੱਦਾਂ ਨੂੰ ਤੋੜਨ ਦੀ ਕਰਾਰ ਉਤੇ ਹੈ।

ਵਿਗਿਆਨੀਆਂ ਅਤੇ ਸਿੱਖਿਆ ਸ਼ਾਸ਼ਤਰੀਆਂ ਦਾ ਕਹਿਣਾ ਹੈ ਕਿ ਮਨੁੱਖੀ ਗਤੀਵਿਧੀਆਂ ਨੇ ਦੁਨੀਆ ਨੂੰ ਖਤਰੇ ਦੇ ਖੇਤਰ ਵੱਲ ਧੱਕ ਦਿੱਤਾ ਹੈ। ਖੋਜਾਂ ਦੱਸਦੀਆਂ ਹਨ ਕਿ ਜੰਗਲੀ ਜੀਵਾਂ ਦੀ ਆਬਾਦੀ ਵਿੱਚ 1970 ਤੋਂ ਬਾਅਦ ਔਸਤਨ 73% ਦੀ ਕਮੀ ਆਈ ਹੈ। ਇਹ ਤ੍ਰਾਸਦੀ ਹੈ ਕਿ ਮਨੁੱਖ ਜਾਤੀ ਦੂਜੀਆਂ ਪ੍ਰਜਾਤੀਆਂ ਨੂੰ ਖਤਮ ਕਰਨ ਵਿੱਚ ਲੱਗੀ ਹੋਈ ਹੈ, ਪਰ ਆਪਣੀ ਹੋਂਦ ਦੇ ਖਤਰਿਆਂ ਨੂੰ ਅੱਖੋਂ ਪਰੋਖੇ ਕਰ ਰਹੀ ਹੈ। ਸਮੇਂ ਦੀਆਂ ਸਰਕਾਰਾਂ ਕੁਦਰਤ ਦੀ ਬਹਾਲੀ ਲਈ ਫ਼ਿਕਰਮੰਦ ਨਹੀਂ ਹਨ। ਸੱਚਾਈ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਸਾਡੀ ਧਰਤੀ ਅਤੇ ਇਸ ਦਾ ਮਨੁੱਖੀ ਅਤੇ ਜੈਵਿਕ ਜੀਵਨ ਦਿਨੋਂ ਦਿਨ ਗਿਰਾਵਟ ਵੱਲ ਵੱਧ ਰਿਹਾ ਹੈ। ਇਹ ਸੋਚਣ ਦਾ ਵਿਸ਼ਾ ਹੈ ਕਿ ਦੁਨੀਆ ਦਾ ਅੰਤ ਕਦੋਂ ਅਤੇ ਕਿਵੇਂ ਹੋਣ ਦੀ ਸੰਭਾਵਨਾ ਹੈ!




ਹੀਰੋਸ਼ੀਮਾ ਅਤੇ ਨਾਗਾਸਾਕੀ ਐਟਮ ਬੰਬਾਂ ਦੀ ਤਬਾਹੀ ਵਿੱਚ ਬਚੇ ਰਹੇ ਜਪਾਨੀ ਲੋਕਾਂ ਦਾ ਗਰੁੱਪ ਨੋਬਲ ਸ਼ਾਂਤੀ ਪੁਰਸਕਾਰ ਪ੍ਰਾਪਤ ਕਰਨ ਉਪਰੰਤ। ਸਨਮਾਨ ਪ੍ਰਾਪਤ ਕਰਨ ਵਾਲੇ ਗਰੁੱਪ ਦੇ ਮੈਂਬਰ ਤੈਰੂਮੀ ਤਾਨਕਾ ਨੇ ਨੋਬਲ ਪ੍ਰਾਈਜ਼ ਪ੍ਰਾਪਤ ਕਰਦੇ ਹੋਏ ਸਮੇਂ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਸੰਸਾਰ ਨੂੰ ਪ੍ਰਮਾਣੂ ਰਹਿਤ ਬਣਾਇਆ ਜਾਵੇ।



ਵਿਲੀਅਮ ਫ਼ਾਲਕਨਰ

**ਵਿਲੀਅਮ ਫ਼ਾਲਕਨਰ ਨੂੰ 1949 ਵਿੱਚ ਸਾਹਿਤ ਨੋਬਲ ਪ੍ਰਾਈਜ਼ ਦਿੱਤਾ ਗਿਆ, ਜਿਸ ਨੇ ਆਪਣੀਆਂ ਰਚਨਾਵਾਂ ਵਿੱਚ ਸ਼ੀਤ ਯੁੱਗ ਦੇ ਵਿਸ਼ਿਆ ਬਾਰੇ ਗੱਲ ਕੀਤੀ ਸੀ।**

*-0-*

**1940 ਦੇ ਦਹਾਕੇ ਤੋਂ ਹੀ ਅਣਗਿਣਤ ਕਿਤਾਬਾਂ, ਖੋਜ-ਪੱਤਰਾਂ, ਫਿਲਮਾਂ ਅਤੇ ਟੈਲੀਵਿਜ਼ਨ ਪ੍ਰੋਗਰਾਮਾਂ ਨੇ ਪ੍ਰਮਾਣੂ ਹਥਿਆਰਾਂ ਅਤੇ ਤੀਜੇ ਵਿਸ਼ਵ ਯੁੱਧ ਦੇ ਥੀਮ ਦਾ ਜ਼ਿਕਰ ਕੀਤਾ ਹੈ ਕਿ ਪ੍ਰਮਾਣੂ ਹਥਿਆਰ ਆਧੁਨਿਕਤਾ ਦੇ ਸਭ ਤੋਂ ਭੈੜੇ ਪ੍ਰਤੀਕ ਹਨ। ਨੋਬਲ ਲੌਰੀਟਸ (ਨੋਬਲ ਪੁਰਸਕਾਰ ਜੇਤੂਆਂ) ਅਨੁਸਾਰ ਤੀਜੇ ਵਿਸ਼ਵ ਯੁੱਧ ਵਿੱਚ ਵਰਤੇ ਜਾਣ ਵਾਲੇ ਪ੍ਰਮਾਣੂ ਹਥਿਆਰਾਂ ਨਾਲ ਦੁਨੀਆਂ ਦੇ ਲਗਭਗ ਸਾਰੇ ਦੇਸ਼ਾਂ ਅਤੇ ਮਨੁੱਖਤਾ ਦਾ ਅੰਤ ਹੋ ਸਕਦਾ ਹੈ।**


## ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ



ਪੰਜਾਬੀ ਪਰਵਾਜ਼ Punjabi Parwaz ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਿੰਦਰਜੀਤ ਸਿੰਘ ਗਰੇਵਾਲ
ਬੇਅੰਤ ਸਿੰਘ ਬੋਪਾਰਾਏ
ਅਮਰਜੀਤ ਸਿੰਘ ਢੀਂਡਸਾ
ਦੀਦਾਰ ਸਿੰਘ ਧਨੋਆ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਗੁਰਪ੍ਰੀਤ ਕੇ. ਸਿੰਘ
ਇੰਦਰ ਹੁੰਜਣ
ਜਿਗਰਦੀਪ ਸਿੰਘ ਢਿੱਲੋਂ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਅਜੈਬ ਸਿੰਘ ਲੱਖਣ
ਹਰਕੇਵਲ ਸਿੰਘ ਲਾਲੀ
ਹਰਮੀਕ ਸਿੰਘ ਗਿਰਨ

# ਸੀਰੀਆ ਬਣਿਆ ਕੌਮਾਂਤਰੀ ਗਿਰਝਾਂ ਦੀ ਖ਼ੁਰਾਕ

ਜਸਵੀਰ ਸਿੰਘ ਮਾਂਗਟ

*ਬਾਗੀ ਗੁੱਟਾਂ ਵੱਲੋਂ ਅੰਤ੍ਰਿਮ ਸਰਕਾਰ ਦਾ ਐਲਾਨ *ਇਜ਼ਰਾਇਲ ਵੱਲੋਂ ਸੀਰੀਆ ਅੰਦਰ ਹਮਲੇ ਜਾਰੀ


ਦੁਨੀਆਂ ਦੀਆਂ ਸਭ ਤੋਂ ਮੁਢਲੀਆਂ ਸੱਭਿਆਤਾਵਾਂ ਦਾ ਭੰਗੂੜਾ ਸਮਝਿਆ ਜਾਣ ਵਾਲਾ ਮੱਧ ਪੂਰਬ ਦਾ ਖੂਬਸੂਰਤ ਦੇਸ਼ ਸੀਰੀਆ ਅੱਜ-ਕੱਲ੍ਹ ਰਾਜਨੀਤਿਕ ਅਸਥਿਰਤਾ ਦਾ ਸ਼ਿਕਾਰ ਹੈ। ਰੂਸੀ ਹਮਾਇਤ ਪ੍ਰਾਪਤ ਤਾਨਾਸ਼ਾਹ ਡਾ. ਬਸ਼ਰ-ਅਲ-ਅਸਦ ਦੇ ਦੇਸ਼ ਛੱਡ ਕੇ ਭੱਜ ਜਾਣ ਤੋਂ ਬਾਅਦ ਇਹ ਮੁਲਕ ਲਗਪਗ ਪੂਰਨ ਤੌਰ 'ਤੇ ਬਾਗੀ ਗੁੱਟਾਂ ਦੇ ਕਬਜ਼ੇ ਵਿੱਚ ਆ ਗਿਆ। ਹਇਆਤ ਤਹਿਰੀਰ-ਅਲ-ਸ਼ਾਮ (ਐਚ.ਟੀ.ਐਸ.) ਗਰੁੱਪ ਦੀ ਅਗਵਾਈ ਵਾਲੇ ਹਥਿਆਰਬੰਦ ਬਾਗੀ ਗੁੱਟਾਂ ਨੇ ਇਸ ਮੁਲਕ ਦੀ ਰਾਜਧਾਨੀ ਅਤੇ ਇਤਿਹਾਸਕ ਸ਼ਹਿਰ ਦਮਿਸ਼ਕਸ ਉੱਪਰ ਕਬਜ਼ਾ ਕਰ ਲਿਆ ਹੈ ਅਤੇ ਅੰਤ੍ਰਿਮ ਸਰਕਾਰ ਦਾ ਐਲਾਨ ਕਰ ਦਿੱਤਾ ਹੈ। ਇੱਕ ਘੱਟ ਜਾਣੇ-ਪਛਾਣੇ ਬਾਗੀ ਆਗੂ ਮੁਹੰਮਦ ਅਲ-ਬਸ਼ੀਰ ਨੂੰ ਇਸ ਅੰਤ੍ਰਿਮ ਸਰਕਾਰ ਦਾ ਪ੍ਰਧਾਨ ਮੰਤਰੀ ਐਲਾਨਿਆ ਗਿਆ ਹੈ।

ਬਾਗੀ ਗੁੱਟਾਂ ਦੀ ਜਨਰਲ ਕਮਾਂਡ ਅਨੁਸਾਰ ਪਹਿਲੀ ਮਾਰਚ ਤੱਕ ਅੰਤ੍ਰਿਮ ਸਰਕਾਰ ਕਾਇਮ ਰਹੇਗੀ। ਸੀਰੀਆ ਦੇ ਸਟੇਟ ਟੈਲੀਵਿਜ਼ਨ 'ਤੇ ਬੋਲਦਿਆਂ ਨਵੇਂ ਪ੍ਰਧਾਨ ਮੰਤਰੀ ਮੁਹੰਮਦ ਅਲ-ਬਸ਼ੀਰ ਨੇ ਕਿਹਾ ਕਿ 9 ਦਸੰਬਰ ਨੂੰ ਬਾਗੀਆਂ ਦੇ ਸਾਂਝੇ ਗੱਠਜੋੜ ਦੇ ਲੜਾਕਿਆਂ ਨੇ ਸੀਰੀਆ ਦੀ ਰਾਜਧਾਨੀ 'ਤੇ ਕਬਜ਼ਾ ਕਰ ਲਿਆ ਸੀ। ਸੀਰੀਆ 'ਤੇ ਕਬਜ਼ਾ ਕਰਨ ਵਾਲੇ ਬਾਗੀ ਗੁੱਟਾਂ ਵਿੱਚ ਇਸਲਾਮਿਕ ਸਟੇਟ ਅਤੇ ਅਮਰੀਕੀ ਹਮਾਇਤ ਪ੍ਰਾਪਤ ਕੁਰਦ ਹਥਿਆਰਬੰਦ ਗੁੱਟ ਸ਼ਾਮਲ ਹਨ। ਸੀਰੀਆ ਵਿੱਚ ਸਥਾਪਤ ਕੀਤੀ ਗਈ ਅੰਤ੍ਰਿਮ ਸਰਕਾਰ ਸੱਤਾ ਤੋਂ ਬਾਹਰ ਕੀਤੀ ਗਈ ਸਰਕਾਰ ਦੇ ਮੁਲਾਜ਼ਮਾਂ ਅਤੇ ਅਫਸਰਸ਼ਾਹੀ ਤੋਂ ਜ਼ਰੂਰੀ ਸਰਕਾਰੀ ਫਾਈਲਾਂ ਅਤੇ ਸੰਸਥਾਵਾਂ ਦਾ ਚਾਰਜ ਲਵੇਗੀ। ਸੱਤਾ 'ਤੇ ਬਾਗੀਆਂ ਦੇ ਕਬਜ਼ੇ ਤੋਂ ਬਾਅਦ ਸੀਰੀਅਨ ਲੋਕਾਂ ਨੇ ਸੜਕਾਂ 'ਤੇ ਆਣ ਕੇ ਜਸ਼ਨ ਮਨਾਏ ਹਨ। ਇਸ ਪਿੱਛੋਂ ਇਸ ਮੁਲਕ ਦੇ ਸ਼ਹਿਰਾਂ ਵਿੱਚ ਆਮ ਜ਼ਿੰਦਗੀ ਮੁੜ ਲੀਹ 'ਤੇ ਆਉਣੀ ਸ਼ੁਰੂ ਹੋ ਗਈ ਹੈ। ਬੈਂਕ ਅਦਾਰੇ ਅਤੇ ਆਵਾਜਾਈ ਆਮ ਵਾਂਗ ਚੱਲਣ ਲੱਗੀ ਹੈ।

ਯਾਦ ਰਹੇ, ਸੀਰੀਆ ਵਿੱਚ ਰਾਜ ਪਲਟੇ ਲਈ ਬਾਗੀ ਗੁੱਟਾਂ ਦੀ ਅਗਵਾਈ ਅਬੂ- ਮੁਹੰਮਦ ਅਲ-ਗੋਲਾਨੀ ਨੇ ਕੀਤੀ। ਛੇ ਫੁੱਟ ਤੋਂ ਵੱਧੇਰੇ ਕੱਦ ਵਾਲਾ ਇਹ ਛੀਂਟਕਾ ਜਰਨੈਲ ਕਈ ਸਾਲ ਤੱਕ ਅਮਰੀਕਾ ਵੱਲੋਂ ਪ੍ਰਤੀਬੰਧਤ ਇਸਲਾਮਿਕ ਹਥਿਆਰਬੰਦ ਗੁੱਟ, 'ਇਸਲਾਮਿਕ ਸਟੇਟ' ਨਾਲ ਜੁੜਿਆ ਰਿਹਾ ਹੈ। ਕੁਝ ਤਫਰਕੇ ਆ ਜਾਣ ਕਾਰਨ ਬਾਅਦ ਵਿੱਚ ਉਹ ਅਲਕਾਇਦਾ ਨਾਲ ਜੁੜ ਗਿਆ। ਇਹ ਚਰਮਪੰਥੀ ਗੁੱਟ ਵੀ ਉਸ ਨੂੰ ਸਾਂਭ ਕੇ ਨਾ ਰੱਖ ਸਕਿਆ। ਪਿੱਛੋਂ ਇਸ ਨੂੰ ਵੀ ਉਸ ਨੇ ਤਿਆਗ ਦਿੱਤਾ। ਇਸ ਤੋਂ ਬਾਅਦ ਹੀ ਉਸ ਨੇ ਐਚ.ਟੀ.ਐਸ. ਦੀ ਨੀਂਹ ਰੱਖੀ, ਜਿਸ ਦੀ ਅਗਵਾਈ ਕਰਦਿਆਂ ਕੁਝ ਦਿਨ ਪਹਿਲਾਂ ਉਸ ਨੇ ਸੀਰੀਆ ਦੇ ਤਾਨਾਸ਼ਾਹ ਬਸ਼ਰ-ਅਲ-ਅਸਦ ਦਾ ਤਖਤਾ ਪਲਟ ਦਿੱਤਾ ਹੈ। ਅਬੂ ਮੁਹੰਮਦ ਆਪਣੇ ਜੀਵਨ ਦੇ ਮੁੱਢਲੇ ਦਿਨਾਂ ਵਿੱਚ ਹੀ ਇਸਲਾਮਿਕ ਵਿਚਾਰਧਾਰਾ ਵੱਲ ਖਿੱਚਿਆ ਗਿਆ ਸੀ ਅਤੇ ਹੁਣ ਉਸ ਦੀ ਉਮਰ 42 ਸਾਲਾਂ ਦੀ ਹੈ। ਅਮਰੀਕਾ ਵੱਲੋਂ ਹਾਲੇ ਵੀ ਗੋਲਾਨੀ ਅਤੇ ਇਸ ਦੇ ਹਥਿਆਰਬੰਦ ਗੁੱਟ ਐਚ.ਟੀ.ਐਸ. ਨੂੰ ਅਤਿਵਾਦੀ ਸੰਗਠਨਾਂ ਵਾਲੇ ਖ਼ਾਨੇ ਵਿੱਚ ਰੱਖਿਆ ਹੋਇਆ ਹੈ ਤੇ ਉਸ ਨੂੰ ਇਨਾਮੀ ਭਗੌੜਾ ਕਰਾਰ ਦਿੱਤਾ ਹੋਇਆ ਹੈ। ਉਸ ਦਾ ਪਿੱਤਰੀ ਘਰ ਸੀਰੀਆ ਦੀਆਂ ਗੋਲਾਨ ਪਹਾੜੀਆਂ ਵਿੱਚ ਵੱਸਦੇ ਇੱਕ ਪਿੰਡ ਵਿੱਚ ਸੀ, ਜਿਨ੍ਹਾਂ 'ਤੇ ਹੁਣ ਇਜ਼ਰਾਇਲ ਨੇ ਕਬਜ਼ਾ ਕਰ ਲਿਆ ਹੈ। ਇਸ ਤੋਂ ਇਲਾਵਾ ਅਮਰੀਕਾ ਵੱਲੋਂ ਵੀ ਸੀਰੀਆ ਅੰਦਰ ਹਮਲੇ ਕੀਤੇ ਜਾ ਰਹੇ ਹਨ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਸੀਰੀਆ ਅੰਦਰ ਰਾਜ ਪਲਟੇ ਬਾਅਦ ਇਸ ਮੁਲਕ ਵਿੱਚ ਅਮਰੀਕੀ ਹਮਲਿਆਂ ਬਾਰੇ ਕਿਹਾ ਕਿ ਇਹ ਹਮਲੇ ਇਸਲਾਮਿਕ ਸਟੇਟ ਵਰਗੇ ਸੰਗਠਨਾਂ ਨੂੰ ਕਮਜ਼ੋਰ ਕਰਨ ਲਈ ਕੀਤੇ ਜਾ ਰਹੇ ਹਨ। ਜਦਕਿ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਦਾ ਆਖਣਾ ਹੈ ਕਿ ਉਨ੍ਹਾਂ ਦੀ ਹਵਾਈ ਫੌਜ ਸੀਰੀਆ ਵਿੱਚ ਇਸ ਲਈ ਹਮਲੇ ਕਰ ਰਹੀ ਹੈ ਤਾਂ ਕਿ ਸਰੀਅਨ ਫੌਜ ਵੱਲੋਂ ਛੱਡੇ ਗਏ ਹਥਿਆਰ ਕੱਟੜਪੰਥੀਆਂ ਦੇ ਹੱਥ ਨਾ ਆ ਜਾਣ।



ਸੀਰੀਆ ਵਿੱਚ ਅੰਤ੍ਰਿਮ ਸਰਕਾਰ ਦਾ ਪ੍ਰਧਾਨ ਮੰਤਰੀ ਮੁਹੰਮਦ ਅਲ-ਬਸ਼ੀਰ



ਅਬੂ-ਮੁਹੰਮਦ ਅਲ-ਗੋਲਾਨੀ

ਅਬੂ-ਮੁਹੰਮਦ ਅਲ-ਗੋਲਾਨੀ ਦੀ ਅਗਵਾਈ ਵਿੱਚ ਐਚ.ਟੀ.ਐਸ. ਅਤੇ ਕਈ ਹੋਰ ਬਾਗੀ ਗੁੱਟਾਂ ਨੇ ਅਸਦ ਸ਼ਾਸਨ 'ਤੇ ਆਖਰੀ ਧਾਵੇ ਵਿੱਚ ਹਿੱਸਾ ਲਿਆ। 14-15 ਸਾਲ ਦੀ ਸਿਵਲ ਵਾਰ ਦੇ ਭੰਨੇ ਇਸ ਦੇਸ਼ ਦੀ ਕੌਮੀ ਫੌਜ ਅਤੇ ਤਾਨਾਸ਼ਾਹ ਬਸ਼ਰ-ਅਲ-ਅਸਦ ਦਾ ਸਿਵਲ ਪ੍ਰਸ਼ਾਸਨ ਇਸ ਹਮਲੇ ਅੱਗੇ ਤਾਸ਼ ਦੇ ਪੱਤਿਆਂ ਵਾਂਗ ਖ਼ਿਲਰ ਗਿਆ। ਅਸਦ ਸਰਕਾਰ ਦੇ ਗਿਰ ਜਾਣ ਤੋਂ ਬਾਅਦ ਇਜ਼ਰਾਇਲ ਨੇ ਸੀਰੀਆ ਵਿੱਚ ਤਕਰੀਬਨ 500 ਹਵਾਈ ਹਮਲੇ ਕੀਤੇ ਹਨ ਅਤੇ ਦੱਖਣ-ਪੱਛਮੀ ਸੀਰੀਆ ਦੀਆਂ ਗੋਲਾਨ ਪਹਾੜੀਆਂ ਦਾ ਵੱਡਾ ਇਲਾਕਾ ਹਥਿਆ ਲਿਆ ਹੈ। ਜਦੋਂ ਕੌਮਾਂ/ਘਰ ਅੰਦਰੋਂ ਫਟ ਜਾਣ ਤਾਂ ਇਨ੍ਹਾਂ ਦੀ ਜਾਨ ਨੂੰ ਕਿਵੇਂ ਅਵਾਰਾ ਕਾਂ, ਕੁੱਤੇ, ਗਿਰਝਾਂ ਚਿੰਬੜ ਜਾਂਦੀਆਂ ਹਨ, ਸੀਰੀਆ ਇਸ ਦੀ ਪ੍ਰਤੱਖ ਉਦਾਹਰਣ ਹੈ। ਇਹ ਇਸ ਸੱਚ ਨੂੰ ਵੀ ਪ੍ਰਮਾਣਤ ਕਰਦਾ ਹੈ ਕਿ ਤਾਨਾਸ਼ਾਹੀਆਂ ਜਿੰਨੀਆਂ ਕਰੂਰ ਹੁੰਦੀਆਂ ਹਨ, ਉਸ ਤੋਂ ਵਧੇਰੇ ਕਮਜ਼ੋਰ ਹੁੰਦੀਆਂ ਹਨ। ਬਹੁਤ ਵਾਰੀ ਬਾਹਰੀ ਦਬਾਅਵਾਂ ਹੇਠ ਪਾਣੀ ਦੇ ਬੁਲਬੁਲਿਆਂ ਵਾਂਗ ਫੁੱਟ ਜਾਂਦੀਆਂ ਹਨ। ਬਸ਼ਰ ਅਲ ਅਸਦ ਦੇ ਸ਼ਾਸਨ ਦਾ ਭੋਗ ਤਾਂ 2015 ਵਿੱਚ ਹੀ ਪੈ ਜਾਣਾ ਸੀ, ਜੇ ਰੂਸ ਉਸ ਦੀ ਹਮਾਇਤ 'ਤੇ ਨਾ ਆਉਂਦਾ। ਉਦੋਂ ਵੀ ਹਥਿਆਰਬੰਦ ਬਾਗੀ ਗੁੱਟ ਦਮਿਸ਼ਕਸ ਦੇ ਬੂਹੇ ਤੱਕ ਪਹੁੰਚ ਗਏ ਸਨ, ਪਰ ਰੂਸ ਦੀ ਹਵਾਈ ਹਮਾਇਤ ਨੇ ਅਸਦ ਦੀ ਤਾਨਸ਼ਾਹੀ ਦੀ ਉਮਰ ਲੰਬੀ ਕਰ ਦਿੱਤੀ। ਯਾਦ ਰਹੇ, ਅਸਦ ਪਰਿਵਾਰ ਦੀ ਹਕੂਮਤ ਨੇ 1982 ਵਿੱਚ ਆਪਣੇ ਇੱਕ ਇਤਿਹਾਸਕ ਸ਼ਹਿਰ 'ਹਾਮਾ' ਵਿੱਚ ਕੈਮੀਕਲ ਹਥਿਆਰਾਂ ਨਾਲ ਇੱਕੋ ਸੱਟੇ ਚਾਲੀ ਹਜ਼ਾਰ ਲੋਕਾਂ ਨੂੰ ਮਾਰ ਦਿੱਤਾ ਸੀ। ਇਸ ਕਤਲੇਆਮ ਵਿੱਚ ਖਤਰਨਾਕ ਕੈਮੀਕਲ ਏਜੰਟ ਸਰੀਨ ਗੈਸ ਦੀ ਵਰਤੋਂ ਕੀਤੀ ਗਈ ਸੀ। ਇਸ ਕਾਰਨ ਬਸ਼ਰ ਦੇ ਪਿਤਾ ਹਾਫਿਜ-ਅਲ-ਅਸਦ 'ਤੇ ਨਰਸੰਘਾਰ ਅਤੇ ਜੰਗੀ ਜੁਰਮਾਂ ਦੇ ਦੋਸ਼ ਵੀ ਲੱਗੇ ਸਨ।

ਦੂਜੇ ਪਾਸੇ ਹਾਲਾਤ ਦੀ ਨਾਜ਼ੁਕਤਾ ਨੂੰ ਵੇਖਦਿਆਂ ਰੂਸ ਨਾਲ ਵੀ ਬਾਗੀ ਆਗੂਆਂ ਨੇ ਸਮਝੌਤਾ ਕਰ ਲਿਆ ਲਗਦਾ ਹੈ ਅਤੇ ਉਸ ਦੇ ਫੌਜੀ ਅੱਡਿਆਂ ਨੂੰ ਬਰਕਰਾਰ ਰਹਿਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ। ਮੱਧ ਪੂਰਬ ਦੀ ਰਾਜਨੀਤੀ ਬਾਰੇ ਮਾਹਿਰਾਂ ਦਾ ਖਦਸ਼ਾ ਹੈ ਕਿ ਕੌਮਾਂਤਰੀ ਤਾਕਤਾਂ ਨੇ ਜੇ ਸ਼ਾਂਤੀਪੂਰਵਕ ਸੱਤਾ ਦਾ ਤਬਾਦਲਾ ਨਾ ਹੋਣ ਦਿੱਤਾ ਤਾਂ ਅਫਗਾਨਿਸਤਾਨ, ਲਿਬੀਆ ਅਤੇ ਇਰਾਕ ਵਾਂਗ ਸੀਰੀਆ ਮੁੜ ਸਿਵਲ ਵਾਰ ਦਾ ਖ਼ਾਜਾ ਬਣ ਸਕਦਾ ਹੈ। ਬਾਗੀ ਗੱਠਜੋੜ ਦੀ ਅੰਤ੍ਰਿਮ ਸਰਕਾਰ ਦੀ ਹਾਲਤ ਇੰਨੀ ਕਮਜ਼ੋਰ ਹੈ ਕਿ ਇਜ਼ਰਾਇਲ ਵੱਲੋਂ ਲਗਾਤਾਰ ਸੀਰੀਆ ਦੇ ਅੰਦਰ ਹਮਲੇ ਕੀਤੇ ਜਾ ਰਹੇ ਹਨ ਤੇ ਉਹ ਕੁਝ ਵੀ ਨਹੀਂ ਕਰ ਪਾ ਰਹੇ। ਸੰਯੁਕਤ ਰਾਸ਼ਟਰ ਨੇ ਜ਼ਰੂਰ ਇਜ਼ਰਾਇਲ ਨੂੰ ਸੀਰੀਆ ਅੰਦਰ ਹਮਲੇ ਬੰਦ ਕਰਨ ਲਈ ਕਿਹਾ ਹੈ ਤਾਂ ਕਿ ਸ਼ਾਂਤੀਪੂਰਨ ਢੰਗ ਨਾਲ ਸੱਤਾ ਦਾ ਤਬਾਦਲਾ ਹੋ ਸਕੇ।

ਇਸ ਦਰਮਿਆਨ ਖਤਰੇ ਦੀਆਂ ਘੰਟੀਆਂ ਵੀ ਖੜਕਣ ਲੱਗੀਆਂ ਹਨ। ਮਨੁੱਖੀ ਅਧਿਕਾਰਾਂ ਬਾਰੇ ਇੱਕ ਅੰਤਰਰਾਸ਼ਟਰੀ ਗਰੁੱਪ ਦਾ ਕਹਿਣਾ ਹੈ ਕਿ ਇਸਲਾਮਿਕ ਸਟੇਟ ਦੇ ਲੜਾਕਿਆਂ ਨੇ ਬੀਤੇ ਦਿਨੀਂ ਅਸਦ ਸਰਕਾਰ ਅਧੀਨ ਕੰਮ ਕਰਦੇ ਰਹੇ 54 ਫੌਜੀਆਂ ਨੂੰ ਗ੍ਰਿਫਤਾਰ ਕਰਨ ਪਿੱਛੋਂ ਸਿਰ ਕਲਮ ਕਰ ਕੇ ਮਾਰ ਦਿੱਤਾ ਹੈ। ਜੇ ਕਹਾਣੀ ਇਸ ਪਾਸੇ ਵੱਲ ਤੁਰ ਪੈਂਦੀ ਹੈ ਤਾਂ ਇਸ ਦੇਸ਼ ਦੇ ਸਿਆਸੀ ਅਤੇ ਫੌਜੀ ਮਾਮਲਿਆਂ ਨੂੰ ਕਾਬੂ ਕਰਨਾ ਹੋਰ ਵੀ ਔਖਾ ਹੋ ਜਾਏਗਾ। ਫਲਿਸਤੀਨ ਅਤੇ ਲੈਬਨਾਨ 'ਤੇ ਇਜ਼ਰਾਇਲੀ ਹਮਲਿਆਂ ਕਾਰਨ ਇਹ ਖਿੱਤਾ ਪਹਿਲਾਂ ਹੀ ਬੇਹੱਦ ਤਣਾਅਪੂਰਣ ਹੈ। ਇਰਾਨ-ਇਜ਼ਰਾਇਲ, ਅਮਰੀਕਾ ਵਿਚਕਾਰ ਖਿਚੋਤਾਣ ਇਸ ਨੂੰ ਹੋਰ ਤਾਅ ਦੇ ਰਹੀ ਹੈ। ਤੁਰਕੀ, ਅਮਰੀਕਾ, ਇਰਾਨ, ਰੂਸ ਅਤੇ ਇਜ਼ਰਾਇਲ ਆਦਿ ਸੀਰੀਆ ਵਿੱਚ ਆਪੋ ਆਪਣੀ ਖੇਡ, ਖੇਡ ਰਹੇ ਹਨ। ਪੂਤਿਨ ਰੂਸ ਨੂੰ ਮੁੜ ਕੇ 'ਮਹਾਨ' ਬਣਾਉਣ ਤੁਰਿਆ ਹੋਇਆ ਹੈ, ਅਰਦੋਗਨ ਤੁਰਕੀ ਨੂੰ। ਉਧਰ ਟਰੰਪ ਸਿਉਂ ਬੱਕਰੇ ਬੁਲਾਉਂਦਾ ਬਈ ਅਮਰੀਕਾ ਨੇ ਸਾਰੀ ਦੁਨੀਆਂ 'ਤੇ ਮੁੜ ਕੇ ਲੱਤ ਲਾਜ਼ਮੀ ਫੇਰਨੀ ਹੀ ਫੇਰਨੀ ਹੈ! ਰੂਸ ਯੂਕਰੇਨ ਨੂੰ ਨਿਗਲਣ ਨੂੰ ਫਿਰਦਾ ਤੇ ਚੀਨ ਤਾਇਵਾਨ ਨੂੰ। ਸਾਡੇ ਵਾਲੇ ਓਮ ਸ਼ਾਂਤੀ-ਸ਼ਾਂਤੀ ਦਾ ਜਾਪ ਕਰ ਰਹੇ ਹਨ। ਵੇਖਦੇ ਜਾਓ ਕੀ ਹੁੰਦਾ ਹੈ!


# ਸੀਰੀਆ ਦੀ ਖ਼ੁਫੀਆ ਤੇ ਬਦਨਾਮ ਜੇਲ੍ਹ ਕਿ ਮਨੁੱਖੀ ਬੁੱਚੜਖਾਣਾ !

ਸੀਰੀਆ ਵਿੱਚ ਰਾਸ਼ਟਰਪਤੀ ਬਸ਼ਰ ਅਲ-ਅਸਦ ਦਾ ਸ਼ਾਸਨ ਖ਼ਤਮ ਹੋਣ ਮਗਰੋਂ ਸਥਾਨਕ ਲੋਕਾਂ ਵੱਲੋਂ ਮਨਾਏ ਜਾ ਰਹੇ ਜਸ਼ਨ ਦੀਆਂ ਤਸਵੀਰਾਂ ਲਗਾਤਾਰ ਸਾਹਮਣੇ ਆ ਰਹੀਆਂ ਹਨ; ਪਰ ਇਸ ਦਰਮਿਆਨ ਚਰਚਾ ਹੋ ਰਹੀ ਹੈ ਸੀਰੀਆ ਦੀ ਸਭ ਤੋਂ ਖ਼ੁਫੀਆ ਅਤੇ ਬਦਨਾਮ ਅੰਡਰਗਰਾਊਂਡ ਜੇਲ੍ਹ ਦੀ, ਜਿਸ ਦਾ ਨਾਮ ਹੈ ਸੇਡਨਾਯਾ। ਸੀਰੀਆ ਦੀ ਰਾਜਧਾਨੀ ਦਮਿਸ਼ਕ ਤੋਂ ਕਰੀਬ 30 ਕਿਲੋਮੀਟਰ ਦੂਰ ਇਹ ਜੇਲ੍ਹ 1980 ਦੌਰਾਨ ਬਣਾਈ ਗਈ ਸੀ। ਜੇਲ੍ਹ 'ਚ ਸੱਤਾ ਦੇ ਖ਼ਿਲਾਫ ਬੋਲਣ ਵਾਲਿਆਂ ਨੂੰ ਕੈਦ ਕੀਤਾ ਜਾਂਦਾ ਸੀ; ਪਰ ਹੁਣ ਜਦੋਂ ਬਸ਼ਰ ਅਲ-ਅਸਦ ਦੀ ਸੱਤਾ ਉੱਥੋਂ ਖ਼ਤਮ ਹੋ ਗਈ ਹੈ, ਜੇਲ੍ਹ ਵਿੱਚੋਂ ਕੈਦੀਆਂ ਨੂੰ ਕੱਢਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਫਿਲਹਾਲ ਅਜਿਹੇ ਕਈ ਲੋਕ ਉੱਥੇ ਕੈਦ ਹਨ, ਜਿਨ੍ਹਾਂ ਦੀਆਂ ਆਵਾਜ਼ਾਂ ਤਾਂ ਆ ਰਹੀਆਂ ਹਨ, ਪਰ ਉਨ੍ਹਾਂ ਨੂੰ ਆਜ਼ਾਦ ਕਰਵਾਉਣ ਦੇ ਰਾਹ ਨਹੀਂ ਲੱਭ ਰਹੇ ਹਨ।

ਸੀਰੀਆ ਵਿੱਚ ਰਾਸ਼ਟਰਪਤੀ ਬਸ਼ਰ ਅਲ-ਅਸਦ ਸਾਲ 2000 ਤੋਂ ਸੱਤਾ ਵਿੱਚ ਸੀ। ਉਹ ਚਾਰ ਵਾਰ ਦੇਸ਼ ਦੇ ਰਾਸ਼ਟਰਪਤੀ ਬਣੇ। ਇਸ ਤੋਂ ਪਹਿਲਾਂ ਉਨ੍ਹਾਂ ਦੇ ਪਿਤਾ ਹਾਫ਼ਿਜ਼ ਅਲ-ਅਸਦ ਨੇ 29 ਸਾਲਾਂ ਤੱਕ ਸ਼ਾਸਨ ਕੀਤਾ ਸੀ; ਪਰ ਕੁਝ ਦਿਨਾਂ ਵਿੱਚ ਹੀ ਸੀਰੀਆ 'ਚ ਤਖ਼ਤਾਪਲਟ ਹੋ ਗਿਆ। ਉੱਥੇ ਦੀ ਸੱਤਾ ਵਿੱਚ ਸਭ ਤੋਂ ਤਾਕਤਵਰ ਨਜ਼ਰ ਆਉਣ ਵਾਲੇ ਰਾਸ਼ਟਰਪਤੀ ਬਸ਼ਰ ਅਲ-ਅਸਦ ਨੂੰ ਕੁਰਸੀ ਛੱਡ ਕੇ ਰੂਸ ਭੱਜਣਾ ਪਿਆ। ਇਸ ਦੇ ਨਾਲ ਹੀ ਅਸਦ ਪਰਿਵਾਰ ਦਾ ਪਿਛਲੇ ਕਰੀਬ 50 ਸਾਲਾਂ ਤੋਂ ਚਲਿਆ ਆ ਰਿਹਾ ਸ਼ਾਸਨ ਖ਼ਤਮ ਹੋ ਗਿਆ ਹੈ। ਸੀਰੀਆ ਇਸ ਵੇਲੇ ਇਸਲਾਮੀ ਕੱਟੜਪੰਥੀ ਸਮੂਹ ਹਿਆਤ ਤਹਿਰੀਰ ਅਲ ਸ਼ਾਮ ਯਾਨੀ ਐੱਚ.ਟੀ.ਐੱਸ. ਦੇ ਕਬਜ਼ੇ ਵਿੱਚ ਹੈ। ਸੇਡਨਾਯਾ ਜੇਲ੍ਹ ਨੂੰ ਸੱਜੇਪੱਖੀ ਸੰਗਠਨ 'ਹਿਊਮਨ ਸਲੋਟਰਹਾਊਸ' ਯਾਨੀ ਮਨੁੱਖੀ ਬੁੱਚੜਖਾਣਾ ਵੀ ਕਹਿੰਦੇ ਹਨ। ਸਾਲ 2011 'ਚ ਜਦੋਂ ਸੀਰੀਆ ਵਿੱਚ ਖਾਨਾਜੰਗੀ ਸ਼ੁਰੂ ਹੋਈ, ਉਦੋਂ ਤੋਂ ਹਜ਼ਾਰਾਂ ਲੋਕਾਂ ਨੂੰ ਇਸ ਜੇਲ੍ਹ ਵਿੱਚ ਰੱਖਿਆ ਗਿਆ, ਉਨ੍ਹਾਂ 'ਤੇ ਤਸ਼ੱਦਦ ਕੀਤੇ ਗਏ ਅਤੇ ਕਈਆਂ ਨੂੰ ਫਾਂਸੀ ਤੱਕ ਦਿੱਤੀ ਗਈ। ਜੇਲ੍ਹ ਬਾਰੇ ਹੁਣ ਤੱਕ ਜੋ ਵੀ ਜਾਣਕਾਰੀ ਮਿਲੀ, ਉਹ ਇਸ ਜੇਲ੍ਹ ਦੇ ਸਾਬਕਾ ਸੁਰੱਖਿਆ ਮੁਲਾਜ਼ਮਾਂ ਅਤੇ ਨਜ਼ਰਬੰਦ ਕੀਤੇ ਕੈਦੀਆਂ ਤੋਂ ਹੀ ਮਿਲੀ ਹੈ। ਕਈ ਸਬੂਤ ਮੌਜੂਦ ਹਨ, ਜੋ ਦੱਸਦੇ ਹਨ ਕਿ ਇਹ ਜੇਲ੍ਹ ਅਸਦ ਪਰਿਵਾਰ ਦੇ ਬੇਰਹਿਮ ਅਤੇ ਦਮਨਕਾਰੀ ਸ਼ਾਸਨ ਦਾ ਪ੍ਰਤੀਕ ਸੀ।

ਸ਼ੁਰੂ ਵਿੱਚ ਇਹ ਜੇਲ੍ਹ ਸੀਰੀਅਨ ਮਿਲਟਰੀ ਪੁਲਿਸ ਅਤੇ ਮਿਲਟਰੀ ਇੰਟੈਲੀਜੈਂਸ ਦੀ ਨਿਗਰਾਨੀ ਹੇਠ ਚੱਲ ਰਹੀ ਸੀ। ਇਹ ਜੇਲ੍ਹ ਸੀਰੀਆ ਦੇ ਸਾਬਕਾ ਰਾਸ਼ਟਰਪਤੀ ਤੇ ਬਸ਼ਰ ਅਲ-ਅਸਦ ਦੇ ਪਿਤਾ ਹਾਫ਼ਿਜ਼ ਅਲ-ਅਸਦ ਦੇ ਕਾਰਜਕਾਲ ਦੌਰਾਨ ਸ਼ੁਰੂ ਹੋਈ ਸੀ। ਸੱਜੇਪੱਖੀ ਸੰਗਠਨਾਂ ਮੁਤਾਬਕ ਇਸ ਜੇਲ੍ਹ ਦੇ ਦੋ ਮੁੱਖ ਡਿਟੈਂਸ਼ਨ ਸੈਂਟਰ ਹਨ। ਇੱਕ ਨੂੰ ਵ੍ਹਾਈਟ ਬਿਲਡਿੰਗ ਅਤੇ ਦੂਜੇ ਨੂੰ ਰੈੱਡ ਬਿਲਡਿੰਗ ਕਿਹਾ ਜਾਂਦਾ ਹੈ। ਵ੍ਹਾਈਟ ਬਿਲਡਿੰਗ ਵਿੱਚ ਉਨ੍ਹਾਂ ਮਿਲਟਰੀ ਅਫ਼ਸਰਾਂ ਅਤੇ ਫੌਜੀਆਂ ਨੂੰ ਰੱਖਿਆ ਜਾਂਦਾ ਸੀ, ਜਿਨ੍ਹਾਂ ਨੇ ਅਸਦ ਪਰਿਵਾਰ ਖ਼ਿਲਾਫ਼ ਗੱਦਾਰੀ ਕੀਤੀ ਹੋਵੇ; ਜਦਕਿ ਰੈੱਡ ਬਿਲਡਿੰਗ ਵਿੱਚ ਉਨ੍ਹਾਂ ਦੀ ਸੱਤਾ ਦੇ ਵਿਰੋਧੀਆਂ ਅਤੇ ਇਸਲਾਮਿਸਟ ਗਰੁੱਪ ਦੇ ਸ਼ੱਕੀ ਮੈਂਬਰਾਂ ਨੂੰ ਰੱਖਿਆ ਜਾਂਦਾ ਸੀ। ਜਾਣਕਾਰੀ ਮੁਤਾਬਕ ਇਨ੍ਹਾਂ ਬਿਲਡਿੰਗਾਂ ਵਿੱਚ ਕਰੀਬ 10 ਤੋਂ 20 ਹਜ਼ਾਰ ਲੋਕ ਰਹਿ ਸਕਦੇ ਹਨ। ਪੂਰੀ ਜੇਲ੍ਹ ਨੂੰ ਸੀ.ਸੀ.ਟੀ.ਵੀ. ਕੈਮਰਿਆਂ ਰਾਹੀਂ ਸਖ਼ਤ ਨਿਗਰਾਨੀ ਵਿੱਚ ਰੱਖਿਆ ਜਾਂਦਾ ਸੀ। ਐਮਨੈਸਟੀ ਇੰਟਰਨੈਸ਼ਨਲ ਦੀ 2017 ਦੀ ਰਿਪੋਰਟ ਦੇ ਮੁਤਾਬਕ 2011 ਵਿੱਚ ਜਦੋਂ ਸੀਰੀਆਈ ਸਿਵਿਲ ਵਾਰ ਸ਼ੁਰੂ ਹੋਈ ਤਾਂ ਵ੍ਹਾਈਟ ਬਿਲਡਿੰਗ ਨੂੰ ਖਾਲੀ ਕਰਕੇ ਉੱਥੇ ਉਨ੍ਹਾਂ ਮੁਜ਼ਾਹਰਾਕਾਰੀਆਂ ਨੂੰ ਰੱਖਿਆ ਗਿਆ, ਜਿਨ੍ਹਾਂ ਨੇ ਅਸਦ ਸੱਤਾ ਖ਼ਿਲਾਫ ਆਵਾਜ਼ ਚੁੱਕੀ ਸੀ। ਇਸ ਰਿਪੋਰਟ ਮੁਤਾਬਕ ਰੈੱਡ ਬਿਲਡਿੰਗ ਵਿੱਚ ਰਹਿੰਦੇ ਕੈਦੀਆਂ ਨਾਲ ਕਾਫੀ ਤਸ਼ਦੱਦ ਕੀਤਾ ਗਿਆ, ਉਨ੍ਹਾਂ ਨੂੰ ਮਾਰਿਆ ਗਿਆ, ਰੇਪ ਕੀਤੇ ਗਏ ਅਤੇ ਖਾਣ-ਪੀਣ ਤੇ ਦਵਾਈਆਂ ਤੱਕ ਤੋਂ ਵਾਂਝਾ ਰੱਖਿਆ ਗਿਆ।





ਬਸ਼ਰ-ਅਲ-ਅਸਦ

ਤਖ਼ਤਾਪਲਟ ਤੋਂ ਬਾਅਦ ਲੋਕ ਆਪਣਿਆਂ ਨੂੰ ਲੱਭ ਰਹੇ ਹਨ। ਕੁਝ ਨੂੰ ਤਾਂ ਜੇਲ੍ਹ ਵਿੱਚ ਕੈਦ ਉਨ੍ਹਾਂ ਦੇ ਆਪਣੇ ਮਿਲੇ, ਪਰ ਕੁਝ ਅਜੇ ਵੀ ਤਲਾਸ਼ ਰਹੇ ਹਨ। ਕਈ ਲੋਕਾਂ ਨੂੰ ਨਹੀਂ ਪਤਾ ਕਿ ਇਸ ਜੇਲ੍ਹ ਵਿੱਚ ਬੰਦ ਕੈਦੀ ਜਿਉਂਦੇ ਹਨ ਜਾਂ ਮਾਰ ਦਿੱਤੇ ਗਏ ਹਨ। ਇਹ ਅਜਿਹੇ ਹਨੇਰੇ ਨਾਲ ਭਰੇ ਸੈੱਲ ਹਨ, ਜਿੱਥੇ ਵੈਂਟੀਲੇਸ਼ਨ ਨਾ ਹੋਣ ਕਾਰਨ ਸਾਹ ਲੈਣਾ ਵੀ ਲੋਕਾਂ ਲਈ ਮੁਸ਼ਕਲ ਹੈ। ਜ਼ਮੀਨ ਹੇਠਾਂ ਬਣੇ ਇਨ੍ਹਾਂ ਸੈੱਲਾਂ ਵਿੱਚ ਹਾਲੇ ਵੀ ਕੈਦੀ ਬੰਦ ਹਨ, ਉਹ ਬਾਹਰ ਨਹੀਂ ਨਿਕਲ ਪਾ ਰਹੇ, ਕਿਉਂਕਿ ਇੱਥੇ ਇਲੈਕਟ੍ਰੋਨਿਕ ਦਰਵਾਜ਼ੇ ਹਨ, ਜਿਨ੍ਹਾਂ ਨੂੰ ਖੋਲ੍ਹਣ ਲਈ ਕੋਡਸ ਦੀ ਲੋੜ ਹੈ। ਜਿਨ੍ਹਾਂ ਨੂੰ ਕੱਢਿਆ ਗਿਆ ਹੈ, ਉਨ੍ਹਾਂ ਵਿੱਚੋਂ ਕੋਈ ਚੱਲ ਨਹੀਂ ਪਾ ਰਿਹਾ ਅਤੇ ਕਿਸੇ ਦੀ ਯਾਦਦਾਸ਼ਤ ਜਾ ਚੁੱਕੀ ਹੈ। ਸੇਡਨਾਯਾ ਜੇਲ੍ਹ ਵਿੱਚ ਲਾਪਤਾ ਅਤੇ ਨਜ਼ਰਬੰਦ ਲੋਕਾਂ ਲਈ ਕੰਮ ਕਰ ਰਹੀ ਇੱਕ ਐਸੋਸੀਏਸ਼ਨ (ਏ.ਐੱਮ.ਡੀ.ਐੱਸ.ਪੀ.) ਵੱਲੋਂ ਇੱਕ ਵੀਡੀਓ ਸ਼ੇਅਰ ਕੀਤਾ ਗਿਆ, ਜਿਸ ਵਿੱਚ ਮਹਿਲਾ ਕੈਦੀਆਂ ਨੂੰ ਜੇਲ੍ਹ 'ਚੋਂ ਕੱਢਦਿਆਂ ਦਿਖਾਇਆ ਗਿਆ। ਇਨ੍ਹਾਂ ਵਿੱਚ ਇੱਕ ਬੱਚਾ ਵੀ ਦਿਖਿਆ, ਜੋ ਆਪਣੀ ਮਾਂ ਨਾਲ ਕੈਦ ਸੀ। ਕੈਦੀਆਂ ਨੂੰ ਦੇਖ ਕੇ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜੇਲ੍ਹ ਵਿੱਚ ਉਨ੍ਹਾਂ ਨੂੰ ਤਸ਼ੱਦਦ ਕੀਤਾ ਜਾਂਦਾ ਸੀ।

ਐਮਨੇਸਟੀ ਇੰਟਰਨੈਸ਼ਨਲ ਦੀ ਰਿਪੋਰਟ ਮੁਤਾਬਕ ਵ੍ਹਾਈਟ ਬਿਲਡਿੰਗ ਵਿੱਚ ਐਗਜ਼ੀਕਿਊਸ਼ਨ ਰੂਮ ਵੀ ਬਣਿਆ ਹੈ, ਜਿੱਥੇ ਰੈੱਡ ਬਿਲਡਿੰਗ ਤੋਂ ਲਿਆਂਦੇ ਗਏ ਕੈਦੀਆਂ ਨੂੰ ਫਾਂਸੀ ਦਿੱਤੀ ਜਾਂਦੀ ਸੀ। ਐਮਨੇਸਟੀ ਇੰਟਰਨੈਸ਼ਨਲ ਨੂੰ ਇੱਕ ਸਾਬਕਾ ਗਾਰਡ ਨੇ ਦੱਸਿਆ ਕਿ ਲੰਚ ਟਾਈਮ ਦੌਰਾਨ ਉਨ੍ਹਾਂ ਕੈਦੀਆਂ ਦੀ ਲਿਸਟ ਆਉਂਦੀ ਸੀ, ਜਿਨ੍ਹਾਂ ਨੂੰ ਫਾਂਸੀ ਦੇਣੀ ਹੁੰਦੀ ਸੀ। ਫਿਰ ਉਨ੍ਹਾਂ ਨੂੰ ਬੇਸਮੈਂਟ 'ਚ ਲਿਜਾਇਆ ਜਾਂਦਾ ਸੀ, ਉੱਥੇ ਉਨ੍ਹਾਂ ਨੂੰ ਕੁੱਟਿਆ-ਮਾਰਿਆ ਜਾਂਦਾ ਸੀ ਅਤੇ ਫਿਰ ਫਾਂਸੀ ਦਿੱਤੀ ਜਾਂਦੀ ਸੀ। ਸੱਜੇ ਪੱਖੀ ਸੰਗਠਨਾਂ ਮੁਤਾਬਕ 30,000 ਤੋਂ ਵੱਧ ਕੈਦੀਆਂ ਦੀ ਤਸ਼ੱਦਦ ਨਾਲ, ਭੁੱਖੇ ਰੱਖਣ ਨਾਲ ਜਾਂ ਇਲਾਜ ਨਾ ਮਿਲਣ ਕਰਕੇ ਮੌਤ ਹੋਈ ਜਾਂ ਫਿਰ ਉਨ੍ਹਾਂ ਨੂੰ ਫਾਂਸੀ ਦਿੱਤੀ ਗਈ। ਸਾਲ 2017 ਵਿੱਚ ਯੂ.ਐੱਸ. ਸਟੇਟ ਡਿਪਾਰਟਮੈਂਟ ਨੇ ਦਾਅਵਾ ਕੀਤਾ ਸੀ ਕਿ ਇਸ ਜੇਲ੍ਹ ਦੇ ਪ੍ਰਸ਼ਾਸਨ ਨੇ ਅਜਿਹੇ ਇੰਤਜ਼ਾਮ ਕੀਤੇ ਹੋਏ ਹਨ, ਜਿਨ੍ਹਾਂ ਰਾਹੀਂ ਲਾਸ਼ਾਂ ਨੂੰ ਟਿਕਾਣੇ ਲਗਾਇਆ ਜਾਂਦਾ ਸੀ। ਇਸ ਬਾਬਤ ਉਨ੍ਹਾਂ ਨੇ ਸੈਟੇਲਾਈਟ ਤਸਵੀਰਾਂ ਵੀ ਸਾਂਝੀਆਂ ਕੀਤੀਆਂ ਸਨ। ਏ.ਐੱਮ.ਡੀ.ਐੱਸ.ਪੀ. ਦੀ ਰਿਪੋਰਟ ਮੁਤਾਬਕ ਜੇਲ੍ਹ ਦਾ ਬਾਹਰੀ ਹਿੱਸਾ 200 ਫੌਜੀਆਂ, ਮਿਲਟਰੀ ਇੰਟੈਲੀਜੈਂਸ ਦੇ 250 ਫੌਜੀਆਂ ਅਤੇ ਮਿਲਟਰੀ ਪੁਲਿਸ ਵੱਲੋਂ ਕੜੀ ਨਿਗਰਾਨੀ ਵਿੱਚ ਰੱਖਿਆ ਜਾਂਦਾ ਰਿਹਾ। ਹਾਲਾਂਕਿ ਅਸਦ ਸ਼ਾਸਨ ਹਮੇਸ਼ਾ ਹੀ ਇਨ੍ਹਾਂ ਦੋਸ਼ਾਂ ਨੂੰ ਨਕਾਰਦਾ ਰਿਹਾ ਹੈ।

*ਉਘੇ ਸਿੱਖ ਵਿਦਵਾਨ ਡਾ. ਬਲਕਾਰ ਸਿੰਘ ਨੇ ਹਾਲ ਹੀ ਵਿੱਚ ਅਕਾਲ ਤਖਤ ਸਾਹਿਬ ਵੱਲੋਂ ਅਕਾਲੀ ਲੀਡਰਸ਼ਿਪ ਨੂੰ ਲਾਈ ਤਨਖਾਹ ਦੇ ਸੰਦਰਭ ਵਿੱਚ ਅਕਾਲ ਤਖਤ ਸਾਹਿਬ ਦੇ ਫੈਸਲਿਆਂ ਦੀ ਪ੍ਰਸੰਗਕਤਾ ਤੇ ਅੰਤਰ-ਸਬੰਧਤਾ ਬਾਰੇ ਹਥਲਾ ਲੇਖ 'ਪੰਜਾਬੀ ਪਰਵਾਜ਼' ਨੂੰ ਭੇਜਿਆ ਹੈ। ਅਕਾਲ ਤਖਤ ਸਾਹਿਬ ਦੀ ਸਰਵਉਚਤਾ ਦੇ ਪਰਿਪੇਖ ਵਿੱਚ ਉਨ੍ਹਾਂ ਸਪਸ਼ਟ ਟਿੱਪਣੀ ਕੀਤੀ ਹੈ, "ਅਕਾਲ ਤਖਤ ਸਾਹਿਬ ਤੋਂ ਤਾਂ ਤਨਖਾਹ ਲਾ ਕੇ ਆਪਣਾ ਏਜੰਡਾ ਅਪਣਾ ਕੇ ਅਤੇ ਬੇਗਾਨਾ ਏਜੰਡਾ ਛੱਡ ਕੇ ਤੁਰਨ ਦੀ ਨਸੀਹਤ ਦਿੱਤੀ ਗਈ ਹੈ। ਸੁਝਾਏ ਗਏ ਰਾਹ 'ਤੇ ਤੁਰਾਂਗੇ ਤਾਂ ਪੰਜਾਬ, ਪੰਜਾਬੀਅਤ ਅਤੇ ਅਕਾਲੀਅਤ ਦੀ ਅੰਤਰ-ਸਬੰਧਤਾ 'ਤੇ ਆਧਾਰਤ ਰਾਜਨੀਤੀ ਉਸਾਰ ਸਕਾਂਗੇ ਅਤੇ ਗੁਰੂ ਦੇ ਨਾਮ 'ਤੇ ਜਿਊਣ ਵਾਲਾ ਪੰਜਾਬ ਆਪਣੇ ਆਪ ਉਸਰਨਾ ਸ਼ੁਰੂ ਹੋ ਜਾਵੇਗਾ।" ਉਨ੍ਹਾਂ ਲਿਖਿਆ ਹੈ ਕਿ ਅਕਾਲ ਤਖਤ ਸਾਹਿਬ ਦੇ ਫੈਸਲੇ ਨੂੰ ਪੰਥਕ ਸਿਆਸਤ ਵੱਲ ਮੋੜੇ ਦੀ ਥਾਂ ਸਿੱਖ-ਲੋਕਤੰਤਰਿਕਤਾ ਵੱਲ ਮੋੜੇ ਵਾਂਗ ਵੇਖੇ ਜਾਣ ਦੀ ਲੋੜ ਹੈ। ਇਸ ਦੇ ਨਾਲ ਹੀ ਉਨ੍ਹਾਂ ਇੱਕ ਹੋਰ ਲਿਖਤ 'ਪੰਜਾਬ ਦੀ ਸਮਝ ਅਤੇ ਵਰਤਾਰੇ ਦਾ ਸਿਆਸੀ ਪ੍ਰਸੰਗ' ਵੀ ਭੇਜੀ ਹੈ। ਇਹ ਦੋਵੇਂ ਲਿਖਤਾਂ ਅਸੀਂ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਅਤੇ ਆਪਣੀ ਜੰਮਣ ਭੋਇੰ ਪੰਜਾਬ ਦਾ ਦਿਲੋਂ ਫਿਕਰ ਕਰਨ ਵਾਲੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਪ੍ਰਬੰਧਕੀ ਸੰਪਾਦਕ*



ਚਿੰਤਨ

**ਬਲਕਾਰ ਸਿੰਘ ਪ੍ਰੋਫੈਸਰ**
(ਪਟਿਆਲਾ)
ਫੋਨ:91-9316301328



# ਅਕਾਲ ਤਖਤ ਸਾਹਿਬ ਦੇ ਫੈਸਲਿਆਂ ਦੀ ਪ੍ਰਸੰਗਕਤਾ ਤੇ ਅੰਤਰ-ਸਬੰਧਤਾ

ਫੈਸਲਿਆਂ ਨੂੰ ਸਮਕਾਲ ਦੇ ਪ੍ਰਸੰਗ ਵਿੱਚ ਹੀ ਵੇਖਿਆ ਜਾਣਾ ਚਾਹੀਦਾ ਹੈ, ਪਰ ਫੈਸਲਿਆਂ ਨੂੰ ਪਰੰਪਰਕ ਅਤੇ ਸਿਧਾਂਤਕ ਨਿਰੰਤਰਤਾ ਵਿੱਚ ਵੇਖਾਂਗੇ ਤਾਂ ਫੈਸਲਿਆਂ ਦੀ ਪ੍ਰਸੰਗਕਤਾ ਅਤੇ ਅੰਤਰ-ਸਬੰਧਤਾ ਨੂੰ ਸਮਝਣਾ ਤੇ ਸਮਝਾਉਣਾ ਸੌਖਾ ਹੋ ਜਾਵੇਗਾ। ਤਾਂ ਤੇ ਗੱਲ ਇੱਥੋਂ ਸ਼ੁਰੂ ਕਰਨੀ ਚਾਹੀਦੀ ਹੈ ਕਿ ਅਕਾਲ ਤਖਤ ਸਾਹਿਬ ਦੀ ਸਥਾਪਨਾ ਸਿਆਸੀ ਕੇਂਦਰ ਵਜੋਂ ਨਹੀਂ ਹੋਈ ਸੀ, ਕਿਉਂਕਿ ਬਾਕੀ ਗੁਰੂ ਕਿਰਤਾਂ ਵਾਂਗ ਅਕਾਲ ਤਖਤ ਸਾਹਿਬ ਵੀ ਕਿਸੇ ਕਿਸਮ ਦੀ ਸਿਆਸਤ ਤੋਂ ਮੁਕਤ ਸੀ/ਹੈ। ਇਸੇ ਕਰਕੇ ਇਸ ਸੰਸਥਾ ਦੀ ਸਥਾਪਨਾ ਨੂੰ ਅਚਾਨਕ ਵਾਪਰੀ ਘਟਨਾ ਜਾਂ ਲੋੜ ਵਿੱਚੋਂ ਪੈਦਾ ਹੋਈ ਵਕਤੀ ਲੋੜ ਵੀ ਨਹੀਂ ਸਮਝਿਆ ਜਾਣਾ ਚਾਹੀਦਾ। ਅਕਾਲ ਤਖਤ ਸਾਹਿਬ ਦੀ ਸਥਾਪਨਾ ਨੂੰ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਦੇ ਹਵਾਲੇ ਨਾਲ ਜਿਸ ਤਰ੍ਹਾਂ ਅਕਾਲੀ ਸਿਆਸਤ ਨੇ ਸਮਝਣਾ ਅਤੇ ਵਰਤਣਾ ਸ਼ੁਰੂ ਕੀਤਾ ਹੋਇਆ ਹੈ, ਉਸ ਨੂੰ ਭਗਤੀ ਤੇ ਸ਼ਕਤੀ ਦੀ ਸਿੱਖ ਸਿਧਾਂਤਕਤਾ ਦੀ ਨਿਰੰਤਰਤਾ ਵਿੱਚ ਨਾ ਹੀ ਸਮਝਿਆ ਜਾ ਸਕਦਾ ਹੈ ਅਤੇ ਨਾ ਹੀ ਸਮਝਣਾ ਚਾਹੀਦਾ ਹੈ। ਇਸ ਦਾ ਮੁਢਲਾ ਨਾਮ ਅਕਾਲ ਬੁੰਗਾ ਸੀ ਅਤੇ ਛੇਵੇਂ ਪਾਤਿਸ਼ਾਹ ਹਜ਼ੂਰ ਇੱਥੋਂ ਦੀਵਾਨ ਲਾ ਕੇ ਸੰਗਤਾਂ ਨੂੰ ਸੰਬੋਧਨ ਕਰਿਆ ਕਰਦੇ ਸਨ। ਇਸੇ ਗਤੀ ਵਿਧੀ ਕਾਰਨ ਸੰਗਤੀ ਮਾਨਸਿਕਤਾ ਵਿੱਚ ਅਕਾਲ ਬੁੰਗਾ, ਅਕਾਲ ਤਖਤ ਸਾਹਿਬ ਵਜੋਂ ਪਰਵੇਸ਼ ਕਰ ਗਿਆ ਸੀ। ਇਸ ਦਾ ਪ੍ਰਗਟਾਵਾ ਨੁਮਾਇਆ ਰੂਪ ਵਿੱਚ ਮਿਸਲ ਕਾਲ ਵਿੱਚ ਸਾਹਮਣੇ ਆਇਆ ਸੀ।

ਇਸ ਤੋਂ ਪਹਿਲਾਂ ਭਾਈ ਮਨੀ ਸਿੰਘ ਦੀ ਅਗਵਾਈ ਵਿੱਚ ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਦੀ ਭੂਮਿਕਾ ਰੋਲ-ਮਾਡਲ ਰੂਪ ਵਿੱਚ ਸਾਹਮਣੇ ਆਉਂਦੀ ਰਹੀ ਸੀ। ਇਹ ਧਿਆਨ ਵਿੱਚ ਰਹਿਣਾ ਚਾਹੀਦਾ ਹੈ ਕਿ ਸਮਕਾਲੀ ਸਿਆਸਤ ਤਾਂ ਗੁਰੂ-ਕਾਲ ਵੇਲੇ ਵੀ ਸੀ ਅਤੇ ਗੁਰੂ-ਸਿੱਖਿਆ ਵਿੱਚ ਸਿਆਸਤ ਤੋਂ ਭੱਜਣ ਦੀ ਥਾਂ ਸਿਆਸਤ ਨਾਲ ਨਿਭਣ ਦੀ ਜਾਚ ਸਿਖਾਈ ਜਾਂਦੀ ਰਹੀ ਸੀ। ਸਿਆਸਤ ਤੋਂ ਨਿਰਭੈਅ ਹੋ ਕੇ ਤੁਰਾਂਗੇ ਤਾਂ ਨਿੱਤ ਜੀਵਨ ਦੀ ਚੂਲ ਨੈਤਿਕਤਾ ਦੇ ਬਿਰਦ ਦੀ ਪਾਲਣਾ ਕਰ ਸਕਾਂਗੇ। ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਪੈਦਾ ਹੋਏ ਸਿਆਸੀ ਸੰਘਰਸ਼ ਵੇਲੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਮਨੀ ਸਿੰਘ ਸਨ ਅਤੇ ਉਹ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਦੀ ਭੂਮਿਕਾ ਵੀ ਨਿਭਾਅ ਰਹੇ ਸਨ। ਉਨ੍ਹਾਂ ਨੇ ਇੱਕ ਦੂਜੇ ਵਿਰੁੱਧ ਵਿਚਰਦੇ ਸਿਆਸੀ ਧੜਿਆਂ ਨੂੰ ਇਕੱਠਿਆਂ ਵੀ ਕੀਤਾ ਸੀ ਅਤੇ ਸਿੱਖ ਸੰਸਥਾਵਾਂ 'ਤੇ ਕਬਜਿਆਂ ਨੂੰ ਵੀ ਤੋੜਿਆ ਸੀ। ਇਸੇ ਦੀ ਨਿਰੰਤਰਤਾ ਵਿੱਚ ਜਥੇਦਾਰ ਰਘਬੀਰ ਸਿੰਘ ਦੀ ਅਗਵਾਈ ਵਿੱਚ ਪੰਜ ਸਿੰਘ ਸਾਹਿਬਾਨ ਦੀ ਭੂਮਿਕਾ ਨੂੰ ਵੇਖਾਂਗੇ ਤਾਂ ਸਮਝ ਸਕਾਂਗੇ ਕਿ ਠੀਕ ਸੇਧ ਵਿੱਚ ਲਏ ਹੋਏ ਫੈਸਲੇ ਠੀਕ ਲੀਡਰਸ਼ਿਪ ਲਈ ਲੋੜੀਂਦਾ ਮਾਹੌਲ ਪੈਦਾ ਕਰਦੇ ਹਨ।

ਜਥੇਦਾਰੀ ਸੰਸਥਾ ਦਾ ਰਾਹ ਜਿਸ ਤਰ੍ਹਾਂ ਅਕਾਲੀ ਸਿਆਸਤ ਰੋਕਦੀ ਆਈ ਹੈ, ਉਸ ਤਰ੍ਹਾਂ ਸਿੱਖ ਵਿਰੋਧੀ ਸਿਆਸਤ ਨੇ ਕਦੇ ਨਹੀਂ ਰੋਕਿਆ। ਜਥੇਦਾਰ ਕਿਰਪਾਲ ਸਿੰਘ ਦਾ ਰਾਹ ਵੀ ਸਿੱਖ ਸਿਆਸਤ ਹੀ ਰੋਕਦੀ ਰਹੀ ਸੀ। ਜਥੇਦਾਰ ਦਰਸ਼ਨ ਸਿੰਘ ਨੂੰ ਸਿੱਖ ਸਿਆਸਤ ਕਰਕੇ ਹੀ ਜਾਣਾ ਪਿਆ ਸੀ। ਉਸ ਦੀ ਥਾਂ ਜਥੇਦਾਰ ਮਨਜੀਤ ਸਿੰਘ ਨੇ ਲਈ ਸੀ ਅਤੇ ਉਨ੍ਹਾਂ ਵੱਲੋਂ ਅਕਾਲੀਆਂ ਨੂੰ ਇਕੱਠਿਆਂ ਕਰਨ ਦੀ ਕੀਮਤ ਦੇਣੀ ਪਈ ਸੀ। ਜਥੇਦਾਰ ਰਣਜੀਤ ਸਿੰਘ ਵੀ ਅਕਾਲੀ ਸਿਆਸਤ ਦਾ ਸ਼ਿਕਾਰ ਹੋਏ ਸਨ। ਸਮਾਨੰਤਰ ਜਥੇਦਾਰਾਂ ਦੀ ਨਿਯੁਕਤੀ ਵੀ ਸਿਆਸਤਦਾਨਾਂ ਵੱਲੋਂ ਹੀ ਹੁੰਦੀ ਰਹੀ ਸੀ। ਕਾਰਜਕਾਰੀ ਜਥੇਦਾਰਾਂ ਦੀ ਅਦਲਾ-ਬਦਲੀ ਵਿੱਚ 25 ਸਾਲਾਂ ਬਾਅਦ ਜਥੇਦਾਰ ਰਘਬੀਰ ਸਿੰਘ ਨੂੰ ਪੱਕਾ ਜਥੇਦਾਰ ਲਾਇਆ ਗਿਆ ਸੀ। ਉਨ੍ਹਾਂ ਦੀ ਅਗਵਾਈ ਵਿੱਚ 2 ਦਸੰਬਰ 2024 ਨੂੰ ਕੀਤੇ ਗਏ ਫੈਸਲੇ ਨੂੰ ਵੇਖੀਏ ਤਾਂ ਕਹਿਣਾ ਪਵੇਗਾ ਕਿ ਫੈਸਲਾ ਲੈਣ ਵਾਸਤੇ ਸੁਤੰਤਰ ਸਪੇਸ ਜਿਵੇਂ ਉਨ੍ਹਾਂ ਨੂੰ ਮਿਲੀ ਹੈ, ਉਹ ਪਿਛਲੇ 30 ਸਾਲਾਂ ਵਿੱਚ ਕਿਸੇ ਹੋਰ ਜਥੇਦਾਰ ਨੂੰ ਨਹੀਂ ਮਿਲੀ ਸੀ। ਉਨ੍ਹਾਂ ਵੱਲੋਂ ਸੁਣਾਏ ਗਏ ਫੈਸਲੇ ਵਿੱਚੋਂ ਜਿਵੇਂ ਮੀਡੀਆ ਨੂੰ ਸਿਆਸਤ ਦਿਸਦੀ ਹੈ, ਉਹ ਬਿਲਕੁਲ ਠੀਕ ਨਹੀਂ ਹੈ, ਕਿਉਂਕਿ ਇਸ ਫੈਸਲੇ ਰਾਹੀਂ ਅਕਾਲੀ ਰਾਜਨੀਤੀ ਦੀ ਮੁੜ ਉਸਾਰੀ ਦਾ ਰਾਹ ਅਕਾਲੀ ਦਲ ਦੇ ਵਿਧਾਨ ਮੁਤਾਬਿਕ ਪਰੰਪਰਕ ਸੁਰ ਵਿੱਚ ਖੋਲ੍ਹਿਆ ਗਿਆ ਹੈ। ਸੁਝਾਈ ਗਈ ਕਮੇਟੀ ਨਵੇਂ ਸਿਰਿਓਂ ਭਰਤੀ ਕਰਨ ਵਾਸਤੇ ਅਕਾਲੀਆਂ ਵਿੱਚੋਂ ਹੀ ਬਣਾਈ ਗਈ ਹੈ। ਅਹੁਦੇਦਾਰੀਆਂ ਵੀ ਉਨ੍ਹਾਂ ਤੋਂ ਹੀ ਲਈਆਂ ਗਈਆਂ ਹਨ, ਜਿਨ੍ਹਾਂ ਨੇ ਅਸਤੀਫੇ ਦਿੱਤੇ ਹੋਏ ਹਨ।

ਪ੍ਰਿੰਟ ਅਤੇ ਸੋਸ਼ਲ ਮੀਡੀਆ ਵਿੱਚ ਇੱਕ ਪਾਸੇ ਇਸ ਨੂੰ ਪੰਜਾਬ ਦੀ ਲੋੜੀਂਦੀ ਖੇਤਰੀ ਪਾਰਟੀ ਵਾਸਤੇ ਨਿਕਲੇ ਰਾਹ ਵਜੋਂ ਸਲਾਹਿਆ ਜਾ ਰਿਹਾ ਹੈ ਅਤੇ ਦੂਜੇ ਪਾਸੇ ਇਸ ਸਵਾਲ ਵੀ ਉਠਾਇਆ ਜਾ ਰਿਹਾ ਹੈ ਕਿ ਧਾਰਮਿਕ ਲੀਡਰਸ਼ਿਪ, ਸਿਆਸੀ ਲੀਡਰਸ਼ਿਪ 'ਤੇ ਭਾਰੂ ਤਾਂ ਨਹੀਂ ਹੋ ਜਾਵੇਗੀ? ਇਹ ਸ਼ੰਕੇ ਸਿੱਖ ਧਰਮ ਦੀ ਤਾਸੀਰ ਲੋਕਤੰਤਰਿਕਤਾ ਨੂੰ ਅੱਖੋਂ ਓਹਲੇ ਕਰਕੇ ਕੀਤੇ ਜਾ ਰਹੇ ਹਨ। ਜਿਹੜੇ ਲੋਕਤੰਤਰਿਕ ਪ੍ਰਬੰਧ ਵਿੱਚੋਂ ਭਾਰਤ ਲੰਘ ਰਿਹਾ ਹੈ, ਇਹ ਨੈਤਿਕ ਕਦਰਾਂ ਨਾਲੋਂ ਟੁੱਟਿਆ ਹੋਇਆ ਸਿਆਸੀ ਪ੍ਰਬੰਧ ਹੁੰਦਾ ਜਾ ਰਿਹਾ ਹੈ। ਰਾਜ ਕਰਦੀਆਂ ਪਾਰਟੀਆਂ ਵੋਟ-ਬੈਂਕ ਦੀ ਸਿਆਸਤ ਕਰ ਰਹੀਆਂ ਹਨ, ਜਦੋਂਕਿ ਲੋਕਤੰਤਰ ਨੂੰ ਆਮ ਬੰਦੇ ਦਾ ਸ਼ਸ਼ਕਤੀਕਰਣ (power of imperfect & ordinary) ਹੋਣਾ ਚਾਹੀਦਾ ਹੈ। ਇਸ ਪੱਖ ਨੂੰ ਦੁਨੀਆ ਦੇ ਦਾਨਸ਼ਵਰ, ਨੈਤਿਕ-ਸੁਰ ਵਿੱਚ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕਰਦੇ ਰਹੇ ਹਨ। ਇਸ ਨਾਲ ਅੰਦਰੂਨੀ ਅਤੇ ਬਹਿਰੂਨੀ ਲੋਕਤੰਤਰ ਦੀਆਂ ਪਰਤਾਂ ਸਾਹਮਣੇ ਵੀ ਆਉਂਦੀਆਂ ਰਹੀਆਂ ਹਨ। ਇਸ ਦਾ ਜੀਵਨ ਅਤੇ ਸਾਧਨਾ ਨਾਲ ਸਿੱਧਾ ਸਬੰਧ ਹੈ। ਭਾਰਤੀ ਵਿਧਾਨ ਦੇ ਸਿਆਸੀਕਰਣ ਨਾਲ ਨੈਤਿਕਤਾ ਗੁੰਮ ਹੁੰਦੀ ਨਜ਼ਰ ਆ ਰਹੀ ਹੈ। ਗੁਰਮਤਿ ਮੁਤਾਬਿਕ ਆਤਮ-ਪ੍ਰਬੰਧ ਨਹੀਂ ਰਹੇਗਾ ਤਾਂ ਰਾਜ ਕਰਨ ਦੇ ਅਵਸਰ ਵਿੱਚੋਂ ਰਾਜ ਕਰਨ ਦੀ ਨੈਤਿਕਤਾ ਕਿਰਦੀ ਤੁਰੀ ਰਹੇਗੀ। ਇਸ ਪ੍ਰਸੰਗ ਵਿੱਚ ਸਿੱਖ ਲੋਕਤੰਤਰ, ਜਿਸ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰੱਖੀ ਸੀ ਅਤੇ ਓਸੇ ਨੂੰ ਬੰਦੇ ਦੀ ਥਾਂ ਸ਼ਬਦ-ਗੁਰੂ ਰਾਹੀਂ ਪ੍ਰਾਪਤ ਹੁੰਦੀ ਸਾਂਝੀ-ਸਮਝ ਦੇ ਸਪੁਰਦ ਦਸਮ ਪਾਤਿਸ਼ਾਹ ਹਜ਼ੂਰ ਨੇ ਕੀਤਾ ਸੀ। ਇਸ ਨੂੰ ਲੋਕਤੰਤਰਿਕ ਸਿਧਾਂਤਕੀ ਵਜੋਂ ਸਾਹਮਣੇ ਲਿਆਂਦੇ ਜਾਣ ਦੀ ਲੋੜ ਹੈ। ਇਸ ਦਾ ਆਧਾਰ 'ਨੀਚਾਂ ਅੰਦਰ ਨੀਚ...' ਨੂੰ ਰੱਖਿਆ ਗਿਆ ਹੈ ਅਤੇ ਵਿਅਕਤੀ ਤੇ ਬਹੁਸੰਮਤੀ ਦੀ ਚੌਧਰ ਨੂੰ ਖਤਮ ਕੀਤਾ ਗਿਆ ਹੈ। ਇਸ ਨੂੰ ਨਹੀਂ ਸਾਂਭਾਂਗੇ ਤਾਂ ਫਾਸਿਜ਼ਮ ਵੱਲ ਵਧੀ ਧਰੂਵੀਕਰਣ ਅਤੇ ਬਹੁਸੰਮਤੀ-ਡਿਕਟੇਟਰਸ਼ਿਪ ਵਾਲੀ ਰਾਜਨੀਤੀ ਹਾਵੀ ਹੋ ਜਾਵੇਗੀ। ਇਸੇ ਵਹਿਣ ਵਿੱਚ ਵਹਿ ਗਏ ਅਕਾਲੀਆਂ ਨੂੰ ਅਕਾਲ ਤਖਤ ਸਾਹਿਬ ਤੋਂ ਤਨਖਾਹ ਲਾਈ ਗਈ ਹੈ।

ਇਸ ਨੂੰ ਪੰਥਕ ਸਿਆਸਤ ਵੱਲ ਮੋੜੇ ਦੀ ਥਾਂ ਸਿੱਖ-ਲੋਕਤੰਤਰਿਕਤਾ ਵੱਲ ਮੋੜੇ ਵਾਂਗ ਵੇਖੇ ਜਾਣ ਦੀ ਲੋੜ ਹੈ। ਇਹ ਰਾਹ ਕੀਤੀਆਂ ਭੁੱਲਾਂ ਨੂੰ ਪ੍ਰਵਾਨ ਕਰਕੇ ਅੱਗੇ ਤੁਰਨ ਦਾ ਹੈ। ਇਹ ਫੈਸਲੇ ਨਾਲੋਂ ਵੱਧ ਰਾਹ ਹੈ ਅਤੇ ਇਸ ਰਾਹ ਨੂੰ ਅੱਗ ਬਾਲ ਕੇ ਰੋਕਣ ਵਾਲਿਆਂ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾਣਾ ਚਾਹੀਦਾ। ਸਿਆਸੀ ਚੂੱਲ੍ਹੇ ਬੰਦ ਕਰਨ ਦੀ ਊਰਜਿਤ ਚੇਤਾਵਨੀ ਸਿਆਸੀ ਦੁਕਾਨਦਾਰੀਆਂ ਨੂੰ ਵਿਚਲਿਤ ਵੀ ਕਰ ਰਹੀ ਹੈ ਅਤੇ ਉਕਸਾ ਵੀ ਰਹੀ ਹੈ। ਇਸ ਰਾਹ ਨੂੰ ਸੰਕਟ ਵਿੱਚੋਂ ਨਿਕਲਣ ਦੇ ਅਵਸਰ ਵਾਂਗ ਲਏ ਜਾਣ ਦੀ ਲੋੜ ਹੈ। ਇਸ ਰਾਹ 'ਤੇ ਤੁਰਨ ਵਾਸਤੇ ਪ੍ਰਾਪਤੀਆਂ ਨੂੰ ਬਖਸ਼ਿਸ਼ ਵਾਂਗ ਲੈਣ ਦੀ ਮਾਨਸਿਕਤਾ ਪੈਦਾ ਕਰਨੀ ਪਵੇਗੀ। ਪਿਛਲੇ 30 ਸਾਲਾਂ ਤੋਂ ਕਿਸੇ ਵੀ ਰੰਗ ਦੇ ਅਕਾਲੀਆਂ ਵਿੱਚੋਂ ਵਿਰੋਧ ਜਾਂ ਮਗਰ ਲੱਗਣ ਦੀ ਰਾਜਨੀਤੀ ਕਰਦੇ ਕਰਦੇ ਦਾਗੀਆਂ ਵਿੱਚ ਬਾਗੀ ਅਤੇ ਬਾਗੀਆਂ ਵਿੱਚ ਦਾਗੀ ਵਾਂਗ ਫੜੇ ਗਏ ਹਨ। ਅਕਾਲ ਤਖਤ ਸਾਹਿਬ ਤੋਂ ਤਾਂ ਤਨਖਾਹ ਲਾ ਕੇ ਆਪਣਾ ਏਜੰਡਾ ਅਪਣਾ ਕੇ ਅਤੇ ਬੇਗਾਨਾ ਏਜੰਡਾ ਛੱਡ ਕੇ ਤੁਰਨ ਦੀ ਨਸੀਹਤ ਦਿੱਤੀ ਗਈ ਹੈ। ਸੁਝਾਏ ਗਏ ਰਾਹ 'ਤੇ ਤੁਰਾਂਗੇ ਤਾਂ ਪੰਜਾਬ, ਪੰਜਾਬੀਅਤ ਅਤੇ ਅਕਾਲੀਅਤ ਦੀ ਅੰਤਰ-ਸਬੰਧਤਾ 'ਤੇ ਆਧਾਰਤ ਰਾਜਨੀਤੀ ਉਸਾਰ ਸਕਾਂਗੇ ਅਤੇ ਗੁਰੂ ਦੇ ਨਾਮ 'ਤੇ ਜਿਊਣ ਵਾਲਾ ਪੰਜਾਬ ਆਪਣੇ ਆਪ ਉਸਰਨਾ ਸ਼ੁਰੂ ਹੋ ਜਾਵੇਗਾ। ਅਕਾਲੀ-ਰਾਜਨੀਤੀ ਨੂੰ 'ਚਤੁਰ-ਚਲਾਕੀ ਦੀ ਚੰਚਲ ਖੇਡ' ਵਾਂਗ ਲੈ ਕੇ ਜਿੱਥੇ ਪਹੁੰਚ ਗਏ ਹਾਂ, ਉਸ ਵਿੱਚੋਂ ਗੁਰਮਤਿ ਦੀ ਅਗਵਾਈ ਵਿੱਚ ਰਾਜ ਕਰਨ ਦੀ ਰਾਜਨੀਤੀ ਦੁਆਰਾ ਹੀ ਨਿਕਲਿਆ ਜਾ ਸਕਦਾ ਹੈ। ਇਸੇ ਭਾਵਨਾ ਵਿੱਚ ਗੁਰਮਤਿ ਦੀ ਰੌਸ਼ਨੀ ਵਿੱਚ ਪੰਜ ਸਿੰਘ ਸਾਹਿਬਾਨ ਵੱਲੋਂ ਸੁਝਾਏ ਗਏ ਰਾਹ 'ਤੇ ਸੰਵਾਦ ਹੁੰਦਾ ਰਹਿਣਾ ਚਾਹੀਦਾ ਹੈ।

# ਪੰਜਾਬ ਦੀ ਸਮਝ ਅਤੇ ਵਰਤਾਰੇ ਦਾ ਸਿਆਸੀ ਪ੍ਰਸੰਗ

ਗੁਰੂ ਦੇ ਨਾਮ 'ਤੇ ਜਿਊਣ ਵਾਲਾ ਪੰਜਾਬ ਜੇ ਇਸ ਵੇਲੇ ਲੱਭਦਾ ਨਹੀਂ ਜਾਂ ਨਜ਼ਰ ਨਹੀਂ ਆਉਂਦਾ ਤਾਂ ਪੰਜਾਬੀਆਂ ਮੁਤਾਬਿਕ, ਇਸ ਵੇਲੇ ਦਾ ਪੰਜਾਬ ਵੀ ਕਿਧਰੇ ਨਜ਼ਰ ਨਹੀਂ ਆ ਰਿਹਾ। ਇਸ ਨੂੰ ਪੰਜਾਬ ਦੀ ਚੇਤਨਾ ਲਹਿਰ ਤੋਂ ਸਿਆਸੀ ਜੁਗਾੜਬੰਦੀ ਤੱਕ ਪਹੁੰਚ ਗਏ ਪੰਜਾਬ ਵਾਂਗ ਦੇਖੀਏ ਤਾਂ ਭਾਈਚਾਰਕ ਸਾਂਝ ਤੋਂ ਵੋਟ ਬੈਂਕ ਦੀ ਸਿਆਸਤ ਤੱਕ ਪਹੁੰਚੇ ਪੰਜਾਬ ਵਾਂਗ ਸਮਝਿਆ ਅਤੇ ਸਮਝਾਇਆ ਜਾ ਸਕਦਾ ਹੈ। ਇਸ ਦੇ ਨਾਲ-ਨਾਲ ਪੰਜਾਬ ਦੀ ਵਿਰਾਸਤ ਪ੍ਰਤੀ ਪੰਜਾਬੀ ਵਾਰਸਾਂ ਦੀ ਅਣਗਹਿਲੀ ਦਾ ਹਾਲ ਇਹ ਹੋ ਗਿਆ ਹੈ ਕਿ ਬੇਗਾਨਿਆਂ ਦੀ ਪੰਜਾਬ ਸੰਭਾਲ ਵੱਲ ਵੀ ਪੰਜਾਬੀਆਂ ਦਾ ਧਿਆਨ ਪੁਸਤਕ ਸਭਿਆਚਾਰ ਦੀ ਘਾਟ ਕਰ ਕੇ ਨਹੀਂ ਗਿਆ। ਪੰਜਾਬੀ ਨਾਬਰੀ, ਆਪਣੇ ਆਪ ਪ੍ਰਤੀ ਇਸ ਹੱਦ ਤੱਕ ਨਾਬਰ ਰਹੀ ਹੈ ਕਿ ਪੰਜਾਬੀਆਂ ਦੀ ਬਾਗ਼ੀ ਸੁਰ, ਜਿੰਨਾ ਮਰਨ ਵਾਸਤੇ ਤਤਪਰ ਰਹੀ ਹੈ, ਓਨਾ ਜਿਊਣ ਵਾਸਤੇ ਉਤਸੁਕ ਰਹੀ ਨਹੀਂ ਜਾਪਦੀ। ਪੰਜਾਬੀ, ਸੁਭਾਅ ਵਜੋਂ ਤਬਦੀਲੀ ਦਾ ਮੁੱਦਈ ਰਿਹਾ ਹੈ, ਪਰ ਵਿਹਾਰ ਵਿੱਚ ਤਬਦੀਲੀ ਵਾਸਤੇ ਬੇਗਾਨਿਆਂ ਦੇ ਏਜੰਡੇ ਮੁਤਾਬਿਕ ਹੀ ਵਰਤਿਆ ਜਾਂਦਾ ਰਿਹਾ ਹੈ। ਇਸੇ ਕਰ ਕੇ ਪੰਜਾਬੀਆਂ ਨੂੰ ਵਿਰੋਧੀਆਂ ਨਾਲ ਲੜਨਾ ਤਾਂ ਜਿਸ ਤਰ੍ਹਾਂ ਖ਼ੂਬ ਆਉਂਦਾ ਹੈ, ਉਸ ਤਰ੍ਹਾਂ ਆਪਣੇ ਆਪ ਨਾਲ ਲੜਨਾ ਨਹੀਂ ਆਉਂਦਾ। ਪੰਜਾਬ ਦੀ ਬਜ਼ੁਰਗਾਨਾ ਸਿਆਣਪ ਇਹ ਰਹੀ ਕਿ ਜੇ ਸੁਨਣਾ ਨਹੀਂ, ਸਮਝਣਾ ਨਹੀਂ ਤਾਂ ਜਾਹ ਫਿਰ ਗਾਉਂਦਾ ਫਿਰ! ਇਸ ਵਰਤਾਰੇ ਨੇ ਇੱਥੇ ਲੈ ਆਂਦਾ ਹੈ ਕਿ ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ!

ਪੰਜਾਬ ਨੂੰ ਦਰਪੇਸ਼ ਮਸਲਿਆਂ ਦੀ ਨਿਸ਼ਾਨਦੇਹੀ ਨਾ ਕਰ ਸਕਣ ਵਾਲੇ ਵੀ ਕਿੰਨੇ ਫਿਕਰਮੰਦ ਹਨ, ਇਸ ਦਾ ਅੰਦਾਜ਼ਾ ਹਰ ਤਰ੍ਹਾਂ ਦੇ ਮੀਡੀਆ ਪ੍ਰਗਟਾਵਿਆਂ ਤੋਂ ਲਾਇਆ ਜਾ ਸਕਦਾ ਹੈ। ਮੀਡੀਆ ਪ੍ਰਗਟਾਵਿਆਂ ਨਾਲ ਓਨਾ ਸੁਧਰਿਆ ਨਹੀਂ ਜਾਪਦਾ, ਜਿੰਨਾ ਵਿਗੜਿਆ ਨਜ਼ਰ ਆ ਰਿਹਾ ਹੈ। ਸਿਆਸਤ ਨੇ ਮੀਡੀਆ ਨੂੰ ਬਾਜ਼ਾਰ ਵਿੱਚੋਂ ਕੱਢ ਕੇ ਬਾਜ਼ਾਰਵਾਦ ਵਿੱਚ ਸਿਆਸੀ ਚਤੁਰਾਈ ਦੁਆਰਾ ਇਸ ਤਰ੍ਹਾਂ ਟਿਕਾ ਦਿੱਤਾ ਹੈ ਕਿ ਚੇਤਨਾ ਪਰਤਾਂ ਵੀ ਬਾਜ਼ਾਰੀਕਰਨ ਦੀ ਪੈਰਵਾਈ ਕਰਦੀਆਂ ਨਜ਼ਰ ਆਉਣ ਲੱਗ ਪਈਆਂ ਹਨ। ਭਰਮਾਊ ਤਿਫਲ-ਤਸੱਲੀਆਂ ਦੀ ਸਿਆਸਤ ਨੂੰ ਇਸ ਦਾ ਹਾਸਲ ਮੰਨ ਲਿਆ ਗਿਆ ਹੈ। ਸੁਤੰਤਰ ਭਾਰਤ ਦੀ ਵਰਤਮਾਨ ਸਿਆਸਤ ਬਰਾਸਤਾ ਜਗੀਰਦਾਰੀ ਸਿਆਸਤ, ਸਰਮਾਏਦਾਰੀ ਸਿਆਸਤ ਅਤੇ ਕਾਰਪੋਰੇਟੀ ਸਿਆਸਤ ਤੱਕ ਪਹੁੰਚ ਗਈ ਹੈ। ਇਸ ਨੂੰ ਖੱਬੇ ਅਤੇ ਸੱਜੇ ਉਲਾਰ ਦੀ ਸਿਆਸਤ ਨਾਲ ਨਿਭਦਿਆਂ ਰਾਸ਼ਟਰਵਾਦੀ ਸਿਆਸਤ ਤੱਕ ਪਹੁੰਚਣਾ ਪੈ ਗਿਆ ਹੈ। ਇਸ ਨੂੰ ਸੱਜੇ ਉਲਾਰ ਦੀ ਸਿਆਸੀ ਅਜਾਰੇਦਾਰੀ ਵੀ ਕਿਹਾ ਜਾ ਸਕਦਾ ਹੈ। ਇਸ ਦੀ ਮੋਢੀ ਆਰ.ਐੱਸ.ਐੱਸ. ਦੇਸ਼ ਦੀ ਵੰਡ ਵੇਲੇ ਵੀ ਸਰਗਰਮ ਸੀ, ਪਰ ਸੁਤੰਤਰ ਭਾਰਤ ਦੀ ਸਿਆਸਤ ਵਿੱਚ ਆਰ.ਐੱਸ.ਐੱਸ. ਦੇ ਪੈਰ ਉਸ ਤਰ੍ਹਾਂ ਨਹੀਂ ਲੱਗੇ ਸਨ, ਜਿਵੇਂ 2014 ਤੋਂ ਲਗਾਤਾਰ ਭਾਜਪਾ ਦੀ ਅਗਵਾਈ ਵਿੱਚ ਲੱਗੇ ਹੋਏ ਹਨ। ਕਾਂਗਰਸ ਦੇ ਕੇਂਦਰੀਕਰਨ ਦੀ ਸਿਆਸਤ ਸੂਬਾਈ ਸਿਆਸਤ ਦਾ ਉਸ ਤਰ੍ਹਾਂ ਨੁਕਸਾਨ ਨਹੀਂ ਕਰ ਸਕੀ ਸੀ, ਜਿਸ ਤਰ੍ਹਾਂ ਦਾ ਸੂਬਾਈ ਸਿਆਸਤ ਦਾ ਨੁਕਸਾਨ ਭਾਜਪਾ ਦੀ ਅਗਵਾਈ ਵਿੱਚ ਸਾਹਮਣੇ ਆ ਰਿਹਾ ਹੈ। ਭਾਜਪਾ ਦਾ ਆਰ.ਐੱਸ.ਐੱਸ. ਨਾਲ ਉਹੋ ਜਿਹਾ ਰਿਸ਼ਤਾ ਹੈ, ਜਿਹੋ ਜਿਹਾ ਕਿਸੇ ਵੇਲੇ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਰਿਹਾ ਸੀ, ਪਰ ਆਰ.ਐੱਸ.ਐੱਸ. ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਿਧਾਂਤਕ ਧਰਾਤਲ ਬਿਲਕੁਲ ਵੱਖਰੀ-ਵੱਖਰੀ ਹੈ। ਸਿਆਸੀ ਸੁਰ ਵਿੱਚ ਜਿਵੇਂ ਸ਼੍ਰੋਮਣੀ ਅਕਾਲੀ ਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅਪਹਰਨ ਕਰ ਲਿਆ ਸੀ, ਬਿਲਕੁਲ ਉਸੇ ਤਰ੍ਹਾਂ ਆਰ.ਐੱਸ.ਐੱਸ. ਦੇ ਅਪਹਰਨ ਦਾ ਸੰਘਰਸ਼ ਵੀ ਚੱਲ ਰਿਹਾ ਹੈ। ਇਸੇ ਦੀ ਰੌਸ਼ਨੀ ਵਿੱਚ ਪੰਜਾਬ ਦੀ ਸਿਆਸੀ ਸਮਝ ਅਤੇ ਸਿਧਾਂਤਕ ਵਰਤਾਰੇ ਨੂੰ ਦੇਖਿਆ ਵੀ ਜਾਣਾ ਚਾਹੀਦਾ ਹੈ ਅਤੇ ਸਮਝਿਆ ਵੀ ਜਾਣਾ ਚਾਹੀਦਾ ਹੈ।

ਆਰ.ਐੱਸ.ਐੱਸ. ਜਿਸ ਸਿਧਾਂਤਕ ਧਰਾਤਲ 'ਤੇ ਭਾਜਪਾਈ ਸਿਆਸਤ ਨੂੰ ਉਸਾਰਦੀ ਰਹੀ ਹੈ, ਉਸ ਬਾਰੇ ਇਹ ਸਾਹਮਣੇ ਲਿਆਉਣ ਦੀ ਕੋਸ਼ਿਸ਼ ਹੈ ਕਿ ਇਸ ਪਰੰਪਰਾ ਦੀ ਸਿਧਾਂਤਕੀ ਨੂੰ ਭਾਰਤੀ ਪ੍ਰਸੰਗ ਵਿੱਚ ਪਹਿਲਾਂ ਸੰਤ ਪਰੰਪਰਾ ਅਤੇ ਫਿਰ ਭਗਤ ਪਰੰਪਰਾ ਨੇ ਨਕਾਰਿਆ ਸੀ। ਇਨ੍ਹਾਂ ਦੋਹਾਂ ਦੀ ਨਾਬਰੀ ਸੁਰ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਬਦ ਗੁਰੂ ਦੀ ਸਿਧਾਂਤਕੀ ਵਜੋਂ ਸੰਭਾਲਿਆ ਹੋਇਆ ਹੈ। ਆਰ.ਐੱਸ.ਐੱਸ. ਦੇ ਹਿੰਦੂ ਰਾਸ਼ਟਰਵਾਦ ਦੀ ਸਿਆਸਤ ਨੂੰ ਦੇਸ਼ ਦੀ ਵੰਡ ਵਾਸਤੇ ਵਰਤੀ ਦੋ ਕੌਮਾਂ ਦੀ ਸਿਆਸੀ ਸਿਧਾਂਤਕੀ ਨੂੰ ਸ਼ਹਿ ਬੇਸ਼ੱਕ ਮਿਲੀ ਸੀ, ਪਰ ਕਾਂਗਰਸ ਨੇ ਆਰ.ਐੱਸ.ਐੱਸ. ਦੇ ਏਜੰਡੇ ਨੂੰ ਜਿਥੇ ਸੀ, ਉਥੇ ਹੀ ਰੋਕਣ ਦੀ ਸਿਆਸਤ ਲਗਾਤਾਰ ਕੀਤੀ। ਉਂਝ, ਕਾਂਗਰਸ ਵੀ ਆਰ.ਐੱਸ.ਐੱਸ. ਦੇ ਪੈਰੋਕਾਰਾਂ ਨੂੰ ਸਿਆਸੀ ਵੋਟ ਬੈਂਕ ਵਾਂਗ ਵਰਤਦੀ ਰਹੀ ਸੀ। ਇਸ ਦਾ ਵਿਰੋਧ ਕਾਂਗਰਸ ਦੇ ਅੰਦਰੋਂ ਗੈਰ-ਹਿੰਦੂ ਸਿਆਸਤਦਾਨ ਕਰਦੇ ਰਹੇ। ਉਸ ਵਿਰੋਧ ਵੱਲ ਧਿਆਨ ਨਾ ਦਿੱਤੇ ਜਾਣ ਦਾ ਸਿਆਸੀ ਨੁਕਸਾਨ ਕਾਂਗਰਸ ਨੂੰ 2014 ਵਿੱਚ ਹੋਇਆ ਅਤੇ ਉਹੀ ਲਗਾਤਾਰ ਝੱਲਣਾ ਪੈ ਰਿਹਾ ਹੈ। ਇਸ ਨਾਲ ਸਿੱਝਣ ਦੀ ਸਿਆਸਤ ਕਾਂਗਰਸ ਨੂੰ ਉਸੇ ਸੂਬਾਈ

⇒ ਬਾਕੀ ਸਫਾ 11 ਉਤੇ ਪੜ੍ਹੋ

ਦਰਿਆ ਸੁੱਕੇ, ਪਹਾੜ ਪੁੱਟੇ

# ਮਿੱਟੀ ਖਾਣੇ ਸੱਪਾਂ ਦੇ ਰਾਜ-ਭਾਗ ਦੀਆਂ ਰਹਿਮਤਾਂ

ਜਸਵੀਰ ਸਿੰਘ ਸ਼ੀਰੀ




**ਸੀਰੀਆ ਵਾਲੇ ਡਿਕਟੇਟਰ ਦੀ ਸੱਤਾ ਗਿਰੀ ਤਾਂ ਪਤਾ ਲੱਗਿਆ ਕਿ ਮਾਈ ਦੇ ਲਾਲ ਕੋਲ ਸੈਂਕੜੇ ਟਨ ਸੋਨਾ ਸੀ। ਲੋਕਾਂ ਲਈ ਤਸੀਹਾ ਘਰ ਅਤੇ ਆਪਣੇ ਲਈ ਅੱਯਾਸ਼ੀ ਦੇ ਅੱਡੇ। ਨਸ਼ੇ ਦਾ ਸੱਭ ਤੋਂ ਵੱਡਾ ਵਪਾਰੀ ਪਤੰਦਰ ਆਪ ਹੀ ਸੀ। ਕਿਤੇ ਸਾਡੇ ਇੱਥੇ ਵੀ ਇਹੋ ਕੁਝ ਤੇ ਨਹੀਂ? ਗੁਬਾਰਾ ਫੁੱਟਿਆਂ ਹੀ ਪਤਾ ਲੱਗਣਾ।**

ਪੂਰਬੀ ਪੰਜਾਬ ਦਾ ਜੇ ਮੈਂ ਸਮੁੱਚੇ ਰੂਪ ਵਿੱਚ ਨਕਸ਼ਾ ਖਿੱਚਾਂ ਤਾਂ ਇਹ ਬਣਦਾ ਹੈ ਕਿ ਇੱਕ ਪਾਸੇ ਤਾਂ ਪੰਜਾਬ ਵਿੱਚੋਂ ਲੰਘਦੇ ਢਾਈ ਦਰਿਆਵਾਂ ਵਿੱਚ ਵਗਦਾ ਪਾਣੀ ਹੁਣ ਜਿੱਥੇ ਕੁਝ ਪ੍ਰੋਜੈਕਟਾਂ ਰਾਹੀਂ ਪਹਾੜੀ ਰਾਜਾਂ ਤੋਂ ਹੀ ਦੱਖਣ ਪੂਰਬ ਵੱਲ ਖਿੱਚਣ ਦਾ ਯਤਨ ਕੀਤਾ ਜਾ ਰਿਹਾ ਹੈ, ਉਥੇ ਬਾਕੀ ਬਚਦਾ ਰੋਪੜ ਤੋਂ ਪਿੱਛੇ ਅਤੇ ਫਿਰ ਹਰੀਕੇ ਪੱਤਣ ਤੋਂ ਪੰਜਾਬ ਤੋਂ ਬਾਹਰ ਵੱਲ ਖਿੱਚ ਲਿਆ ਜਾਂਦਾ ਹੈ। ਇਸ ਦਾ ਸਿੱਟਾ ਇਹ ਹੈ, ਅਕਸਰ ਹੀ ਦਰਿਆਵਾਂ ਵਿੱਚ ਹੜ੍ਹਾਂ ਨਾਲ ਉੱਜੜਨ ਵਾਲੇ ਸਾਡੇ ਇਸ ਛੋਟੇ ਜਿਹੇ ਰਾਜ ਦੇ ਖੇਤ, ਗੈਰ-ਬਰਸਾਤੀ ਮੌਸਮ ਵਿੱਚ ਦਰਿਆਈ/ਨਹਿਰੀ ਪਾਣੀ ਲਈ ਤਰਸ ਜਾਂਦੇ ਹਨ।

ਸਾਡੀ ਇੱਥੇ ਖੇਤੀ 70/80 ਫੀਸਦੀ ਮੋਟਰਾਂ, ਡੂੰਘੇ ਬੋਰਾਂ ਨਾਲ ਸਿੰਜੀ ਜਾਂਦੀ ਹੈ, ਜਦਕਿ ਰਾਜਸਥਾਨ ਦੇ ਟਿੱਬੇ ਨਹਿਰੀ ਪਾਣੀ ਨਾਲ ਤਰੌਤ ਕੀਤੇ ਜਾ ਰਹੇ ਹਨ। ਜ਼ਮੀਨਦੋਜ਼ ਪਾਣੀ ਦਾ ਪੱਧਰ ਲਗਾਤਾਰ ਗਿਰ ਰਿਹਾ ਹੈ। ਖੇਤੀ ਮਾਹਿਰ ਐਜੂਕੇਸ਼ਨਿਸਟ ਸਰਦਾਰਾ ਸਿੰਘ ਜੌਹਲ ਨੇ ਇੱਕ ਮੁਲਾਕਾਤ ਵਿੱਚ ਕਿਹਾ ਕਿ ਪੰਜਾਬ ਦਾ ਜ਼ਮੀਨ ਹੇਠਲਾ ਪਾਣੀ ਜੇ ਇਸ ਤਰ੍ਹਾਂ ਕੱਢਣਾ ਜਾਰੀ ਰਿਹਾ ਤਾਂ ਇਹ ਸਿਰਫ 14-15 ਸਾਲ ਦੀ ਖੇਡ ਹੈ। ਮੁੜ ਕੇ ਵੇਖੀ ਜਾਇਓ ਆਨੇ ਵਾਲੀ ਥਾਂ 'ਤੇ ਹੱਥ ਲਾ-ਲਾ ਕੇ।

ਸਤਲੁਜ ਦਰਿਆ ਤਾਂ ਰੋਪੜ ਤੋਂ ਅੱਗੇ ਹੁਣ ਤਕਰੀਬਨ ਸੁੱਕ ਹੀ ਗਿਆ ਹੈ। ਇੱਕ ਕੱਸੀ ਕੁ ਜਿੰਨਾ ਪਾਣੀ ਹੀ ਅੱਜ-ਕੱਲ੍ਹ ਇਸ ਵਿੱਚ ਵਗਦਾ ਹੈ। ਇਹਨੂੰ ਵੀ ਬੁੱਢੇ ਦਰਿਆ ਰਾਹੀਂ ਲੁਧਿਆਣੇ ਦਾ ਜ਼ਹਿਰੀਲਾ ਪਾਣੀ ਪਲੀਤ ਕਰੀ ਜਾ ਰਿਹਾ ਹੈ। ਬਚਦੇ ਸਤਲੁਜ ਦਾ ਰੇਤਾ ਸਿਆਸਤਦਾਨਾਂ ਨੇ ਖਾਣਾ ਸ਼ੁਰੂ ਕੀਤਾ ਹੋਇਆ ਹੈ। ਪੰਜਾਬ-ਹਰਿਆਣਾ ਦੇ ਬਾਰਡਰਾਂ- ਖਨੌਰੀ ਅਤੇ ਸ਼ੰਭੂ ਵਿਖੇ ਪੰਜਾਬ ਦੇ ਕਿਸਾਨ ਆਪਣੀਆਂ ਮੰਗਾਂ ਦੇ ਹੱਕ ਵਿੱਚ ਮੋਰਚਾ ਲਗਾਈਂ ਬੈਠੇ ਹਨ। ਬੇਰੁਜ਼ਗਾਰ/ਕੱਢੇ ਹੋਏ ਪ੍ਰੋਫੈਸਰ ਲਾਠੀਆਂ ਖਾ ਰਹੇ ਹਨ। ਪਿਛਲੇ ਕੁਝ ਹੀ ਦਿਨਾਂ ਵਿੱਚ ਪੰਜਾਬ ਦੇ ਸਰਹੱਦੀ ਖੇਤਰ ਦੇ ਕਈ ਥਾਣਿਆਂ ਵਿੱਚ ਧਮਾਕੇ ਹੋਏ ਹਨ, ਜਾਂ ਗਰਨੇਡ ਸੁੱਟੇ ਗਏ ਹਨ। ਕੁਝ ਦੀ ਜ਼ਿੰਮੇਵਾਰੀ ਕਥਿਤ ਗੈਂਗਸਟਰਾਂ ਨੇ ਲਈ ਹੈ, ਬਾਕੀ ਹਾਲੇ ਲਾਵਾਰਸ ਹਨ।

ਇਸ ਤੋਂ ਇਲਾਵਾ ਸਿੱਖ ਖਾੜਕੂਵਾਦ ਨਾਲ ਸੰਬੰਧਤ ਰਹੇ ਨਰਾਇਣ ਸਿੰਘ ਚੌੜਾ ਵੱਲੋਂ ਸੁਖਬੀਰ ਸਿੰਘ ਬਾਦਲ 'ਤੇ ਕੀਤੇ ਗਏ ਹਮਲੇ ਨੂੰ ਲੈ ਕੇ ਰਵਾਇਤੀ ਅਕਾਲੀਆਂ ਅਤੇ ਰੈਡੀਕਲ ਸਿੱਖ ਧਿਰਾਂ ਵਿਚਕਾਰ ਇੱਕ ਡੂੰਘੀ ਲਕੀਰ ਖਿੱਚੀ ਗਈ ਹੈ। ਪੰਜਾਬ ਦੀ ਅਕਾਲੀ ਸਿਆਸਤ ਅੰਦਰ ਸੰਵਿਧਾਨ ਦੇ ਘੇਰੇ ਵਿੱਚ ਰਹਿ ਕੇ ਆਪਣੀ ਸਿਆਸਤ ਚਲਾਉਣ ਵਾਲੀਆਂ ਧਿਰਾਂ ਦਾ ਸਿੱਖ ਰੈਡੀਕਲਜ਼ ਜਾਂ ਸਿੱਖਾਂ ਦੇ ਕੁਝ ਦਬਾਅ ਗਰੁੱਪਾਂ ਨਾਲ ਜੈਵਿਕ ਰਿਸ਼ਤਾ ਬਣਦਾ ਕਿਧਰੇ ਵਿਖਾਈ ਨਹੀਂ ਦੇ ਰਿਹਾ। ਕਿਸੇ ਸਫਲ ਸਿਆਸੀ ਮੁਹਿੰਮ ਲਈ ਇਸ ਕਿਸਮ ਦੇ ਰਿਸ਼ਤੇ ਬੇਹੱਦ ਜ਼ਰੂਰੀ ਹੁੰਦੇ ਹਨ। ਕਿਸੇ ਕੌਮ/ਕੌਮੀਅਤ/ਸੱਭਿਆਚਾਰ ਦੀ ਸਿਆਸੀ ਮੁਹਿੰਮ ਨੂੰ ਅਜਿਹੇ ਰਿਸ਼ਤੇ ਸਮੁੱਚ (ਹੋਲਿਸਟਕ ਰੂਪ 'ਚ) ਐਕਟੀਵੇਟ ਕਰਦੇ ਹਨ। ਅੰਨ੍ਹੀ ਕਿਸਮ ਦੀ ਸ਼ਰੀਕੇਬਾਜ਼ੀ ਸਾਡੇ ਸੁਭਾਅ ਅਤੇ ਸੱਭਿਆਚਾਰ ਵਿੱਚ ਰਚਿਆ ਹੋਇਆ ਅਸਾਧ ਰੋਗ ਹੈ, ਜਿਹੜਾ ਸਾਡੀ ਹੋਣੀ ਦੀ ਬੇੜੀ ਦੇ ਪਾਰ ਲੱਗਣ ਵਿੱਚ ਵੱਡਾ ਅੜਿਕਾ ਬਣ ਗਿਆ ਹੈ।

ਕਿਸਾਨ ਜਥੇਬੰਦੀਆਂ ਦਾ ਹਾਲ ਵੇਖ ਲਓ, ਨੌਂ ਪੂਰਬੀਏ ਅਠਾਰਾਂ ਚੁੱਲ੍ਹਿਆਂ ਵਾਲੀ ਹਾਲਤ ਹੈ। ਹਰੇਕ ਦੀ ਜ਼ਿੱਦ ਹੈ ਬਈ ਮੈਨੂੰ ਸਾਰਾ ਕੁਝ ਪਤਾ, ਸਾਰੇ ਮੇਰੀ ਹੀ ਅਗਵਾਈ ਵਿੱਚ ਚੱਲਣ। ਹਾਲ ਸਾਡਾ ਇਹ ਹੈ ਕਿ ਪਾਣੀ ਪੀਣ ਦੇ ਲਾਇਕ ਨਹੀਂ ਤੇ ਹਵਾ ਸਾਹ ਲੈਣ ਦੇ ਕਾਬਲ ਨਹੀਂ। ਜਵਾਨੀ ਕੋਲ ਰੁਜ਼ਗਾਰ ਜੋਗਾ ਸਕਿੱਲ ਨਹੀਂ। ਮੁੰਡੇ-ਕੁੜੀਆਂ ਜਦੋਂ ਦੇ ਅੰਗਰੇਜ਼ੀ ਨੂੰ ਮਾੜਾ ਮੋਟਾ ਮੂੰਹ ਮਾਰਨ ਲੱਗੇ ਹਨ, ਪੰਜਾਬੀ ਭੁੱਲ ਗਏ ਹਨ। ਕਲਾਸ ਗਿਆਰਵੀਂ, ਤੇ ਪੈਂਤੀ ਯਾਦ ਨਹੀਂ! ਮੇਰੀਆਂ ਗੱਲਾਂ ਝੂਠੀਆਂ ਲੱਗਣ ਤਾਂ ਪੰਜਾਬ ਵਿੱਚ ਆਪਣੇ ਆਲੇ-ਦੁਆਲੇ ਦੁਕਾਨਾਂ ਦੇ ਬੋਰਡਾਂ, ਕੰਧਾਂ 'ਤੇ ਲਿਖੇ ਇਸ਼ਤਿਹਾਰਾਂ, ਮੀਲ ਪੱਥਰਾਂ, ਬੱਸਾਂ, ਟਰੱਕਾਂ ਅਤੇ ਕਾਰਾਂ ਵਗੈਰਾ 'ਤੇ ਲਿਖੀ ਪੰਜਾਬੀ ਨੂੰ ਧਿਆਨ ਨਾਲ ਵੇਖਣਾ, ਬਹੁਤ ਸਾਰੀ ਗਲਤ ਲਿਖੀ ਮਿਲੇਗੀ। ਸੋਸ਼ਲ ਮੀਡੀਆ ਅਤੇ ਵੈਬ ਚੈਨਲਾਂ 'ਤੇ ਅਕਸਰ ਪੰਜਾਬੀ ਗਲਤ ਲਿਖੀ ਹੁੰਦੀ ਹੈ। ਦੂਰ ਦੁਰਾਡੇ ਦੇ ਪਿੰਡਾਂ ਦੇ ਸਕੂਲ ਵੇਖਣਾ, ਬਾਹਰੋਂ ਕੰਧਾਂ ਲਿੱਪੀਆਂ-ਪੋਚੀਆਂ ਅਤੇ ਸੁਰਖ਼ੀ ਬਿੰਦੀ ਨਾਲ ਸਜੀਆਂ ਮਿਲਣਗੀਆਂ। ਮੁੱਖ ਬੋਰਡ 'ਤੇ ਲਿਸ਼ਕਦਾ 'ਸਮਾਰਟ ਸਕੂਲ' ਤੁਹਾਡਾ ਸੁਆਗਤ ਕਰੇਗਾ; ਪਰ ਅੰਦਰ ਵੜੋਗੇ ਤਾਂ ਬੋਰਡ ਟੁੱਟੇ ਮਿਲਣਗੇ, ਟੀਚਰ ਸੁੱਤੇ, ਬੈਂਚ ਉੱਖੜੇ ਹੋਏ, ਸਰਾਕਾਰ ਵੱਲੋਂ ਭੇਜੇ ਕੰਪਿਊਟਰ ਕਬਾੜ ਖ਼ਾਨੇ ਵਿੱਚ ਲੱਭਣਗੇ।

ਪਿੰਡਾਂ ਦੇ ਸਕੂਲਾਂ ਨਾਲ ਲਗਦੀਆਂ ਗਰਾਊਂਡਾਂ ਵਿੱਚ ਸਾਡੇ ਵੇਲਿਆਂ 'ਚ ਅਕਸਰ ਸ਼ਾਮਾਂ ਨੂੰ ਮੁੰਡੇ ਤਕੜੀ ਗਿਣਤੀ ਵਿੱਚ ਖੇਡਦੇ ਸਨ। ਹੁਣ ਇਹ ਸੁੰਨੇ ਹਨ। ਕਾਈ, ਘਾਹ ਫੂਸ, ਸਰਿੰਜਾਂ/ਸੂਈਆਂ/ਨਸ਼ੇ ਦੇ ਟੀਕਿਆਂ ਦੇ ਕੱਚ ਜਾਂ ਨਾਜਾਇਜ਼ ਕਬਜ਼ਿਆਂ ਦਾ ਸ਼ਿਕਾਰ ਹੋ ਗਏ ਹਨ। ਜਿਹੜੇ ਛੋਟੇ-ਛੋਟੇ ਪਿੰਡ ਬੜੇ ਸੁਥਰੇ ਹੁੰਦੇ ਸਨ, ਉਨ੍ਹਾਂ ਦੀਆਂ ਨਾਲੀਆਂ ਆਧੁਨਿਕ ਟੱਟੀਆਂ ਦੇ ਪਾਣੀ ਅਤੇ ਲਿਫਾਫਿਆਂ ਨਾਲ ਭਰ ਗਈਆਂ ਹਨ। ਖੇਤਾਂ/ਘਰਾਂ ਵਿੱਚ ਪੂਰਬੀਏ ਕੰਮ ਕਰਦੇ ਹਨ, ਸਰਦਾਰ ਜੀ ਵਧੇ ਹੋਏ ਢਿੱਡ ਨੂੰ ਪਲੋਸਦੇ ਹਨ। ਸਾਹਿਬਜ਼ਾਦਾ ਗਿੱਚੀ ਚੁੱਕਵੇਂ ਵਾਲ ਕਟਾ, ਕੰਨ 'ਚ ਮੁੰਦਰ ਪਾ, ਸ਼ਹਿਰ ਦੀ ਗੇੜੀ 'ਤੇ ਚੜ੍ਹਿਆ ਹੋਇਆ ਹੈ। ਸ਼ਹਿਰਾਂ ਦੀਆਂ ਗਰੀਬ ਬਸਤੀਆਂ ਵਿੱਚ ਨਵਾਂ-ਨਵਾਂ ਬਣਿਆ ਸੀਵਰੇਜ ਬੰਦ ਪਿਆ ਹੈ ਅਤੇ ਸੜੇ ਹੋਏ ਪਾਣੀ ਦੀ ਝੀਲ ਬਣ ਗਈ ਹੈ। ਵੱਡੇ-ਵੱਡੇ ਹਾਈਵੇ ਬਣ ਰਹੇ ਹਨ। ਜਿਧਰ ਨੂੰ ਜੀ ਕਰਦਾ ਸੜਕਾਂ ਕੱਢੀਂ ਤੁਰੇ ਜਾਂਦੇ। ਓਵਰ-ਬ੍ਰਿੱਜਾਂ ਦੀ ਓਟ 'ਚ ਛੋਟੇ ਸ਼ਹਿਰ/ਕਸਬੇ ਰੀਂਘਣ ਲੱਗੇ ਹਨ। ਬਾਰਸ਼ ਬਾਅਦ ਵਿੱਚ ਹੁੰਦੀ ਹੈ, ਹੜ੍ਹ ਪਹਿਲਾਂ ਆ ਜਾਂਦਾ। ਪਿੰਡਾਂ ਦੇ ਰਾਹਾਂ ਵਿੱਚ ਉੱਖਲੀਆਂ, ਖੂਹੀਆਂ ਬਣ ਗਈਆਂ ਹਨ। ਸ਼ਹਿਰਾਂ ਲਾਗੇ ਵਸੇ ਜੱਟ ਜ਼ਮੀਨਾਂ ਵੇਚ ਕੇ ਕੋਠੀਆਂ ਪਾ ਰਹੇ ਹਨ ਅਤੇ ਲਗਜ਼ਰੀ ਕਾਰਾਂ ਖਰੀਦ ਰਹੇ ਹਨ। ਸਭ ਕੁਝ ਲੁਟਾ ਕੇ ਖੁਦਕਸ਼ੀਆਂ ਵੀ ਕਰੀ ਜਾਂਦੇ ਹਨ।

ਇੰਡਸਟਰੀ ਤਾਂ ਸਾਡੇ ਲਈ ਹੁਣ ਰੁਜ਼ਗਾਰ ਨਹੀਂ, ਜ਼ਹਿਰਾਂ ਜੰਮਦੀ ਐ! ਅਖ਼ਬਾਰਾਂ ਨੂੰ ਖ਼ਬਰ ਦੇ ਅੰਦਰ ਲੁਕਿਆ ਹੋਇਆ ਇਸ਼ਤਿਹਾਰ ਚਾਹੀਦਾ। ਚੈਨਲਾਂ ਦੇ ਮਾਲਕਾਂ ਨੂੰ ਸਟੇਜ 'ਤੇ ਚੀਕਾਂ ਮਾਰਦੇ ਐਂਕਰ ਤੇ ਸਨਸਨੀ। ਸਿਆਸਤਦਾਨਾਂ ਨੇ ਘੁਟਾਲੇ ਕਰਨ, ਬੈਂਕਾਂ ਲੁੱਟਣ, ਝੂਠ ਬੋਲਣ, ਠੱਗੀ ਮਾਰਨ, ਲਾਰੇ ਲਾਉਣ, ਹਿੰਸਾ ਭੜਕਾਉਣ ਦੇ ਰਿਕਾਰਡ ਤੋੜ ਦਿੱਤੇ ਹਨ। ਸੀਰੀਆ ਵਾਲੇ ਡਿਕਟੇਟਰ ਦੀ ਸੱਤਾ ਗਿਰੀ ਤਾਂ ਪਤਾ ਲੱਗਿਆ ਕਿ ਮਾਈ ਦੇ ਲਾਲ ਕੋਲ ਸੈਂਕੜੇ ਟਨ ਸੋਨਾ ਸੀ। ਲੋਕਾਂ ਲਈ ਤਸੀਹਾ ਘਰ ਅਤੇ ਆਪਣੇ ਲਈ ਅੱਯਾਸ਼ੀ ਦੇ ਅੱਡੇ। ਨਸ਼ੇ ਦਾ ਸੱਭ ਤੋਂ ਵੱਡਾ ਵਪਾਰੀ ਪਤੰਦਰ ਆਪ ਹੀ ਸੀ। ਕਿਤੇ ਸਾਡੇ ਇੱਥੇ ਵੀ ਇਹੋ ਕੁਝ ਤੇ ਨਹੀਂ? ਗੁਬਾਰਾ ਫੁੱਟਿਆਂ ਹੀ ਪਤਾ ਲੱਗਣਾ।

## ਕਿਸਾਨ ਲਹਿਰ ਮੁੜ ਕੇ ਲੋਕ ਲਹਿਰ ਬਣਨ ਲੱਗੀ

**ਸਫਾ ਇੱਕ ਦੀ ਬਾਕੀ...**

ਨਾਲ ਹੈ ਜਾਂ ਕਿਸ ਧਿਰ ਕੋਲ ਉਨ੍ਹਾਂ ਦੇ ਮਸਲੇ ਹੱਲ ਕਰਨ ਜੋਗਰੀ ਸੱਤਿਆ ਹੈ।

ਇਸ ਮੌਕੇ ਪੰਜਾਬ-ਕਿਸਾਨ (ਅਕਾਲੀ) ਪੱਖੀ ਸਿਅਸਤ ਆਪਣੇ ਪਤਨ ਦੀਆਂ ਆਖਰੀ ਨਿਵਾਣਾਂ ਨੂੰ ਛੂਹ ਰਹੀ ਹੈ। ਜਿਉਂ ਜਿਉਂ ਸਮਾਂ ਬੀਤ ਰਿਹਾ ਹੈ, ਸ. ਡੱਲੇਵਾਲ ਦੀ ਸਿਹਤ ਨਾਜ਼ੁਕ ਹੁੰਦੀ ਜਾ ਰਹੀ ਹੈ। ਇਸ ਨਾਲ ਉਨ੍ਹਾਂ ਪ੍ਰਤੀ ਲੋਕਾਂ ਦੀ ਸੰਵੇਦਨਾ, ਹਮਦਰਦੀ ਅਤੇ ਖਿੱਚ ਲਗਾਤਾਰ ਵਧ ਰਹੀ ਹੈ। ਡੱਲੇਵਾਲ ਦੀ ਜਥੇਬੰਦੀ ਬੀ.ਕੇ.ਯੂ. (ਸਿੱਧੂਪੁਰ) ਭਾਵੇਂ ਐਲਾਨੀਆ ਗੈਰ-ਸਿਆਸੀ ਹੈ, ਪਰ ਉਨ੍ਹਾਂ ਦਾ ਪੰਗਾ ਸਿਆਸਤਦਾਨਾਂ ਨਾਲ ਪਿਆ ਹੋਇਆ ਹੈ। ਜ਼ਿੰਦਗੀ ਦਾ ਕੋਈ ਵੀ ਖੇਤਰ ਹੋਵੇ, ਉਸ ਦੇ ਮਸਲੇ ਜੇ ਨਾ ਸੁਲਝਾਏ ਜਾਣ ਤਾਂ ਉਸ ਦਾ ਆਖਰੀ ਪੰਗਾ ਸਿਆਸਤ ਨਾਲ ਹੀ ਪੈਣਾ ਹੁੰਦਾ ਹੈ। ਇਸ ਲਈ ਸ. ਡੱਲੇਵਾਲ ਦੀ ਇਹ ਮੁਹਿੰਮ ਗੈਰ-ਸਿਆਸੀ ਹੋਣ ਦੇ ਬਾਵਜੂਦ ਸਮਾਜ, ਰਾਜ, ਸਿਆਸੀ ਆਗੂਆਂ ਅਤੇ ਨੌਜਵਾਨਾਂ, ਖਾਸ ਕਰ ਪੰਜਾਬ ਦੇ ਪੇਂਡੂ ਨੌਜਵਾਨਾਂ 'ਤੇ ਅਸਰ ਛੱਡ ਰਹੀ ਹੈ। ਇਸ ਲਈ ਆਉਣ ਵਾਲੇ ਨੇੜ ਭਵਿੱਖ ਵਿੱਚ ਇਹ ਅਸਰ ਸਮਾਜ ਅਤੇ ਇਸ ਖਿਤੇ ਦੀ ਸਿਆਸਤ 'ਤੇ ਨਾਂਹਮੁਖੀ ਜਾਂ ਹਾਂਮੁਖੀ, ਕਿਸੇ ਵੀ ਕਿਸਮ ਦੇ ਪ੍ਰਭਾਵ ਛੱਡ ਸਕਦੇ ਹਨ। ਇਨ੍ਹਾਂ ਪ੍ਰਭਾਵਾਂ ਨੂੰ ਉਸਾਰੂ ਦਿਸ਼ਾ ਦੇਣ ਲਈ ਪੰਜਾਬ ਵਿੱਚ ਕੁਝ ਸੁਹਿਰਦ ਸਿਆਸੀ ਆਗੂਆਂ ਦਾ ਹੋਣਾ ਬੇਹੱਦ ਜ਼ਰੂਰੀ ਹੈ। ਖਾਸ ਕਰਕੇ ਉਸ ਸਥਿਤੀ ਵਿੱਚ, ਜਦੋਂ ਬੀਤੇ ਵਿੱਚ ਪੰਜਾਬ ਦੇ ਧਰਮ-ਓ-ਸਿਆਸੀ ਅਤੇ ਆਰਥਕ ਮਸਲਿਆਂ ਨੂੰ ਦਿਸ਼ਾ ਦੇਣ ਵਾਲੀ ਧਿਰ ਅਕਾਲੀ ਦਲ, ਸਿਆਸੀ ਪਿੜ ਵਿੱਚੋਂ ਲੱਗਪਗ ਗੈਰ-ਸਰਗਰਮ ਹੋ ਗਿਆ ਹੈ।

ਇਸ ਦਰਮਿਆਨ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਸੰਘਰਸ਼ ਤੋਂ ਬਾਹਰ ਰਹਿ ਰਹੀਆਂ ਕਿਸਾਨ ਜਥੇਬੰਦੀਆਂ ਨੂੰ ਮੌਜੂਦਾ ਕਿਸਾਨ ਸੰਘਰਸ਼ ਦੀ ਹਮਾਇਤ ਕਰਨ ਦਾ ਸੱਦਾ ਵੀ ਦਿੱਤਾ ਹੈ। ਉਸ ਦਾ ਇਹ ਸੱਦਾ ਰਾਕੇਸ਼ ਟਿਕੈਤ ਦੇ ਖਨੌਰੀ ਬਾਰਡਰ 'ਤੇ ਕਿਸਾਨ ਜਥੇਬੰਦੀਆਂ ਨੂੰ ਏਕਤਾ ਦੀ ਅਪੀਲ ਕਰਨ ਤੋਂ ਬਾਅਦ ਆਇਆ ਹੈ। ਯਾਦ ਰਹੇ, ਦਸੰਬਰ ਦੇ ਮਹੀਨੇ ਵਿੱਚ ਸਰਵਣ ਸਿੰਘ ਪੰਧੇਰ ਤਿੰਨ ਵਾਰ 101 ਕਿਸਾਨਾਂ ਦੇ ਜਥੇ ਦਿੱਲੀ ਵੱਲ ਭੇਜਣ ਦਾ ਯਤਨ ਕਰ ਚੁੱਕੇ ਹਨ, ਪਰ ਸੁਰੱਖਿਆ ਦਸਤਿਆਂ ਵੱਲੋਂ ਕੀਤੀ ਗਈ ਸਖਤੀ ਸਦਕਾ ਉਹ ਅਜਿਹਾ ਕਰਨ ਵਿੱਚ ਸਫਲ ਨਹੀਂ ਹੋ ਸਕੇ। ਇਸ ਦੌਰਾਨ ਕਾਫੀ ਗਿਣਤੀ ਵਿੱਚ ਕਿਸਾਨ ਆਗੂ ਅਤੇ ਕਾਰਕੁੰਨ ਸੁਰੱਖਿਆ ਦਸਤਿਆਂ ਵੱਲੋਂ ਛੱਡੇ ਗਏ ਅੱਥਰੂ ਗੈਸ ਦੇ ਗੋਲਿਆਂ ਅਤੇ ਚਲਾਈਆਂ ਗਈਆਂ ਰਬੜ ਦੀਆਂ ਗੋਲੀਆਂ ਨਾਲ ਜ਼ਖਮੀ ਵੀ ਹੋਏ ਹਨ।


DJ RJB Entertainment Inc.
One of Chicagoland's leading Mobile DJ Companies.
We do all types of parties
*Weddings
*Private Parties
*Birthdays, Sweet 16's
*Engagements
*Retirement Parties
*Nightclubs
*Corporate Parties & much more!
Social: Instagram
Facebook
Youtube: djrjbmusic
Website: djrjbmusic.com
Ph: 630-770-0007
Our company is located in Naperville, IL, but we travel nationwide.
We offer industry standard equipment, state of the art sound and lighting, and digital turntables. We will do all we can to make sure your party is one of the most memorable nights of your life



Harminder Kaur
Realtor
Cell: 224-848-2686
harminder.kaur@cbrealty.com
www.harminderkaur.sites.cbmoxi.com
1212 S. Naper Blvd, Ste# 122
Naperville, IL 60540
COLDWELL BANKER | REALTY
Owned by a subsidiary of Anywhere Advisors LLC.

# ਸ਼ਹੀਦ ਮਾਤਾ ਗੁਜਰੀ

**(‘ਸਿੱਖ ਧਰਮ ਦੀਆਂ ਮਹਾਨ ਇਸਤਰੀਆਂ’ ਵਿੱਚੋਂ ਧੰਨਵਾਦ ਸਹਿਤ)**



ਪੁਰਾਣੇ ਸਮੇਂ ਦੌਰਾਨ ਠੰਡੇ ਬੁਰਜ ਦੀ ਤਸਵੀਰ

ਕੇਵਲ ਮਾਤਾ ਗੁਜਰੀ ਜੀ ਹੀ ਇੱਕ ਐਸੀ ਸ਼ਖਸੀਅਤ ਹੋਏ ਹਨ, ਜੋ ਆਪ ਸ਼ਹੀਦ, ਜਿਸ ਦਾ ਪਤੀ (ਗੁਰੂ ਤੇਗ ਬਹਾਦਰ ਜੀ ਸ਼ਹੀਦ), ਜਿਸ ਦਾ ਸਪੁੱਤਰ ਗੁਰੂ ਗੋਬਿੰਦ ਸਿੰਘ ਜੀ ਸ਼ਹੀਦ, ਜਿਸ ਦੇ ਪੋਤਰੇ (ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ) ਸ਼ਹੀਦ, ਜਿਸ ਦਾ ਭਰਾ (ਮਾਮਾ ਕ੍ਰਿਪਾਲ ਚੰਦ ਜੀ) ਸ਼ਹੀਦ, ਜਿਸ ਦੇ ਪੰਜੇ ਨੰਨੇਤਰੇ (ਬੀਬੀ ਵੀਰੋ ਜੀ ਦੇ ਪੰਜੇ ਪੁੱਤਰ- ਸੰਘੋ ਸ਼ਾਹ ਜੀ, ਗੁਲਾਬ ਚੰਦ ਜੀ, ਜਤੀ ਮਲ ਜੀ, ਗੰਗਾ ਰਾਮ ਜੀ ਅਤੇ ਬਾਹਰੀ ਚੰਦ ਜੀ) ਸ਼ਹੀਦ।

ਸੰਘੋ ਸ਼ਾਹ ਜੀ ਦੀ ਭੰਗਾਣੀ ਦੇ ਯੁਧ ਵਿੱਚ ਸੂਰਮਗਤੀ ਦੇਖ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਸ਼ਾਹ ਸੰਗਰਾਮ ਹੋਣ ਦਾ ਖਿਤਾਬ ਵੀ ਦਿੱਤਾ ਸੀ ਅਤੇ ਬਾਬਾ ਜਤੀ ਮੂਲ ਦੀ ਸ਼ਹਾਦਤ ਵੇਲੇ ‘ਹਠੀ ਜਵਾਨ’ ਲਿਖ ਸਤਿਕਾਰਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਸਤਰ-ਵਿਦਿਆ ਦੇਣ ਲਈ ਸਾਹਿਬ ਗੁਰੂ ਤੇਗ ਬਹਾਦਰ ਜੀ ਨੇ ਸੰਘੋ ਸ਼ਾਹ ਨੂੰ ਹੀ ਨਿਯਤ ਕੀਤਾ ਸੀ।

ਇਸ ਮਹਾਨ ਮਾਤਾ ਗੁਜਰੀ ਜੀ ਦਾ ਜਨਮ ਕਰਤਾਰਪੁਰ (ਜਲੰਧਰ) ਵਿਖੇ ਭਾਈ ਲਾਲ ਚੰਦ ਜੀ ਦੇ ਘਰ ਮਾਤਾ ਬਿਸ਼ਨ ਕੌਰ ਜੀ ਦੀ ਕੁੱਖੋਂ ਸੰਨ 1627 ਨੂੰ ਹੋਇਆ ਸੀ। ਛੋਟੀ ਉਮਰ ਵਿੱਚ ਹੀ ਆਪ ਜੀ ਦਾ ਅਨੰਦ ਕਾਰਜ (ਗੁਰੂ) ਤੇਗ ਬਹਾਦਰ ਜੀ ਨਾਲ ਹੋ ਗਿਆ। ਨਾਨਕੇ ਆਪ ਜੀ ਦੇ ਲਖਨੌਰ ਸਾਹਿਬ ਸਨ। ਯਾਦ ਰਹੇ, ਲਖਨੌਰ ਸਾਹਿਬ ਕੇਵਲ ਮਾਤਾ ਗੁਜਰੀ ਦਾ ਖੂਹ ਹੀ ਹੈ, ਜਿਸ ਦਾ ਜਲ ਮਿੱਠਾ ਤੇ ਸਵੱਛ ਹੈ। ਇਰਦ-ਗਿਰਦ ਦੇ ਸਾਰੇ ਹੀ ਖੂਹ ਖਾਰੇ ਹਨ।

ਗੁਰੂ ਤੇਗ ਬਹਾਦਰ ਜੀ ਕਿਉਂਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਭ ਤੋਂ ਛੋਟੇ ਬੱਚੇ ਸਨ। ਇਸ ਲਈ ਵਿਆਹ ਦਾ ਸਭਨਾਂ ਨੂੰ ਬਹੁਤ ਚਾਅ ਸੀ। ਕਰਤਾਰਪੁਰ ਬਰਾਤ ਢੁਕੀ ਤੇ ਛਬਿ ਨਿਰਾਲੀ ਸੀ। ਵਿਆਹ ਤੋਂ ਪਿਛੋਂ ਜਦ ਮਾਤਾ ਗੁਜਰੀ ਜੀ ਨੂੰ ਡੋਲੇ ਪਾਣ ਲੱਗੇ ਤਾਂ ਮਾਤਾ ਬਿਸ਼ਨ ਕੌਰ ਜੀ ਨੇ ਕੋਲ ਬਿਠਾ ਕੇ ਕਿਹਾ, ‘ਬੇਟਾ! ਨਾਮ ਨੂੰ ਲਾਜ ਨਾ ਲੱਗਣ ਦੇਵੀਂ। ਗੁਜਰੀ ਦੇ ਅਰਥ ਹੀ ਸੁਖ ਦੇਣਾ ਹੈ।’ ਅਤੇ ਫਿਰ ਕਿਹਾ ਕਿ ਪਤੀ ਨੂੰ ਪ੍ਰਮੇਸ਼ਰ ਜਾਣ ਸੇਵਾ ਕਰੀਂ। ਇਸ ਦੇ ਟਾਕਰੇ ਦੀ ਹੋਰ ਕੋਈ ਸੇਵਾ ਨਹੀਂ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦੇ ਸ਼ਬਦਾਂ ਵਿੱਚ:

ਪਤਿ ਸਮ ਈਸ ਪਛਾਨ ਕੈ,
ਹੇ ਪੁਤਰੀ ਕਰ ਸੇਵ।
ਪਤਿ ਪ੍ਰਮੇਸ਼ਰ ਜਾਨੀਏ,
ਔਰ ਤੁਛ ਲਖ ਏਵ।

ਉਧਰ ਭਾਈ ਲਾਲ ਚੰਦ ਜੀ ਹੱਥ ਜੋੜ ਸਾਹਿਬ ਗੁਰੂ ਹਰਿਗੋਬਿੰਦ ਜੀ ਨੂੰ ਇਹ ਕਹਿ ਰਹੇ ਸਨ ਕਿ ਉਨ੍ਹਾਂ ਕੋਲੋਂ ਸੇਵਾ, ਸੰਭਾਲ ਨਹੀਂ ਹੋ ਸਕੀ, ਸੋ ਖਿਮਾਂ ਦੇਣਾ। ਜਦ ਲਾਲ ਚੰਦ ਜੀ ਨੇ ਇਹ ਕਿਹਾ:

“ਨਹਿ ਸਰਯੋ ਕਛੂ ਢਿਗ ਮੋਰ।’

(ਸਾਡੇ ਕੋਲੋਂ ਆਪ ਜੀ ਦੇ ਸਨਮਾਨ ਵਜੋਂ ਕੁੱਝ ਨਹੀਂ ਹੋ ਸਕਿਆ) ਤਾਂ ਉਸ ਸਮੇਂ ਸਾਹਿਬ ਗੁਰੂ ਹਰਿਗੋਬਿੰਦ ਜੀ ਨੇ ਜੋ ਫਰਮਾਇਆ, ਜੋ ਲੜਕੇ ਵਾਲੇ ਧਿਆਨ ਵਿੱਚ ਰੱਖਣ ਤਾਂ ਦਾਜ ਪ੍ਰਥਾ ਦੀ ਬੀਮਾਰੀ ਕਈ ਘਰ ਨਾ ਉਜਾੜੇ। ਸਿੱਖ ਲੈਣ ਤੇ ਸੁਖੀ ਰਹਿਣ ਦਾ ਜੋ ਨੁਸਖਾ ਮਹਾਰਾਜ ਜੀ ਨੇ ਦਸਿਆ, ਉਸ ਨੂੰ ਅਪਣਾਏ ਬਗੈਰ ਗ੍ਰਹਿਸਤ ਵਿੱਚ ਅਨੰਦ ਨਹੀਂ ਹੋ ਸਕਦਾ। ਮਹਾਰਾਜ ਨੇ ਫਰਮਾਇਆ:

ਲਾਲ ਚੰਦ ਤੁਮ ਦੀਨੋ ਸਕਲ ਬਿਸਾਲਾ॥
ਜਿਨ ਤਨੁਜਾ ਅਰਪਨ ਕੀਨੇ॥
ਕਯਾ ਪਾਛੇ ਤਿਨ ਰਖ ਲੀਨੇ॥ (ਰਾਸ 12, 611)

ਫਿਰ ਕਿਹਾ ਕਿ ਇਹ ਹੀ ਅਰਦਾਸ ਕਰਨੀ ਕਿ (ਗੁਰੂ) ਹਰਿਗੋਬਿੰਦ ਦੇ ਘਰੋਂ ਨਿੰਘ ਆਵੇ, ਸੇਕ ਨਾਂਹ।

ਇਹ ਮਾਤਾ ਗੁਜਰੀ ਤੇ ਗੁਰੂ ਤੇਗ ਬਹਾਦਰ ਦੀ ਐਸੀ ਜੋੜੀ ਬਣੀ ਹੈ ਕਿ ਸਭ ਦੇਖ ਕਹਿੰਦੇ ਸਨ, ਇਹ ਜੋੜੀ ਵਿਧਾਤਾ ਨੇ ਆਪ ਸੁੰਦਰਤਾ ਵਿੱਚ ਡੁਬੋ ਕੇ ਸਾਜੀ ਹੈ:

“ਕਹਿ ਤੇਗ ਬਹਾਦਰ ਜੋਰੀ।
ਬਿਧ ਰਚੀ ਰੁਚਿਰ ਰੁਚਿ ਬੋਰੀ।’

ਗੁਜਰੀ ਜੀ ਸ਼ਰਮ, ਲਜਾ ਤੇ ਨਿਮਰਤਾ ਦੀ ਮੂਰਤ ਸਨ। ਉਨ੍ਹਾਂ ਕਦੇ ਨੈਣ ਵੀ ਉਚੇ ਨਹੀਂ ਕੀਤੇ ਸਨ। ਸੱਸ, ਮਾਤਾ ਜੀ ਨੂੰ ਕਦੇ ਮੌਕਾ ਹੀ ਨਹੀਂ ਸੀ ਦਿੱਤਾ ਕਿ ਉਨ੍ਹਾਂ ਨੂੰ ਕੁਝ ਕਹਿਣਾ ਪਵੇ। ਹਰ ਸਮੇਂ ਸੇਵਾ ਵਿੱਚ ਜੁਟੇ ਰਹਿੰਦੇ। ਜਦ ਵਿਆਹ ਤੋਂ ਕੁਝ ਚਿਰ ਬਾਅਦ ਹੀ ਕਰਤਾਰਪੁਰ ਵਿਖੇ ਗੁਰੂ ਹਰਿਗੋਬਿੰਦ ਜੀ ਨੂੰ ਪੈਂਦੇ ਖਾਨ ਦੀ ਚੁਕ ਤੇ ਮੁਗਲ ਸੈਨਾ ਨਾਲ ਜੰਗ ਲੜਨੀ ਪਈ ਤਾਂ ਮਾਤਾ ਗੁਜਰੀ ਜੀ ਨੇ ਜੋ ਸਾਹਸ ਦੱਸਿਆ, ਉਸ ਦਾ ਵਰਣਨ ਮੁਹਸਨ ਫਾਨੀ ਨੇ ਕੀਤਾ ਹੈ। ਇਹ ਪਹਿਲੀ ਜੰਗ ਸੀ, ਜੋ ਗੁਰੂ-ਮਹਲ ਗੁਰੂ-ਪੁਤਰੀ ਅਤੇ ਮਾਤਾ ਗੁਜਰੀ ਨੇ ਅੱਖੀਂ ਡਿੱਠੀ। ਮਕਾਨਾਂ ਦੀਆਂ ਛੱਤਾਂ ਤੇ ਚੜ੍ਹ ਅੱਖੀਂ ਮਾਤਾ ਗੁਜਰੀ ਜੀ ਆਪਣੇ ਸਿਰ ਦੇ ਸਾਈਂ ਗੁਰੂ ਤੇਗ ਬਹਾਦਰ ਜੀ ਨੂੰ ਜੁਝਦੇ ਦੇਖ, ਹਲਾਸ਼ੇਰੀ ਵੀ ਦੇ ਰਹੇ ਸਨ। ਇਸੇ ਜੰਗ ਵਿੱਚ ਗੁਰੂ ਤੇਗ ਬਹਾਦਰ ਜੀ ਨੂੰ ਕਮਾਲ ਹੁਸ਼ਿਆਰੀ ਤੇ ਚਾਤਰੀ ਨਾਲ ਤਲਵਾਰ ਚਲਾਂਦੇ ਦੇਖ ਛੇਵੇਂ ਪਾਤਸ਼ਾਹ ਨੇ ਕਿਹਾ ਸੀ:

“ਤੂੰ ਤਿਆਗ ਮਲ ਤਾਂ ਨਹੀਂ, ਤੇਗ ਬਹਾਦਰ ਹੈ।”

ਗੁਰੂ ਹਰਿਗੋਬਿੰਦ ਜੀ ਨੇ ਗੁਰੂ ਗੱਦੀ ਦੀ ਜ਼ਿੰਮੇਵਾਰੀ ਗੁਰੂ ਹਰਿ ਰਾਇ ਜੀ ਨੂੰ ਸੌਂਪ ਦਿੱਤੀ ਸੀ, (ਗੁਰੂ) ਤੇਗ ਬਹਾਦਰ ਜੀ ਨੇ ਆਪੂੰ ਮੱਥਾ ਟੇਕ ਆਗਿਆ ਪਾਲੀ ਸੀ। ਛੇਵੇਂ ਪਾਤਸ਼ਾਹ ਦੇ ਹੁਕਮ ਕਰਨ ‘ਤੇ ਹੀ ਆਪ ਜੀ, ਮਾਤਾ ਨਾਨਕੀ ਤੇ ਮਾਤਾ ਗੁਜਰੀ ਜੀ ਨਾਲ ਬਾਬਾ ਬਕਾਲੇ ਆ ਗਏ ਸਨ।

ਬਾਬਾ ਬਕਾਲਾ ਵਿਖੇ ਤਕਰੀਬਨ 21 ਸਾਲ ਜੋ ਤਪ, ਤਿਆਗ, ਸੇਵਾ ਸਿਮਰਨ ਗੁਰੂ ਤੇਗ ਬਹਾਦਰ ਜੀ ਅਤੇ ਮਾਤਾ ਗੁਜਰੀ ਜੀ ਨੇ ਕੀਤਾ, ਉਸ ਦੀ ਉਦਾਹਰਣ ਮਿਲਣੀ ਕਠਿਨ ਹੈ। ਬਾਬਾ ਬਕਾਲਾ ਵਿਖੇ ਕਈ ਘੰਟੇ ਗੁਰਬਾਣੀ ਦਾ ਪਾਠ ਕਰਨ ਦਾ ਜ਼ਿਕਰ ਸਿੱਖ ਇਤਿਹਾਸ ਨੇ ਕੀਤਾ ਹੈ, ਇਹ ਹੀ ਤਪਾਂ ਸਿਰ ਤਪ ਸੀ। ਇਹ ਹੀ ਜੋਗ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤ੍ਰ ਨਾਟਕ ਵਿੱਚ ਇਸ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ ਕਿ ਮੇਰੇ ਮਾਤਾ (ਗੁਜਰੀ ਜੀ) ਤੇ ਤਾਤ (ਗੁਰੂ ਤੇਗ ਬਹਾਦਰ ਜੀ) ਦੋਵਾਂ ਨੇ ਐਸੀ ਤਪੱਸਿਆ ਕੀਤੀ ਕਿ ਉਸ ‘ਤੇ ਵਾਹਿਗੁਰੂ ਪ੍ਰਸੰਨ ਹੋਏ। ਬਚਿੱਤਰ ਨਾਟਕ ਸ਼ਬਦਾਂ ਵਿਚ:

ਤਾਤ ਮਾਤ ਮੁਰ ਅਲਖ ਅਰਾਧਾ॥
ਬਹੁ ਬਿਧਿ ਜੋਗ ਸਾਧਨਾ ਸਾਧਾ॥੩॥
ਤਿਨ ਜੋ ਕਰੀ ਅਲਖ ਕੀ ਸੇਵਾ॥
ਤਾਤੇ ਭਏ ਪ੍ਰਸੰਨਿ ਗੁਰਦੇਵਾ॥
ਤਿਨ ਪ੍ਰਭ ਜਬ ਆਇਸ ਮੁਹਿ ਦੀਯਾ॥
ਤਬ ਹਮ ਜਨਮ ਕਲੂ ਮਹਿ ਲੀਆ॥੪॥
(ਬਚਿਤ੍ਰ ਨਾਟਕ, ਪੰਨਾ 55)

ਉਧਰ ਗੁਰੂ ਗੋਬਿੰਦ ਸਿੰਘ ਜੀ ਹੇਮਕੁੰਟ ‘ਤੇ ਤਪਸਿਆ ਵਿੱਚ ਲੀਨ ਹੋ ਵਾਹਿਗੁਰੂ ਨਾਲ ਇੱਕ ਮਿੱਕ ਹੋਏ ਸਨ। ਉਨ੍ਹਾਂ ਦੀ ਘਾਲਣਾ ਤੇ ਖੁਸ਼ ਹੋ ਕੇ ਵਾਹਿਗੁਰੂ ਨੇ ਹੁਕਮ ਦਿੱਤਾ ਕਿ ਮਾਤ-ਲੋਕ ਵਿੱਚ ਜਾ ਕੇ ਨਿਰਭੈ ਪਦ ਪਾਵਨ ਦੀ ਜਾਚ ਜਗਤ ਨੂੰ ਦਸੋ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਇਸ ਅਦੁਤੀ ਤਪਸਿਆ ਕਰਦੀ ਜੋੜੀ ਦੇ ਘਰ ਹੋਇਆ।

ਮਾਂ ਗੁਜਰੀ ਅਤੇ ਬਾਪ ਗੁਰੂ ਤੇਗ ਬਹਾਦਰ ਜੀ ਨੇ ਐਸੀ ਪਾਲਣ ਪੋਸ਼ਣਾ ਕੀਤੀ ਕਿ ਅਖਾਣ ਹੀ ਬਣ ਗਿਆ। ਪਹਿਲਾ ਪਟਨਾ ਸਾਹਿਬ, “ਅਨਿਕ ਭਾਂਤ ਤਨ ਰਛਾ, ਫਿਰ ਅਨੰਦਪੁਰ ਸਾਹਿਬ ‘ਭਾਂਤ-ਭਾਂਤ ਦੀ ਸਿਛਾ’ ਦਿਤੀ।”

ਸਾਹਿਬ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦ ਹੋ ਜਾਣ ‘ਤੇ ਜੋ ਹੌਸਲਾ ਮਾਤਾ ਗੁਜਰੀ ਜੀ ਨੇ ਦਰਸਾਇਆ, ਉਹ ਵੀ ਦੇਖਣ ਵਾਲਾ ਹੈ। ਜਦ ਸਾਹਿਬ ਗੁਰੂ ਤੇਗ ਬਹਾਦਰ ਜੀ ਦਾ ਕਟਿਆ ਹੋਇਆ ਪਾਵਨ ਸੀਸ ਭਾਈ ਜੈਤਾ, ਭਾਈ ਨਾਨੂ ਜੀ ਤੇ ਭਾਈ ਅੱਡਾ ਜੀ ਦੀ ਸਹਾਇਤਾ ਨਾਲ ਬਿਬਾਨਗੜ੍ਹ (ਕੀਰਤਪੁਰ ਸਾਹਿਬ) ਲੈ ਕੇ ਆਏ ਤੇ ਅਨੰਦਪੁਰ ਦੀ ਖਬਰ ਭੇਜੀ ਤਾਂ ਮਾਤਾ ਗੁਜ਼ਰੀ ਜੀ ਨੇ ਗੁਰੂ ਪਤੀ ਦੇ ਸ਼ਹੀਦ ਸੀਸ ਅੱਗੇ ਸਿਰ ਝੁਕਾ ਕੇ ਕਿਹਾ ਕਿ ਤੁਹਾਡੀ ਨਿਭ ਆਈ। ਇਹ ਹੀ ਬਖਸ਼ਿਸ਼ ਕਰਨੀ ਕਿ ਮੇਰੀ ਵੀ ਨਿਭ ਜਾਏ। ਸੱਚਮੁਚ ਮਾਤਾ ਗੁਜਰੀ ਜੀ ਵੀ ਐਸੇ ਨਿਭਾ ਕੇ ਗਏ ਕਿ ਦੁਨੀਆਂ ਦੀਆਂ ਮਾਵਾਂ ਲਈ ਪੂਰਨੇ ਹਨ। ਜਦ ਗੁਰੂ ਗੋਬਿੰਦ ਸਿੰਘ ਜੀ ਨੇ ਕੌਮ ਨੂੰ ਹੌਸਲਾ ਧਾਰ, ਦ੍ਰਿੜ੍ਹ ਹੋ ਜ਼ੁਲਮ ਵਿਰੁਧ ਖੜੇ ਹੋਣ ਲਈ ਵੰਗਾਰ ਪਾਈ ਤਾਂ ਮਾਤਾ ਜੀ ਨੇ ਨਾ ਸਿਰਫ਼ ਚਾਅ ਪ੍ਰਗਟ ਕੀਤਾ, ਸਗੋਂ ਹੋਰ ਅਸੀਸਾਂ ਦਿੱਤੀਆਂ। ਕਵੀ ਸੰਤੋਖ ਸਿੰਘ ਦੇ ਸ਼ਬਦਾਂ ਵਿੱਚ: ਹੋਵਹੁ ਸੁਜਸ ਪ੍ਰਤਾਪ ਉਚੇਰਾ।

1675 ਤੋਂ 1684 ਤਕ ਆਪ ਅਨੰਦਪੁਰ ਰਹਿ ਕੇ ਜਿਵੇਂ ਮਸੰਦਾਂ ਦੀਆਂ ਚਾਲਾਂ ਉਘੇੜਦੇ ਰਹੇ ਤੇ ਕੌਮ ਵਿੱਚ ਉਤਸ਼ਾਹ ਕਾਇਮ ਰੱਖਣ ਦੇ ਜਤਨ ਕਰਦੇ ਰਹੇ, ਉਹ ਵੀ ਇੱਕ ਪੂਰਾ ਇਤਿਹਾਸ ਹੈ। ਆਪ ਜੀ ਦੇ ਲਿਖੇ ਕਿਤਨੇ ਹੀ ਹੁਕਮਨਾਮੇ ਹੋਣਗੇ, ਪਰ ਜੋ ਸਾਨੂੰ ਮਿਲ ਸਕੇ ਹਨ, ਉਨ੍ਹਾਂ ਦੀ ਲਿਖਤ ਤੋਂ ਪ੍ਰਗਟ ਹੁੰਦਾ ਹੈ ਕਿ ਆਪ ਜੀ ਦ੍ਰਿੜ੍ਹ ਚਿਤ ਸੁਭਾਅ ਦੇ ਧਾਰਨੀ ਸਨ। ਹਥ ਲਿਖਤ ਦੀ ਰਵਾਨੀ ਦੱਸਦੀ ਹੈ ਕਿ ਸਰਲ ਚਿਤ ਵੀ ਸਨ। ਗੱਲ ਜਿਸ ਸਪਸ਼ਟਤਾ ਨਾਲ ਲਿਖਦੇ ਹਨ, ਉਸ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਆਪ ਜੀ ਵਲ-ਛਲ ਰਹਿਤ ਗਲ ਕਰਨ ਦੇ ਸੁਭਾਅ ਵਾਲੇ ਸਨ। ਮਸੰਦਾਂ ਨੂੰ ਜਿਵੇਂ ਤਾੜ ਕੇ ਰੱਖਦੇ ਸਨ, ਉਹ ਇੱਕ ਹੁਕਮਨਾਮਾ ਤੋਂ ਸਪਸ਼ਟ ਹੈ।

ਪਹਿਲੇ ਹੁਕਮਨਾਮੇ ਵਿੱਚ ਜੋ ਉਨ੍ਹਾਂ ਭਾਈ ਮੱਲਾ ਕੇ ਭਾਈ ਬਾਘਾ ਦੇ ਨਾਂ ਲਿਖਿਆ, ਉਸ ਤੋਂ ਜ਼ਾਹਿਰ ਹੈ ਕਿ ਕੁਝ ਧਾੜਵੀਆਂ ਨੇ ਖਚਰ, ਬੈਲ ਚੁਰਾ ਲਏ ਸਨ ਤੇ ਮਾਤਾ ਗੁਜਰੀ ਨੇ ਸੰਗਤਿ ਦੇ ਨਾਂ ਲਿਖਿਆ, ਕਿ “ਸਰਕਾਰ ਦੀ ਖਚਰ ਜਾਣੀ ਪਾਵੈ ਨਾਹੀ, ਮਜਰਾ ਹੋਸ।” ਇਹ ਹੁਕਮਨਾਮਾ ਦਰਸਾਂਦਾ ਹੈ ਕਿ ਮਾਤਾ ਜੀ ਵਿੱਚ ਡੱਟ ਖਲੋਣ ਦੀ ਤੇ ਅਗਵਾਈ ਕਰਨ ਦੀ ਕਿਤਨੀ ਜੁਰਅਤਿ ਸੀ। ਦੂਜੇ ਹੁਕਮਨਾਮੇ ਵਿੱਚ ਜੋ ਉਨ੍ਹਾਂ ਸੰਗਤਿ ਧੀਰ ਬਸੀਆਂ ਜੋਗ ਅਤੇ ਨਾਇਕ ਹਰਿਦਾਸ ਦੇ ਨਾਂ ਖਾਸ ਲਿਖਿਆ, ਉਸ ਵਿੱਚ ਸਪਸ਼ਟ ਲਿਖਿਆ ਕਿ ‘ਬਗੈਰ ਬੋਲਿਆਂ ਚਾਲਿਆਂ ਭੇਜਣਾ’ ਭਾਵ ਚੂੰ-ਚਰਾਂ ਕੀਤੇ ਬਗੈਰ ਸਿਧੀ ਤਰ੍ਹਾਂ ਭੇਜਣਾ। ਹੁਕਮਨਾਮੇ ਦੇ ਸ਼ਬਦੇ ਹਨ:

“ਨਾਇਕ ਹਰਿਦਾਸ ਸਰਬਤ ਸੰਗਤ ਗੁਰ ਤੁਸਾਡੀ ਰਖੇਗਾ
ਮੇਵੜੇ ਭੇਜੇ ਹਨ। ਕਾਰ ਭੇਟ ਸੁਖ ਮੰਨਿਤ ਬਗੈਰ ਬਲਿਆ
ਚਲਿਆ ਸਭਣਾ ਜੀਆ ਕਾ ਦੇਣਾ ਕੋਲ ਨਾਹਿ ਰੱਖਣੀ।
ਸਰਬ ਸੰਗਤਿ ਕੇ ਮਨੋਰਥ ਪੂਰੇ ਕਰੇਗਾ।”

ਫਿਰ ਹੇਠਾਂ ਲਿਖਾਰੀ ਨੇ ਵਿਆਖਿਆ ਕਰ ਕੇ ਲਿਖਿਆ ਹੈ ਕਿ ਇੱਕ ਹਰਿ ਦਾਸ ਨਾਇਕ ਦੀ ਭੇਟ ਆਇਆਂ ਚਿਰ ਹੋ ਗਿਆ ਹੈ। ਸਭ ਭੇਟਾ ਉਹ ਪਾਸ ਹੀ ਰੱਖ ਲੈਂਦਾ ਸੀ ਅਤੇ ਕਈ ਬਹਾਨੇ ਬਣਾ ਕੇ ਭੇਜਦਾ ਸੀ। ਇੱਥੋਂ ਇਸ ਗਲ ਦਾ ਵੀ ਪਤਾ ਲੱਗਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਉਪਰੰਤ ਮਸੰਦ ਆਪਹੁਦਰੀਆਂ ਕਰਨ ਲੱਗ ਪਏ ਸਨ ਅਤੇ ਮਾਤਾ ਜੀ ਡਾਂਟ ਕੇ ਰਖਦੇ ਸਨ ਤੇ ਜਦ ਪਾਣੀ ਸਿਰ ਤੋਂ ਉਤਾਂਹ ਹੋ ਗਿਆ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦ ਪ੍ਰਥਾ ਹੀ ਖਤਮ ਕਰਨ ਦਾ ਹੁਕਮ ਦਿੱਤਾ।

ਦਾਦੀ ਪੋਤਰਿਆਂ ਦਾ ਪਿਆਰ ਪ੍ਰਸਿੱਧ ਹੈ, ਪਰ ਪਿਆਰ ਵਿੱਚ ਉਹ ਸਿੱਖੀ ਅਸੂਲ ਦ੍ਰਿੜਾਉਣੇ ਨਹੀਂ ਸਨ ਭੁਲਦੇ। ਅੰਮ੍ਰਿਤ ਛਕਾਉਣ ਵੇਲੇ ਵਿਸਾਖੀ ਵਾਲੇ ਦਿਨ ਮਾਤਾ ਜੀ ਦੀ ਹੀ ਪ੍ਰੇਰਨਾ ਤੇ ਸਾਹਿਬਜ਼ਾਦਿਆਂ ਨੇ ਅੰਮ੍ਰਿਤ ਛਕਿਆ। ਇਹ ਯਾਦ ਰਹੇ ਕਿ ਬਾਬਾ ਜ਼ੋਰਾਵਰ ਸਿੰਘ ਜੀ ਦੀ ਉਮਰ ਉਸ ਵੇਲੇ ਮਸਾਂ 4 ਸਾਲ ਦੀ ਸੀ। ਸੈਨਾਪਤਿ ਦਾ ਕਹਿਣਾ ਹੈ:

ਦੇਹ ਖਾਂਡੇ ਕੀ ਪਾਹੁਲ ਤੇਜ ਬਢਾਇਆ ।
ਜ਼ੋਰਾਵਰ ਕਰ ਸਿੰਘ ਹੁਕਮ ਵਰਤਾਇਆ ।

ਅਨੰਦਪੁਰ ਦੀ ਪਹਿਲੀ ਜੰਗ (1700) ਵਿੱਚ ਬਾਬਾ ਅਜੀਤ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਕਮਾਨ ਸੰਭਾਲਣ ਦਾ ਹੁਕਮ ਦਿੱਤਾ। ਸੈਨਾਪਤ ਦੇ ਹੀ ਸ਼ਬਦਾਂ ਵਿੱਚ:

ਤਬ ਹੀ ਬਚਨ ਪਾਇ। ਚੜ੍ਹਾਯੋ ਨਗਾਰਾ ਵਾਇ।
ਸਵਾਰ ਪਾਯੋ ਜੀਤ ਸਿੰਘ, ਜੁਧ ਕੇ ਕਰਨੇ ਕੋ।

ਗੁਰੂ ਪਦ ਪ੍ਰੇਮ ਪ੍ਰਕਾਸ਼ ਵਿੱਚ ਲਿਖਿਆ ਹੈ ਕਿ ਮਾਤਾ ਸੁੰਦਰੀ ਜੀ ਨੇ ਕਿਹਾ ਕਿ ਸਾਹਿਬਜ਼ਾਦਾ ਅਜੇ ਛੋਟਾ ਹੈ ਅਤੇ ਮਾਤਾ ਗੁਜਰੀ ਜੀ ਨੇ ਕਿਹਾ, “ਛੋਟੇ ਵੱਡੇ ਦੀ ਕੋਈ ਗੱਲ ਨਾ ਕਰੋ। ਸ਼ੇਰਾਂ ਦੇ ਬੱਚੇ ਸ਼ੇਰ ਹੀ ਹੁੰਦੇ ਹਨ। ਜਦੋਂ ਸਾਹਿਬਜ਼ਾਦਾ ਅਜੀਤ ਸਿੰਘ ਜੀ ਜੰਗ ਜਿੱਤ ਕੇ ਆਏ ਤਾਂ ਮਾਤਾ ਜੀ ਨੇ ਜੱਫੀ ਵਿੱਚ ਲੈ ਕੇ ਅਸੀਸ ਤੇ ਸ਼ਾਬਾਸ਼ ਦਿੱਤੀ।

ਅਨੰਦਪੁਰ ਛੱਡਣ ਵੇਲੇ ਜਦ ਸਰਸਾ ਤੋਂ ਮਾਤਾ ਜੀ ਨੂੰ ਗੰਗੂ ਬ੍ਰਾਹਮਣ ਆਪਣੇ ਪਿੰਡ ਖੇੜੀ ਲੈ ਗਿਆ ਅਤੇ ਰਾਤੀਂ ਹੀਰਿਆਂ ਦੀ ਭਰੀ ਖੁਰਜੀ ਚੁਰਾ ਲਈ ਤਾਂ ਮਾਤਾ ਜੀ ਨੇ ਉਸ ਨੂੰ ਕਿਹਾ:

ਚੁਰਾਉਣ ਦੀ ਕੀ ਲੋੜ ਸੀ, ਤੂੰ ਮੰਗ ਲੈਂਦਾ ਤਾਂ ਮੈਂ ਕੀ ਨਾਂਹ ਕਰਨੀ ਸੀ। ਉਸ ਚੋਰ ਨਾਲੇ ਚਤੁਰ ਨੇ ਮੁਰਿੰਡੇ ਥਾਣੇ ਸ਼ਿਕਾਇਤ ਕੀਤੀ। ਮਾਤਾ ਜੀ, ਬਾਬਾ ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ ਜੀ ਨੂੰ ਪਕੜ, ਗੱਡੇ ਤੇ ਬਿਠਾ ਸਰਹਿੰਦ ਪਹੁੰਚਾਇਆ ਗਿਆ। ਉਥੋਂ ਜਿਵੇਂ ਸਾਹਿਬਜ਼ਾਦਿਆਂ ਨੇ ਭਰੀ ਕਚਹਿਰੀ ਵਿੱਚ ਨਵਾਬ ਤੇ ਸੁੱਚਾ ਨੰਦ ਨੂੰ ਜਵਾਬ ਦਿੱਤੇ, ਉਸ ਨੇ ਸਭ ਨੂੰ ਹੈਰਾਨ ਕੀਤਾ, ਪਰ ਸਿੱਖ ਇਤਿਹਾਸ ਪੜ੍ਹਨ ਵਾਲੇ ਨੂੰ ਹੈਰਾਨ ਹੋਣ ਦੀ ਕੋਈ ਲੋੜ ਨਹੀਂ, ਕਿਉਂਕਿ ਮਾਤਾ ਗੁਜਰੀ ਦੀ ਰੋਜ਼ ਦੀ ਗੁੜਤੀ ਸੀ ਜੋ ਉਨ੍ਹਾਂ ਨੂੰ ਅਡੋਲ ਰੱਖ ਰਹੀ ਸੀ। ਸਾਡੇ ਇਤਿਹਾਸ ਵਿੱਚ ਲਿਖਿਆ ਹੈ:

ਜਦ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿੱਚ ਲੈ ਜਾਣ ਲਈ ਪਿਆਦੇ ਆਏ ਤਾਂ ਮਾਤਾ ਗੁਜਰੀ ਨੇ ਕਮਾਲ ਧੀਰਜ ਨਾਲ ਉਨ੍ਹਾਂ ਦੇ ਮੁਖ ਧੋ ਕੇ ਦਸਤਾਰਾਂ ਸਜਾਈਆਂ ਅਤੇ ਕਿਹਾ, “ਬੇਟਾ! ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਹੋ। ਗੁਰੂ ਤੇਗ ਬਹਾਦਰ ਜੀ ਦੇ ਪੋਤਰੇ ਹੋ, ਕਿਸੇ ਅੱਗੇ ਸਿਰ ਨਹੀਂ ਝੁਕਾਉਣਾ। ਕਚਹਿਰੀ ਵਿੱਚ ਜਾ ਕੇ ਗੱਜ ਕੇ ਫਤਹਿ ਬੁਲਾਉਣੀ ਅਤੇ ਅਡੋਲ ਖੜੇ ਰਹਿਣਾ। ਕੋਈ ਐਸੀ ਗੱਲ ਨਾ ਕਹਿਣੀ ਜਿਸ ਨਾਲ ਗੁਰੂ ਸਾਹਿਬਾਂ ਨੂੰ ਵੱਟਾ ਲੱਗੇ। ਉਸ ਸਮੇਂ ਸਾਹਿਬਜ਼ਾਦਿਆਂ ਵੀ ਮੋੜਵਾਂ ਇਹ ਕਿਹਾ ਸੀ,

ਧਨ ਭਾਗ ਹਮਰੈ ਹੈਂ ਮਾਈ।
ਧਰਮ ਹੇਤਿ ਤਨ ਜੇਕਰ ਜਾਈ। (ਪੰਥ ਪ੍ਰਕਾਸ਼)

ਇਹ ਵੀ ਲਿਖਿਆ ਹੈ ਕਿ ਨਵਾਬ ਨੇ ਚਾਲ ਚਲੀ ਸੀ ਕਿ ਕਚਹਿਰੀ ਦਾ ਵੱਡਾ ਦਰਵਾਜ਼ਾ ਬੰਦ ਕਰ ਦਿੱਤਾ ਜਾਵੇ, ਛੋਟੀ ਖੜਕੀ ਹੀ ਖੁਲ੍ਹੀ ਰੱਖੀ ਜਾਵੇ। ਇਸ ਤਰ੍ਹਾਂ ਜਦ ਸਾਹਿਬਜ਼ਾਦੇ ਅੰਦਰ ਆਉਣਗੇ ਤਾਂ ਆਪਣੇ ਆਪ ਸਾਹਿਬਜ਼ਾਦਿਆਂ ਦਾ ਸਿਰ ਝੁਕ ਜਾਵੇਗਾ ਤੇ ਅਹਿਲਕਾਰ ਤਾੜੀ ਮਾਰ ਦੇਣਗੇ।

ਪਰ ਸਾਹਿਬਜ਼ਾਦੇ ਚਾਲ ਸਮਝ ਗਏ ਤੇ ਕਚਹਿਰੀ ਵਿੱਚ ਜਾਂਦਿਆਂ ਹੀ ਪਹਿਲਾਂ ਆਪਣੇ ਪੈਰ ਅੰਦਰ ਕੀਤੇ ਅਤੇ ਫਿਰ ਸਿਰ, ਤੇ ਜਾਂਦਿਆਂ ਹੀ ਗੱਜ ਕੇ ‘ਵਾਹਿਗੁਰੂ ਜੀ ਕੀ ਫਤਹਿ’ ਬੁਲਾਈ।

ਮਹਿਮਾ ਪ੍ਰਕਾਸ਼ ਦੀ ਸਾਖੀ 22 ਵਿੱਚ ਲਿਖਿਆ ਹੈ, ਝੂਠਾ ਨੰਦ ਨੇ ਕਿਹਾ ਜੋ ਸੂਬੇ ਕੋ ਸਲਾਮ ਕਰੋ।

ਤਦ ਸਾਹਿਬਜ਼ਾਦਿਆਂ ਬਚਨ ਕੀਆ, ਜੋ ਹਮ ਨੇ ਸੱਚੇ ਪਾਤਸ਼ਾਹ ਕੋ ਸਲਾਮ ਕੀਆ ਹੈ, ਅਉਰ ਕੋ ਨਹੀਂ ਕਰਤੇ।

ਨਹਿਰ ਜਬ ਮਸਤਕ ਸਨਮੁਖ ਟੇਕਹਿ।
ਸੀਸ ਉਲਟ ਮੁੜ ਪਾਛ ਪੇਖਹਿ।
ਬਹੁਰ ਕਹੀ ਚੁਸਤ ਯਹਿ ਬਾਨੀ।
ਦੇਖੋ ਬਾਲਕ ਯਹਿ ਅਭਿਮਾਨੀ।

ਜੋਗੀ ਅਲਾਹ ਯਾਰ ਖਾਨ ਨੇ ਵੀ ਖੂਬ ਲਿਖਿਆ ਹੈ:

ਥੀ ਪਿਆਰੀ ਸੂਰਤੋਂ ਸੇ ਸਜ਼ਾ ਅਤ ਬਰਸ ਰਹੀ।
ਨੰਨੀ ਸੀ ਮੂਰਤੋਂ ਸੇ ਬੀ ਜੁਰਅਤਿ ਬਰਸ ਰਹੀ।
ਰੁਖ ਪਰ ਨਵਾਬ ਕੇ ਬੀ ਸ਼ਕਾਵਤ ਬਰਸ ਰਹੀ।
ਰਾਜੋਂ ਕੇ ਮੂੰਹ ਪਿ ਸਾਫ ਥੀ, ਲਾਹਨਤ ਬਰਸ ਰਹੀ।

‘ਕਥਾ ਗੁਰੂ ਜੀ ਕੇ ਸੁਤਨ ਕੀ’ ਕਿਰਤ ਭਾਈ ਦਯਾ ਸਿੰਘ ਹੰਡੂਰੀਆ ਵਿੱਚ ਵੀ ਲਿਖਿਆ ਹੈ ਕਿ ਸੁੱਚਾ ਨੰਦ ਨੇ ਨਵਾਬ ਨੂੰ ਕਿਹਾ ਸੀ:

ਨੀਕੇ ਬਾਲਕ ਤੁਮ ਮਤ ਜਾਣਹੁ।
ਨਾਗਹੁ ਕੇ ਇਹ ਪੁਤ ਬਖਾਨਹੁ।
ਅਤੇ ਤਬ ਦੁਸ਼ਟ ਐਸੇ ਫੁਨ ਕਹੇ,
ਮਸਤਕ ਸਨਮੁਖ ਟੇਕਹੁ ਅਹੇ।

ਇਕ ਸਾਖੀ ਬੀਰ ਮ੍ਰਿਗੇਜ਼ ਵਿੱਚ ਵੀ ਲਿਖੀ ਹੈ ਕਿ ਇਸੇ ਸੁੱਚਾ ਨੰਦ, ਜੋ ਰਿਸ਼ਤੇ ਵਿੱਚ ਚੰਦੂ ਦੇ ਪੁਤਰ ਦਾ ਕੁੜਮ ਸੀ, ਨੇ ਨਵਾਬ ਨੂੰ ਕਿਹਾ ਕਿ ਇਹ ਬਾਲਕ ਨਹੀਂ! ਇਨ੍ਹਾਂ ਦੇ ਲੱਛਣ ਬਾਲਾਂ ਵਾਲੇ ਨਹੀਂ! ਇਹ ਹੁਣੇ ਦੇਖ ਲੈਂਦੇ ਹਾਂ ਕਿ ਇਹ ਬਾਲਕ ਹਨ ਜਾਂ ਸਿਆਣੇ? ਉਸ ਨੇ ਵਿਉਂਤ ਅਨੁਸਾਰ ਬਾਹਰ ਕਚਹਿਰੀ ਤਿੰਨ ਦੁਕਾਨਾਂ ਪਵਾ ਦਿੱਤੀਆਂ। ਇੱਕ ਵਿੱਚ ਖਿਡੌਣੇ, ਦੂਜੀ ਵਿੱਚ ਮਠਾਈ ਤੇ ਤੀਜੀ ਵਿੱਚ ਹਥਿਆਰ, ਸ਼ਸਤਰ। ਜਦ ਸਾਹਿਬਜ਼ਾਦਿਆਂ ਨੂੰ ਇਹ ਦੇਖਣ ਲਈ ਕਿ ਉਹ ਬਾਲ ਹਨ ਜਾਂ ਯੋਧੇ, ਛਡਿਆ ਗਿਆ ਤਾਂ ਉਹ ਜਾ ਕੇ ਸ਼ਸਤਰਾਂ ਨੂੰ ਪਏ। ਇੱਕ ਨੇ ਤੀਰ ਕਮਾਣ ਉਠਾ ਲਿਆ ਤੇ ਦੂਜੇ ਨੇ ਨੇਵਜ਼ਾ, ਅਤੇ ਦੌੜਦੇ ਕਚਹਿਰੀ ਵਿੱਚ ਆ ਗਏ।

ਇਹ ਅਭਿਮਾਨ ਗੌਰਵ ਹੀ ਹੈ, ਜੋ ਅੱਜ ਮਾਵਾਂ ਬਚਿਆਂ ਵਿੱਚ ਪਾ ਦੇਣ ਤਾਂ ਕੋਈ ਬੱਚਾ ਡਿਗ ਪਤਿਤ ਨਾ ਹੋਵੇ। ਫਿਰ ਜਦ ਕਲਮਾ ਪੜ੍ਹਨ ਲਈ ਬੱਚਿਆਂ ਨੂੰ ਕਿਹਾ ਗਿਆ ਤਾਂ ਉਹ ਬਾਲਕ ਨਾ ਮੰਨੇ ਤੇ ਨੀਂਹਾਂ ਵਿੱਚ ਚਿਣਾਏ ਗਏ ਅਤੇ ਸੀਸ ਦੇ ਦਿੱਤੇ। ਮਾਤਾ ਜੀ ਨੇ ਵੀ ਆਪਣੇ ਜੌਹਰ ਨਾਲ ਭਾਵ ਸਮਾਧੀ ਸਥਿਤ ਹੋ ਕੇ ਪ੍ਰਾਣ ਤਿਆਗ ਦਿੱਤੇ। ਦੁਨਾ ਸਿੰਘ ਦੇ ਹੀ ਸ਼ਬਦਾਂ ਵਿੱਚ:

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

ਇਤਿਹਾਸ

# ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ

ਦਿਲਜੀਤ ਸਿੰਘ ਬੇਦੀ
ਫੋਨ: +91-7657968570

ਸ਼ਹੀਦ, ਕੌਮ ਦਾ ਵਡਮੁੱਲਾ ਸਰਮਾਇਆ ਹੁੰਦੇ ਹਨ। ਸਿੱਖ ਕੌਮ ਦੇ ਸ਼ਾਨਾਂਮੱਤੇ ਇਤਿਹਾਸ 'ਚ ਹੱਕ, ਸੱਚ, ਇਨਸਾਫ਼ ਤੇ ਧਰਮ ਦੀ ਖਾਤਰ ਕੁਰਬਾਨ ਹੋਣ ਵਾਲੇ ਪੰਜਵੇਂ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਤੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਦਾ ਸਿੱਖ ਇਤਿਹਾਸ ਸ਼ਹਾਦਤਾਂ ਨਾਲ ਭਰਿਆ ਪਿਆ ਹੈ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਹੁੰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ, ਖਾਸ ਤੌਰ 'ਤੇ ਸਰਹਿੰਦ ਵਿਖੇ 'ਨਿੱਕੀਆਂ ਜਿੰਦਾਂ' 'ਤੇ ਵਾਪਰੇ 'ਵੱਡੇ ਸਾਕੇ' ਨੇ ਹਰੇਕ ਵੇਖਣ-ਸੁਣਨ ਵਾਲੇ ਦੇ ਮਨ ਅੰਦਰ ਸਮੇਂ ਦੀ ਹਕੂਮਤ ਵਿਰੁੱਧ ਗੁੱਸਾ ਤੇ ਰੋਹ ਪੈਦਾ ਕਰ ਦਿੱਤਾ। ਇਸ ਸਾਕੇ ਨੇ ਸਿੱਖ ਸੰਘਰਸ਼ ਵਿਚ ਨਵੀਂ ਰੂਹ ਫੂਕ ਦਿੱਤੀ। ਸੂਰਬੀਰ ਸਿੰਘਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਉਤਰੀ ਭਾਰਤ ਵਿੱਚ ਅਜਿਹਾ ਤੂਫ਼ਾਨ ਲਿਆਂਦਾ ਕਿ ਮੁਗਲ ਸਾਮਰਾਜ ਦੀਆਂ ਜੜ੍ਹਾਂ ਹਿੱਲ ਗਈਆਂ। ਸਰਹਿੰਦ ਦੇ ਹੈਂਕੜਬਾਜ਼ ਨਵਾਬ ਅਤੇ ਉਸ ਦੇ ਦਰਬਾਰੀਆਂ ਦੀ ਜੋ ਦੁਰਦਸ਼ਾ ਹੋਈ, ਉਹ ਇਤਿਹਾਸ ਬਣ ਗਿਆ। ਇਸ ਸਾਕੇ ਪਿੱਛੋਂ ਸਿੱਖ ਸੂਰਬੀਰ ਉਸ ਮੁਹਾਜ 'ਤੇ ਹੋ ਤੁਰੇ, ਜਿਸ ਦੀ ਮੰਜ਼ਿਲ ਸਿੱਖ ਰਾਜ ਦੀ ਸਥਾਪਤੀ ਸੀ ਅਤੇ ਗੁਰੂ ਕੇ ਖ਼ਾਲਸੇ ਨੇ ਇਹ ਮੰਜ਼ਿਲ ਸਰ ਵੀ ਕੀਤੀ।

ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸੰਸਾਰ ਦੇ ਇਤਿਹਾਸ ਅੰਦਰ ਇੱਕ ਅਨੋਖੀ ਘਟਨਾ ਹੈ। ਇਸ ਸਾਕੇ ਦੇ ਇਤਿਹਾਸ ਦਾ ਆਰੰਭ ਸ੍ਰੀ ਅਨੰਦਪੁਰ ਸਾਹਿਬ ਦੇ ਘੇਰੇ ਤੋਂ ਹੁੰਦਾ ਹੈ। ਖ਼ਾਲਸਾ ਪੰਥ ਦੀ ਸਾਜਨਾ ਨੇ ਅਖੌਤੀ ਤੇ ਨੀਵੀਆਂ ਜਾਤਾਂ ਨੂੰ ਕੁਲੀਨ ਵਰਗ ਦੇ ਬਰਾਬਰ ਲੈ ਆਂਦਾ। ਚਿੜੀਆਂ, ਬਾਜ਼ਾਂ ਦਾ ਸ਼ਿਕਾਰ ਕਰਨ ਦੇ ਸਮਰੱਥ ਹੋ ਗਈਆਂ। ਗਿੱਦੜਾਂ ਦੀ ਬਿਰਤੀ ਵਾਲੇ ਲੋਕ ਸ਼ੇਰ ਬਣ ਗਏ। ਰਣਜੀਤ ਨਗਾਰੇ ਤੇ ਖ਼ਾਲਸਈ ਜੈਕਾਰੇ ਨੇ ਮੁਗਲ ਹਕੂਮਤ ਦੇ ਨਾਲ-ਨਾਲ ਹਿੰਦੂ ਪਹਾੜੀ ਰਾਜਿਆਂ ਨੂੰ ਵੀ ਬੇਚੈਨ ਕਰ ਦਿੱਤਾ। ਦੋਹਾਂ ਧਿਰਾਂ ਨੇ ਰਲ ਕੇ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਕੇ ਸੱਚ ਦੀ ਆਵਾਜ਼ ਨੂੰ ਦਬਾਉਣ ਦਾ ਯਤਨ ਕੀਤਾ। ਘੇਰੇ ਦਾ ਸਮਾਂ ਵਧਣ ਲੱਗਾ ਤਾਂ ਫਿਰ ਦੁਸ਼ਮਣ ਨੂੰ ਬੇਚੈਨੀ ਵਿੱਚ ਝੂਠੀਆਂ ਕਸਮਾਂ ਤੇ ਵਾਅਦਿਆਂ ਦੀ ਤਰਕੀਬ ਸੁੱਝੀ। ਮੁਗਲਾਂ ਤੇ ਪਹਾੜੀ ਰਾਜਿਆਂ ਦੀਆਂ ਕਸਮਾਂ ਅਤੇ ਸਿੰਘਾਂ ਦੇ ਜ਼ੋਰ ਦੇਣ 'ਤੇ ਸ੍ਰੀ ਦਸਮੇਸ਼ ਜੀ ਨੇ ਕਿਲ੍ਹਾ ਖਾਲੀ ਕਰ ਦਿੱਤਾ। ਜਿਉਂ ਹੀ ਖ਼ਾਲਸੇ ਦਾ ਜਥਾ ਬਾਹਰ ਨਿਕਲਿਆ ਤਾਂ ਦੁਸ਼ਮਣ ਨੇ ਕਸਮਾਂ ਤੇ ਵਾਅਦੇ ਤੋੜ ਕੇ ਹਮਲਾ ਕਰ ਦਿੱਤਾ। ਸਰਸਾ ਨਦੀ ਕੰਢੇ ਘੋਰ ਯੁੱਧ ਹੋਇਆ। ਇੱਥੋਂ ਹੀ ਦਸਮ ਪਾਤਸ਼ਾਹ ਜੀ ਦੇ ਪਰਿਵਾਰ ਦਾ ਵਿਛੋੜਾ ਪੈ ਗਿਆ। ਵੱਡੇ ਸਾਹਿਬਜ਼ਾਦੇ ਤੇ ਸਤਿਗੁਰੂ ਜੀ ਚਮਕੌਰ ਸਾਹਿਬ ਨੂੰ ਨਿਕਲ ਗਏ। ਬਿਰਧ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਬਾਕੀ ਸਾਰਿਆਂ ਨਾਲੋਂ ਵਿੱਛੜ ਗਏ। ਅਲ੍ਹਾ ਯਾਰ ਖਾਂ ਜੋਗੀ ਲਿਖਦਾ ਹੈ:

ਬੱਚੋਂ ਕਾ ਸਾਥ ਰਾਹ ਕਠਨ ਸਰ ਪ: ਸ਼ਾਮ ਹੈ।
ਸੁਨਸਾਨ ਦਸ਼ਤ ਚਾਰਸੂ ਹੂ ਕਾ ਮੁਕਾਮ ਹੈ।
ਹੋਤਾ ਕਹਾਂ ਪ: ਦੇਖੀਏ ਸਭ ਕੋ ਕਯਾਮ ਹੈ।
ਖ਼ਾਦਿਮ ਹੈ ਔਰ ਕੋਈ ਨ: ਹਮਰਹ ਗੁਲਾਮ ਹੈ।
ਗੰਗੂ ਰਸੋਈਆ ਹੈ ਫ਼ਕਤ ਸਾਥ ਰਹ ਗਯਾ।
ਲੇ ਦੇ ਕੇ ਰਹਬਰੀ ਕੋ ਯਿਹ ਹੈਯਾਤ ਰਹ ਗਯਾ।52।
(ਸ਼ਹੀਦਾਨਿ-ਵਫ਼ਾ)

ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਨੂੰ ਗੰਗੂ ਰਸੋਈਆ ਆਪਣੇ ਨਾਲ ਆਪਣੇ ਪਿੰਡ ਲੈ ਗਿਆ। ਰਾਤ ਨੂੰ ਜਦੋਂ ਮਾਤਾ ਜੀ ਬੱਚਿਆਂ ਨਾਲ ਸੁੱਤੇ ਪਏ ਸਨ ਤਾਂ ਗੰਗੂ ਦੀ ਨੀਅਤ ਖਰਾਬ ਹੋ ਗਈ। ਉਸ ਨੇ ਮੋਹਰਾਂ ਨਾਲ ਭਰੀ ਥੈਲੀ ਖਿਸਕਾ ਲਈ। ਸਵੇਰ ਹੁੰਦਿਆਂ ਜਦੋਂ ਮਾਤਾ ਜੀ ਨੇ ਥੈਲੀ ਬਾਰੇ ਪੁੱਛਿਆ ਤਾਂ ਗੰਗੂ ਸਾਫ਼ ਮੁੱਕਰ ਗਿਆ। ਉਹ ਸੱਚਾ ਬਣਨ ਦੀ ਖ਼ਾਤਰ ਉੱਚੀ-ਉੱਚੀ ਰੌਲਾ ਪਾਉਣ ਲੱਗ ਪਿਆ। ਮਾਤਾ ਜੀ ਨੇ ਉਸ ਨੂੰ ਸਮਝਾਉਣ ਦਾ ਬੜਾ ਯਤਨ ਕੀਤਾ, ਪਰ ਉਸ ਨੇ ਇੱਕ ਨਾ ਸੁਣੀ। ਲਾਲਚ ਵਿੱਚ ਆ ਕੇ ਗੰਗੂ ਨੇ ਮੁਗਲ ਹਕੂਮਤ ਕੋਲ ਸ਼ਿਕਾਇਤ ਕਰ ਦਿੱਤੀ ਅਤੇ ਮਾਤਾ ਗੁਜਰੀ ਜੀ ਅਤੇ ਮਾਸੂਮ ਬੱਚਿਆਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ:

ਦੁਨਿਯਾ ਮੇਂ ਅਪਨੇ ਨਾਮ ਕੋ ਬਦਨਾਮ ਕਰ ਗਯਾ।
ਦੁਸ਼ਮਨ ਭੀ ਜੋ ਨਾ ਕਰਤਾ ਵੁਹ ਯਿਹ ਕਾਮ ਕਰ ਗਯਾ।60। (ਸ਼ਹੀਦਾਨਿ-ਵਫ਼ਾ)

ਗੰਗੂ ਦੀ ਇਸ ਗੱਦਾਰੀ ਕਾਰਨ ਗੁਰੂ ਜੀ ਦੇ ਬੇਦੋਸ਼ੇ ਲਾਲਾਂ ਨੂੰ ਪੋਹ ਮਹੀਨੇ ਦੀਆਂ ਠੰਡੀਆਂ ਰਾਤਾਂ ਵਿੱਚ ਬੁੱਢੀ ਦਾਦੀ ਮਾਂ ਦੇ ਨਾਲ ਸਰਹਿੰਦ ਵਿਖੇ ਠੰਢੇ ਬੁਰਜ ਵਿੱਚ ਕੈਦ ਕਰ ਦਿੱਤਾ ਗਿਆ। ਪੋਹ ਦੀ ਬਰਫ਼ ਵਰਗੀ ਠੰਡੀ ਰਾਤ ਵਿੱਚ ਮਾਤਾ ਗੁਜਰੀ ਜੀ ਸਾਹਿਬਜ਼ਾਦਿਆਂ ਨੂੰ ਆਪਣੇ ਸਰੀਰ ਨਾਲ ਘੁੱਟ-ਘੁੱਟ ਕੇ ਗਰਮਾਉਣ ਦਾ ਯਤਨ ਕਰਦੇ ਰਹੇ ਅਤੇ ਸਿੰਘਾਂ ਦੀ ਬਹਾਦਰੀ ਦੀਆਂ ਬਾਤਾਂ ਸੁਣਾ ਕੇ ਉਨ੍ਹਾਂ ਵਿੱਚ ਬੀਰਤਾ ਦਾ ਜਜ਼ਬਾ ਭਰਦੇ ਰਹੇ। ਅਗਲੇ ਦਿਨ ਸਵੇਰ ਸਮੇਂ ਸਿਪਾਹੀ ਬੱਚਿਆਂ ਨੂੰ ਸੂਬੇ ਦੀ ਕਚਹਿਰੀ ਵਿੱਚ ਪੇਸ਼ ਕਰਨ ਲਈ ਲੈਣ ਆਏ। ਮਾਤਾ ਗੁਜਰੀ ਜੀ ਨੇ ਮਾਸੂਮ ਪੋਤਿਆਂ ਨੂੰ ਬੜੇ ਪਿਆਰ ਨਾਲ ਤਿਆਰ ਕਰਦਿਆਂ ਪ੍ਰੇਰਨਾ ਕੀਤੀ ਕਿ ਵੇਖਿਓ ਕਿਧਰੇ ਹਾਕਮਾਂ ਦੇ ਡਰਾਵਿਆਂ ਅਤੇ ਲਾਲਚਾਂ ਅੱਗੇ ਡੋਲ ਨਾ ਜਾਇਓ! ਆਪਣੇ ਧਰਮ ਨੂੰ ਸਦਾ ਕਾਇਮ ਰੱਖਣਾ।

ਸਾਹਿਬਜ਼ਾਦਿਆਂ ਨੂੰ ਸੂਬੇ ਦੀ ਕਚਹਿਰੀ ਵਿੱਚ ਪੇਸ਼ ਕੀਤਾ ਗਿਆ। ਜ਼ਾਲਿਮ ਹਕੂਮਤ ਦੀ ਇੱਕ ਸਾਜ਼ਿਸ਼ ਤਹਿਤ ਸਾਹਿਬਜ਼ਾਦਿਆਂ ਨੂੰ ਪੇਸ਼ ਹੋਣ ਵੇਲੇ ਛੋਟੇ ਦਰਵਾਜ਼ੇ ਵਿੱਚੋਂ ਲੰਘਾਇਆ ਗਿਆ ਤਾਂ ਕਿ ਆਪਣੇ ਆਪ ਹੀ ਉਨ੍ਹਾਂ ਦਾ ਸਿਰ ਝੁਕ ਜਾਵੇ। ਜ਼ਾਲਿਮ ਸੋਚਦੇ ਸਨ ਕਿ ਜਦੋਂ ਉਹ ਸਿਰ ਨਿਵਾ ਕੇ ਲੰਘਣਗੇ ਤਾਂ ਤਾੜੀ ਮਾਰ ਕੇ ਐਲਾਨ ਕਰ ਦਿਆਂਗੇ ਕਿ ਸਾਹਿਬਜ਼ਾਦਿਆਂ ਨੇ ਮੁਗਲ ਸਰਕਾਰ ਅੱਗੇ ਸਿਰ ਝੁਕਾ ਕੇ ਈਨ ਮੰਨ ਲਈ ਹੈ। ਪਰ ਆਤਮਿਕ ਤੌਰ 'ਤੇ ਬਲਵਾਨ ਗੁਰੂ ਜੀ ਦੇ ਸਾਹਿਬਜ਼ਾਦਿਆਂ ਨੇ ਛੋਟੇ ਦਰਵਾਜ਼ੇ ਵਿੱਚੋਂ ਲੰਘਦਿਆਂ ਕਚਹਿਰੀ ਵਿੱਚ ਦਾਖਲ ਹੋਣ 'ਤੇ ਪਹਿਲਾਂ ਪੈਰ ਅੱਗੇ ਕੱਢੇ ਤੇ ਉੱਚੀ ਗੱਜਵੀਂ ਆਵਾਜ਼ ਵਿੱਚ 'ਫਤਹਿ' ਗਜਾਈ। ਗੁਰੂ ਲਾਲਾਂ ਦੇ ਚਿਹਰਿਆਂ ਦਾ ਜਾਹੋ-ਜਲਾਲ ਵੇਖ ਕੇ ਸਭ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ। ਸਾਹਿਬਜ਼ਾਦਿਆਂ ਨੂੰ ਇਸਲਾਮ ਧਰਮ ਕਬੂਲ ਕਰਨ ਲਈ ਕਿਹਾ ਗਿਆ। ਧਨ, ਦੌਲਤ, ਜਗੀਰਾਂ ਅਤੇ ਹੋਰ ਕਈ ਤਰ੍ਹਾਂ ਦੇ ਲਾਲਚ ਦਿੱਤੇ ਗਏ। ਫਿਰ ਸਰੀਰਕ ਕਸ਼ਟ ਤੇ ਮੌਤ ਦੇ ਡਰਾਵੇ ਦਿੱਤੇ। ਪਰ ਗੁਰੂ ਜੀ ਦੇ ਲਾਲਾਂ ਨੇ ਅਡੋਲ ਰਹਿੰਦਿਆਂ ਸੂਬੇ ਨੂੰ ਰੋਅਬ ਭਰੇ ਜੁਆਬ ਦਿੱਤੇ। ਲਗਾਤਾਰ ਦੋ ਦਿਨ ਲਾਲਚ, ਡਰਾਵੇ, ਧਮਕੀਆਂ ਚੱਲਦੀਆਂ ਰਹੀਆਂ। ਇਸ ਸਮੇਂ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਦੇ ਚਿਹਰਿਆਂ 'ਤੇ ਕੋਈ ਡਰ ਨਹੀਂ ਸੀ। ਦੀਵਾਨ ਸੁੱਚਾ ਨੰਦ ਨੇ ਜਦੋਂ ਬੱਚਿਆਂ ਨੂੰ ਪੁੱਛਿਆ ਕਿ ਜੇ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ? ਸਾਹਿਬਜ਼ਾਦਿਆਂ ਦਾ ਉੱਤਰ ਸੀ ਕਿ ਅਸੀਂ ਵੱਡੇ ਹੋ ਕੇ ਸਿੱਖਾਂ ਨੂੰ ਇਕੱਠੇ ਕਰ ਕੇ ਜ਼ੁਲਮੀ ਰਾਜ ਦੇ ਵਿਰੁੱਧ ਲੜਾਂਗੇ ਅਤੇ ਉਦੋਂ ਤਕ ਲੜਦੇ ਰਹਾਂਗੇ, ਜਦੋਂ ਤਕ ਜ਼ਾਲਿਮਾਂ ਦਾ ਖ਼ਾਤਮਾ ਨਹੀਂ ਕਰ ਲੈਂਦੇ ਜਾਂ ਖ਼ੁਦ ਸ਼ਹੀਦ ਨਹੀਂ ਹੋ ਜਾਂਦੇ। ਗੁਰੂ ਲਾਲਾਂ ਦੇ ਦਲੇਰੀ-ਭਰੇ ਉੱਤਰ ਨੂੰ ਸੁਣ ਕੇ ਸਾਰੇ ਪਾਸੇ ਚੁੱਪ ਛਾ ਗਈ। ਇਸ 'ਤੇ ਹੰਕਾਰੀ ਨਵਾਬ ਨੂੰ ਗੁੱਸਾ ਆ ਗਿਆ। ਮਲੇਰਕੋਟਲੇ ਦੇ ਸ਼ੇਰ ਮੁਹੰਮਦ ਖਾਂ ਨੂੰ ਸੱਦਿਆ ਗਿਆ ਕਿ ਉਹ ਆਪਣੇ ਭਰਾ ਦੀ ਮੌਤ ਦਾ ਬਦਲਾ ਇਨ੍ਹਾਂ ਬੱਚਿਆਂ ਨੂੰ ਮਾਰ ਕੇ ਲੈ ਲਵੇ। 'ਪ੍ਰਾਚੀਨ ਪੰਥ ਪ੍ਰਕਾਸ਼' ਦੇ ਕਰਤਾ ਭਾਈ ਰਤਨ ਸਿੰਘ ਭੰਗੂ ਦੇ ਸ਼ਬਦਾਂ ਅਨੁਸਾਰ ਵਜ਼ੀਦ ਖਾਂ ਨੇ ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਨੂੰ ਸੰਬੋਧਿਤ ਕਰ ਕੇ ਕਿਹਾ:

ਤੁਮਰੋ ਮਾਰਯੋ ਗੁਰ ਨਾਹਰ ਖਾਂ ਭਾਈ,
ਉਸ ਬੇਟੇ ਤੁਮ ਦੇਹੁ ਮਰਾਈ॥24॥

ਪਰ ਸ਼ੇਰ ਮੁਹੰਮਦ ਖਾਂ ਨੇ ਕਿਹਾ ਦੁਸ਼ਮਣ (ਗੁਰੂ) ਤੋਂ ਬਦਲਾ ਮੈਦਾਨੇ-ਜੰਗ ਵਿੱਚ ਹੀ ਲਿਆ ਜਾਵੇਗਾ। ਇਨ੍ਹਾਂ ਬੱਚਿਆਂ ਰਾਹੀਂ ਬਦਲਾ ਲੈਣਾ ਖ਼ੁਦਾ ਦਾ ਕਹਿਰ ਹੈ। ਅਲ੍ਹਾ ਯਾਰ ਖਾਂ ਦੀ ਜ਼ੁਬਾਨੀ:

ਬਦਲਾ ਹੀ ਲੇਨਾ ਹੋਗਾ ਤੋ ਹਮ ਲੇਂਗੇ ਬਾਪ ਸੇ।
ਮਹਫ਼ੂਜ਼ ਰੱਖੇ ਹਮ ਕੋ ਖ਼ੁਦਾ ਐਸੇ ਪਾਪ ਸੇ।104।
(ਸ਼ਹੀਦਾਨਿ-ਵਫ਼ਾ)

ਕਾਜ਼ੀਆਂ ਵੱਲੋਂ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿੱਚ ਚਿਣ ਕੇ ਸ਼ਹੀਦ ਕਰਨ ਦਾ ਹੁਕਮ ਸੁਣਾ ਦਿੱਤਾ ਗਿਆ। ਗੁਰੂ ਜੀ ਦੇ ਲਾਲਾਂ ਦੇ ਚਿਹਰਿਆਂ ਉੱਤੇ ਸਜ਼ਾ ਦਾ ਭੋਰਾ ਵੀ ਗ਼ਮ ਨਹੀਂ ਸੀ। ਨਵਾਬ ਦੇ ਹੁਕਮ ਅਨੁਸਾਰ ਗੁਰੂ ਜੀ ਦੇ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿੱਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। ਗੁਰੂ ਜੀ ਦੇ ਲਾਲ ਅੰਤਲੇ ਸਵਾਸ ਤਕ ਵਾਹਿਗੁਰੂ ਦਾ ਜਾਪ ਕਰਦੇ ਰਹੇ। ਪੋਤਰਿਆਂ ਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਮਾਤਾ ਗੁਜਰੀ ਜੀ ਨੇ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਕੀਤੀ ਤੇ ਸਵਾਸ ਤਿਆਗ ਦਿੱਤੇ। ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦਾ ਅੰਤਿਮ ਸੰਸਕਾਰ ਕਰਨ ਲਈ ਦੀਵਾਨ ਟੋਡਰ ਮੱਲ ਨੇ ਮੋਹਰਾਂ ਵਿਛਾ ਕੇ ਜਗ੍ਹਾ ਲਈ ਅਤੇ ਪੂਰਨ ਮਰਯਾਦਾ ਤੇ ਸਤਿਕਾਰ ਨਾਲ ਅੰਤਿਮ ਸੰਸਕਾਰ ਕੀਤਾ।

ਸਾਹਿਬਜ਼ਾਦਿਆਂ ਦੀ ਸ਼ਹਾਦਤ ਅੱਜ ਵੀ ਲੱਖਾਂ ਦਿਲਾਂ ਅੰਦਰ ਧਰਮ ਤੋਂ ਕੁਰਬਾਨ ਹੋਣ ਦਾ ਜਜ਼ਬਾ ਭਰਦੀ ਹੋਈ ਸਾਡੀ ਅਗਵਾਈ ਕਰ ਰਹੀ ਹੈ ਅਤੇ ਸਦਾ ਕਰਦੀ ਰਹੇਗੀ।



# ਸ਼ਹੀਦ ਮਾਤਾ ਗੁਜਰੀ

ਸੋ ਨਾ ਮੰਨੇ ਤਿਨ ਸੀਸ ਦਯੋ,
ਜਿਮ ਤੇਗ ਬਹਾਦਰ ਬਾਤ ਚਲਾਨੀ।
ਮਾਤ ਚਲੀ ਕਰ ਜੌਹਰ ਆਪਹਿ,
ਹਾਇ ਸੁ ਹਾਇ ਕਹੈ ਜਗ ਬਾਨੀ॥੧੪॥

ਇਹ ਵੀ ਲਿਖਿਆ ਹੈ ਕਿ ਨੀਹਾਂ ਵਿੱਚ ਚਿਣੇ ਜਾਣ ਵੇਲੇ ਸਾਹਿਬਜ਼ਾਦੇ ਇੱਕ ਦੂਜੇ ਨੂੰ ਇਹ ਹੀ ਆਖ ਰਹੇ ਸਨ ਕਿ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਹਾਂ ਅਤੇ ਅਸੀਂ ਗੁਰੂ ਤੇਗ ਬਹਾਦਰ ਜੀ ਦੇ ਪੋਤਰੇ ਹਾਂ। ਜੇ ਅਸੀਂ ਰਤਾ ਕੁ ਵੀ ਕਮਜ਼ੋਰੀ ਦਿਖਾਈ ਤਾਂ ਦਸ ਗੁਰੂ ਸਾਹਿਬਾਨ ਨੂੰ ਲਾਜ ਆਵੇਗੀ:

ਫਤੇਹ ਸਿੰਘ ਤਬ ਕਹਯੋ ਬਖਾਨ, ਦਸ ਪਾਤਸ਼ਾਹੀ ਹੋਵੈ ਹਾਨ।

ਪੰਥ ਪ੍ਰਕਾਸ਼ ਦੇ ਲਿਖੇ ਅਨੁਸਾਰ ਇਹ ਬਚਨ ਵੀ ਕਹੇ ਸਨ:

ਹਮਰੇ ਬੰਸ ਰੀਤ ਇਮ ਆਈ।
ਸੀਸ ਦੇਤ ਪਰ ਧਰਮ ਨ ਜਾਈ।

ਕੈਸਾ ਸੁੰਦਰ ਲਿਖਿਆ ਹੈ ਜੋਗੀ ਅਲ੍ਹਾ ਯਾਰ ਨੇ ਕਿ ਨੀਹਾਂ ਵਿੱਚ ਚਿਣਦੇ ਇਹ ਹੀ ਕਹਿੰਦੇ ਰਹੇ:

ਸਦ ਸਾਲ ਔਰ ਜੀ ਕੇ ਭੀ ਮਰਨਾ ਜ਼ਰੂਰ ਥਾ।
ਸਰ ਕੌਮ ਸੇ ਬਚਾਨਾ ਥਿ ਗੈਰਤ ਸੇ ਦੂਰ ਥਾ।

ਤਿੰਨਾਂ ਦਾ ਇਕੱਠਿਆਂ ਹੀ ਸਸਕਾਰ 28 ਦਸੰਬਰ 1704 ਨੂੰ ਜਯੋਤੀ (ਜੋਤੀ) ਸਰੂਪ ਵਾਲੀ ਥਾਂ ਕੀਤਾ ਗਿਆ। ਇਹ ਵੀ ਚੇਤਾ ਰਹੇ ਕਿ ਸੰਸਾਰ ਦੀ ਸਭ ਤੋਂ ਕੀਮਤੀ ਜ਼ਮੀਨ ਇਹ ਹੀ ਹੈ, ਜੋ ਟੋਡਰ ਮਲ ਜੀ ਨੇ ਲੱਖਾਂ ਦੀ ਮਾਲੀਅਤ ਦੀਆਂ ਮੁਹਰਾਂ ਵਿਛਾ ਕੇ ਲਈ ਅਤੇ ਸਭ ਤੋਂ ਕੀਮਤੀ ਵਿਚਾਰ ਵੀ ਉਹੀ ਦਿੱਤਾ ਜਾ ਰਿਹਾ ਹੈ ਕਿ ਦਾਦੀ ਦਾ ਇਹ ਫਰਜ਼ ਹੈ ਕਿ ਪੋਤਰਿਆਂ ਦੀ ਪਾਲਣਾ ਹੀ ਨਾ ਕਰੇ, ਲਾਡ ਹੀ ਨਾ ਲਡਾਂਦੀ ਫਿਰੇ ਸਗੋਂ ਧਰਮ ਦ੍ਰਿੜ ਕਰਾਏ ਜਿਵੇਂ ਮਾਤਾ ਗੁਜਰੀ ਨੇ ਕਰਾਇਆ।

ਸਸਕਾਰ ਤਾਂ ਤਿੰਨਾਂ- ਮਾਤਾ ਗੁਜਰੀ ਜੀ, ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਜੀ ਦਾ ਇਕੱਠਾ ਹੀ ਚੰਦਨ ਦੀ ਚਿਖਾ ਬਣਾ ਕੇ ਕੀਤਾ ਗਿਆ, ਪਰ ਜਦ ਸਮਾਧਾਂ ਬਣਾਈਆਂ ਗਈਆਂ ਤਾਂ ਸਾਹਿਬਜ਼ਾਦਿਆਂ ਦੀਆਂ ਅੰਦਰ ਚਾਰ ਦੀਵਾਰੀ ਵਿੱਚ ਅਤੇ ਮਾਤਾ ਗੁਜਰੀ ਜੀ ਦੀ ਬਾਹਰ ਦਲੀਜ਼ 'ਤੇ। ਇਹ ਇਸ ਲਈ ਕੀਤਾ ਗਿਆ ਤਾਂ ਕਿ ਪਰਗਟ ਰਹੇ ਕਿ ਦਾਦੀ ਦਾ ਕੀ ਫਰਜ਼ ਹੈ। ਦਾਦੀ ਅੱਜ ਵੀ ਦਲੀਜ਼ 'ਤੇ ਬੈਠ ਕੇ ਬੱਚਿਆਂ ਦੀ ਰਾਖੀ ਕਰਦੀ ਪਈ ਹੈ। ਫਿਰ ਯਾਦ ਰੱਖਣ ਵਾਲੀ ਗੱਲ ਹੈ ਕਿ ਸਰਸਾ ਦੇ ਵਿਛੋੜੇ ਵੇਲੇ ਆਪ ਕਲਗੀਆਂ ਵਾਲੇ ਨੇ ਛੋਟੇ ਬੱਚੇ ਦਾਦੀ ਨਾਲ ਭੇਜੇ। ਮਾਤਾ ਗੁਜਰੀ ਜੀ ਪੂਰਨੇ ਪਾ ਗਏ।

# ਪੰਜਾਬ ਦੀ ਸਮਝ ਤੇ ਵਰਤਾਰੇ ਦਾ ਸਿਆਸੀ ਪ੍ਰਸੰਗ

ਸਿਆਸਤ ਦੇ ਸਹਿਯੋਗ ਨਾਲ ਕਰਨੀ ਪੈ ਰਹੀ ਹੈ, ਜਿਸ ਨੂੰ ਕਾਂਗਰਸ ਲਗਾਤਾਰ ਨੁਕਸਾਨ ਪਹੁੰਚਾਉਂਦੀ ਰਹੀ ਸੀ। ਕਾਂਗਰਸ ਨੂੰ ਆਰ.ਐੱਸ.ਐੱਸ. ਵਿੱਚ ਭਾਜਪਾ ਦੀ ਜਾਨ ਤਾਂ ਸਮਝ ਆ ਗਈ ਹੈ, ਪਰ ਇਸ ਨਾਲ ਸਿੱਝਣ ਵਾਸਤੇ ਸੂਬਾਈ ਸਿਆਸਤ ਦੀ ਅਹਿਮੀਅਤ ਅਜੇ ਵੀ ਸਮਝ ਨਹੀਂ ਆ ਰਹੀ। ਇਸੇ ਕਰ ਕੇ ਜਿਸ ਤਰ੍ਹਾਂ ਭਾਜਪਾ ਨੂੰ ਪੰਜਾਬ ਦੀ ਨਾਬਰੀ ਦੀ ਸਿਆਸਤ ਸਮਝ ਆ ਰਹੀ ਹੈ, ਉਸ ਤਰ੍ਹਾਂ ਕਾਂਗਰਸ ਦਾ ਇਸ ਪਾਸੇ ਧਿਆਨ ਨਹੀਂ ਹੈ। ਇਸੇ ਨੂੰ ਸਿਆਸਤ ਦੀ ਘੁੰਮਣਘੇਰੀ ਵਿੱਚ ਫਸੇ ਪੰਜਾਬ ਵਾਂਗ ਸਮਝਣ ਦਾ ਯਤਨ ਕੀਤਾ ਜਾਣਾ ਚਾਹੀਦਾ ਹੈ।

ਪੰਜਾਬ ਜਿਸ ਮਾਤਰਾ ਵਿੱਚ ਗੁਰੂ ਕਾ ਪੰਜਾਬ ਹੋਣ ਤੋਂ ਥਿੜਕਦਾ ਗਿਆ ਹੈ, ਉਸੇ ਮਾਤਰਾ ਵਿੱਚ ਕਮਜ਼ੋਰ ਹੁੰਦਾ ਗਿਆ ਹੈ। ਦੇਸ਼ ਦੀ ਵੰਡ ਵੇਲੇ ਤੋਂ ਪੰਜਾਬ ਦੀ ਸਿਆਸਤ ਕਾਂਗਰਸ ਦੇ ਸਹਿਯੋਗ ਨਾਲ ਚੱਲਦੀ ਰਹੀ ਹੈ। ਨਾਮਵਰ ਪੰਜਾਬੀਆਂ ਦੀ ਕਾਂਗਰਸੀ ਸਿਆਸਤ ਵਿੱਚ ਜਿਸ ਤਰ੍ਹਾਂ ਦੀ ਭੂਮਿਕਾ ਰਹੀ ਹੈ, ਉਹ ਪ੍ਰਕਾਸ਼ ਸਿੰਘ ਬਾਦਲ ਦੀ ਭਾਜਪਾ ਨਾਲ ਨਹੁੰ ਮਾਸ ਦੀ ਸਿਆਸੀ ਭਾਈਵਾਲੀ ਵੇਲੇ ਨਹੀਂ ਰਹੀ ਸੀ। ਸੂਬਾਈ ਸਿਆਸਤ ਨੂੰ ਕੇਂਦਰ ਵਿਚਲੀਆਂ ਦੋਹਾਂ ਪਾਰਟੀਆਂ- ਕਾਂਗਰਸ ਅਤੇ ਭਾਜਪਾ ਵਿੱਚੋਂ ਇੱਕ ਨਾਲ ਰਹਿਣ ਦੀ ਸਿਆਸਤ ਤਾਂ ਸਮਝ ਆਉਂਦੀ ਹੈ, ਪਰ ਸੂਬਾਈ ਪਾਰਟੀਆਂ ਨੂੰ ਜਿਸ ਮਾਤਰਾ ਵਿੱਚ ਭਾਜਪਾ ਨਿਗਲ ਜਾਣ ਦੀ ਕੋਸ਼ਿਸ਼ ਕਰ ਰਹੀ ਹੈ, ਉਸ ਮਾਤਰਾ ਵਿੱਚ ਕਾਂਗਰਸ ਨਹੀਂ ਕਰ ਸਕੀ ਸੀ। ਇਸ ਨੂੰ ਇਉਂ ਵੀ ਸਮਝਿਆ ਜਾ ਸਕਦਾ ਹੈ ਕਿ ਕਾਂਗਰਸ ਸੂਬਾਈ ਸਿਆਸਤ ਨੂੰ ਮਿੱਧ ਕੇ ਨਾਲ ਲੈਣ ਦੀ ਕੋਸ਼ਿਸ਼ ਕਰਦੀ ਸੀ ਅਤੇ ਭਾਜਪਾ ਮਾਰ ਕੇ ਆਪਣੇ ਅੰਦਰ ਜਜ਼ਬ ਕਰਨ ਦੀ ਕੋਸ਼ਿਸ਼ ਕਰਦੀ ਨਜ਼ਰ ਆ ਰਹੀ ਹੈ। ਇਹ ਕਾਂਗਰਸ ਸਮੇਤ ਸਭ ਨੇ ਮੰਨ ਲਿਆ ਹੈ ਕਿ 1984 ਵਾਲਾ ਅਪਰੇਸ਼ਨ ਨੀਲਾ ਤਾਰਾ ਅਤੇ ਸਿੱਖਾਂ ਦਾ ਨਸਲਘਾਤ ਸਿਆਸੀ ਬਦਲਾਖੋਰੀ ਵਾਸਤੇ ਚੁੱਕਿਆ ਗਿਆ ਗ਼ਲਤ ਅਤੇ ਨਿੰਦਣਯੋਗ ਵਰਤਾਰਾ ਸੀ, ਪਰ ਇਸ ਪਾਸੇ ਅਜੇ ਧਿਆਨ ਨਹੀਂ ਜਾ ਰਿਹਾ ਕਿ ਇਸ ਨਿੰਦਣਯੋਗ ਅਤੇ ਗ਼ਲਤ ਵਰਤਾਰੇ ਨੂੰ ਆਰ.ਐੱਸ.ਐੱਸ. ਅਤੇ ਭਾਜਪਾ ਦੀ ਸ਼ਹਿ ਵੀ ਸੀ। ਇਸ ਕਾਂਗਰਸੀ ਵਧੀਕੀ ਦੀ ਸਿਆਸਤ ਦੀ ਲਗਾਤਾਰਤਾ ਵਿੱਚ ਪਹਿਲਾਂ ਗੋਧਰਾ ਵਾਪਰਿਆ, ਫਿਰ ਗੁਜਰਾਤ ਵਾਪਰਿਆ, ਫਿਰ ਯੂ.ਪੀ. ਵਾਪਰਿਆ, ਦਿੱਲੀ ਵਾਪਰਿਆ ਅਤੇ ਮਨੀਪੁਰ ਵਾਪਰ ਰਿਹਾ ਹੈ। ਇਸ ਵਿਰੁੱਧ ਜਿਸ ਤਰ੍ਹਾਂ ਪੰਜਾਬ ਲੜ ਰਿਹਾ ਹੈ, ਉਸ ਤਰ੍ਹਾਂ ਹੋਰ ਕੋਈ ਸੂਬਾ ਲੜਦਾ ਕਿਉਂ ਨਜ਼ਰ ਨਹੀਂ ਆਉਂਦਾ ਅਤੇ ਇਸ ਬਾਰੇ ਲੋੜੀਂਦੀ ਚੇਤਨਾ ਲਾਮਬੰਦੀ ਕਿਉਂ ਨਹੀਂ ਹੋ ਰਹੀ? ਸਰਬ ਭਾਰਤੀ ਕਿਸਾਨ ਸੰਘਰਸ਼ ਜਿਸ ਤਰ੍ਹਾਂ ਪੰਜਾਬੀਆਂ ਵੱਲੋਂ ਲੜਿਆ ਜਾ ਰਿਹਾ ਹੈ, ਉਸ ਤਰ੍ਹਾਂ ਹੋਰ ਕਿਸੇ ਸੂਬੇ ਵੱਲੋਂ ਕਿਉਂ ਨਹੀਂ ਲੜਿਆ ਜਾ ਰਿਹਾ?

ਇਸੇ ਤੋਂ ਪੰਜਾਬ ਦੀ ਸਮਝ ਅਤੇ ਵਰਤਾਰੇ ਦੀ ਸਿਆਸਤ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਕੌਣ ਕਿਸ ਨੂੰ ਦੱਸੇ ਕਿ ਕੋਈ ਵੀ ਸਮਕਾਲ ਜਦੋਂ ਸਿਆਸਤ ਦੇ ਪੈਰੋਂ ਬਦਲਿਆ-ਬਦਲਿਆ ਲੱਗਣ ਲੱਗ ਪਵੇ ਅਤੇ ਸਹਿਮਤੀ ਤੇ ਅਸਹਿਮਤੀ ਇੱਕ ਦੂਜੇ ਨਾਲ ਗੁੱਥਮਗੁੱਥਾ ਹੋ ਕੇ ਬੇਭਰੋਸਗੀ ਵਰਗੇ ਸਿੱਟੇ ਕੱਢਣ ਲੱਗ ਪੈਣ ਤਾਂ ਤਿਲਕਵੇਂ ਸਿਆਸੀ ਰਾਹਾਂ 'ਤੇ ਤੁਰਨ ਦੀਆਂ ਮਜਬੂਰੀਆਂ ਪੈਦਾ ਹੋ ਜਾਂਦੀਆਂ ਹਨ। ਇਹੋ ਜਿਹੀ ਹਾਲਤ ਵਿੱਚ ਭਾਸ਼ਾ ਵੀ ਉਹੀ ਰਹਿੰਦੀ ਹੈ, ਬੰਦੇ ਵੀ ਉਹੀ ਰਹਿੰਦੇ ਹਨ ਅਤੇ ਰਿਸ਼ਤੇ ਵੀ ਉਹੀ ਹੁੰਦੇ ਹਨ; ਫਿਰ ਵੀ ਸਭ ਕੁਝ ਬਦਲਿਆ-ਬਦਲਿਆ ਲੱਗਣ ਲੱਗ ਪੈਂਦਾ ਹੈ। ਇਸ ਦੀ ਜ਼ਿੰਮੇਵਾਰੀ ਹਰ ਕੋਈ ਦੂਜੇ 'ਤੇ ਸੁੱਟਣ ਦੀ ਸਿਆਸਤ ਕਰਦਾ ਨਜ਼ਰ ਆਉਣ ਲੱਗ ਪੈਂਦਾ ਹੈ। ਨਤੀਜੇ ਵਜੋਂ ਪਕਰੋੜ ਸਿਆਸੀ ਧਿਰਾਂ ਦੇ ਘਮਸਾਣ ਵਿੱਚ ਜਵਾਨੀ ਦੀ ਕੋਮਲਤਾ ਦਾ ਉਹੀ ਹਾਲ ਹੋਣ ਲੱਗ ਪੈਂਦਾ ਹੈ, ਜਿਹੋ ਜਿਹਾ ਸਾਨ੍ਹਾਂ ਦੇ ਭੇੜ ਵਿੱਚ ਮੱਕੀ ਦੇ ਖੇਤ ਦਾ ਹੋ ਸਕਦਾ ਹੈ। ਇਸ ਹਾਲਤ ਦੇ ਜ਼ਿੰਮੇਵਾਰ ਹੀ ਜੇ ਇਹ ਕਹਿਣ ਲੱਗ ਪੈਣ ਕਿ ਪੰਜਾਬ ਦੀ ਜਵਾਨੀ ਕਿਧਰ ਨੂੰ ਜਾ ਰਹੀ ਹੈ ਤਾਂ 'ਬੋਲਣ ਦੀ ਨਹੀਂ ਜਾਹ ਵੇ ਅੜਿਆ' ਵਰਗੀ ਸਥਿਤੀ ਪੈਦਾ ਹੋ ਜਾਂਦੀ ਹੈ।

ਇਸ ਬਾਰੇ ਗੱਲ ਇੱਥੋਂ ਸ਼ੁਰੂ ਕੀਤੀ ਜਾ ਸਕਦੀ ਹੈ ਕਿ ਜਿਵੇਂ ਕਿਸੇ ਵੇਲੇ ਪੱਛਮ ਨੇ ਪੂਰਬ ਦਾ ਅਪਹਰਨ ਕਰ ਲਿਆ ਸੀ, ਉਵੇਂ ਹੀ ਪੰਜਾਬ ਦੇ ਸ਼ਹਿਰਾਂ ਨੇ ਪਿੰਡਾਂ ਦਾ ਅਪਹਰਨ ਕਰ ਲਿਆ ਹੈ। ਪਹਿਲਾਂ ਪਿੰਡ ਸ਼ਹਿਰਾਂ ਵੱਲ ਤੁਰਿਆ ਸੀ ਅਤੇ ਹੁਣ ਸ਼ਹਿਰ ਪਿੰਡਾਂ ਦੇ ਸਿਆਸੀ ਅਪਹਰਨ ਵੱਲ ਤੁਰ ਪਿਆ ਹੈ। ਸਾਰੀਆਂ ਹੀ ਹਾਲਤਾਂ ਵਿੱਚ ਸੰਤੁਸ਼ਟੀਆਂ ਮਗਰ ਭੱਜਦੀ ਅਸੰਤੁਸ਼ਟ ਪੰਜਾਬੀ ਮਾਨਸਿਕਤਾ ਤ੍ਰਿਸ਼ੰਕੂ ਸਰੋਕਾਰਾਂ ਦਾ ਸ਼ਿਕਾਰ ਹੋਣ ਲੱਗ ਪਈ ਹੈ। ਪੱਕਿਆਂ ਤੇ ਕੱਚਿਆਂ ਦਾ ਇਹ ਭੇੜ ਸਿਆਸੀ ਮੰਡੀ ਵਿੱਚ ਵਿਕਣ ਲੱਗ ਪਿਆ ਹੈ। ਸਿਧਾਂਤਕੀਆਂ, ਵਿਸ਼ਵਾਸ ਤੇ ਵਰਤਾਰਾ, ਸਿਆਸਤ ਦਾ ਸੰਦ ਹੋ ਰਿਹਾ ਹੈ। ਇਸ ਨਾਲ ਪੈਦਾ ਹੋ ਰਹੀ ਸ਼ੋਰੀਲੇਪਨ ਦੀ ਧੁੰਦ ਵਿੱਚ ਕੁਝ ਵੀ ਸਾਫ਼ ਨਹੀਂ ਦਿਸਦਾ। ਸਵਾਲਾਂ ਦੇ ਜੰਗਲ ਉਗ ਆਏ ਹਨ ਅਤੇ ਸਵਾਲਾਂ ਨੂੰ ਜਵਾਬ ਸਮਝਣ ਦਾ ਸਿਆਸੀ ਅਗਿਆਨ ਚੁਫੇਰੇ ਪਸਰ ਰਿਹਾ ਹੈ। 'ਪੰਜਾਬ ਦਾ ਕੀ ਬਣੇਗਾ' ਹੀ ਸਵਾਲ ਹੈ ਅਤੇ ਇਸ ਦਾ ਜਵਾਬ ਵੀ ਸਵਾਲ ਹੋ ਰਿਹਾ ਹੈ।

ਜਿਹੋ ਜਿਹੀ ਸਿਆਸਤ ਵਾਸਤੇ ਸਪੇਸ ਭਾਜਪਾ ਵੱਲੋਂ ਪੈਦਾ ਕੀਤੀ ਜਾ ਰਹੀ ਹੈ, ਉਹ ਪੰਜਾਬ ਨਾਲ ਵੀ ਜੁੜੀ ਹੋਈ ਲੱਗਣ ਲੱਗ ਪਈ ਹੈ। ਕੈਨੇਡਾ ਵਿੱਚ ਮੰਦਰ ਦੇ ਬਾਹਰ ਹੋਇਆ ਝਗੜਾ, ਹਰਿਆਣੇ ਨੂੰ ਚੰਡੀਗੜ੍ਹ ਵਿੱਚ ਜ਼ਮੀਨ ਦੇਣ ਦਾ ਮਾਮਲਾ ਅਤੇ ਸਿਆਸੀ ਵਿਰੋਧੀਆਂ ਤੇ 'ਜਹਾਦੀ' ਸਿਆਸਤ, ਰੀਐਕਟਿਵ ਏਜੰਡੇ ਵਾਂਗ ਪੰਜਾਬ ਦੇ ਗਲ ਪੈਂਦੀ ਲੱਗਣ ਲੱਗ ਪਈ ਹੈ। ਇਸ ਹਾਲਤ ਵਿੱਚ ਪੰਜਾਬ ਨੂੰ ਆਪਣੀ ਵਿਰਾਸਤ ਵੱਲ ਮੁੜੇ ਬਗੈਰ ਪੰਜਾਬ ਰੱਖਣਾ ਮੁਸ਼ਕਿਲ ਹੋ ਰਿਹਾ ਹੈ।

# ਨੋਬਲ ਪੁਰਸਕਾਰ ਦੀ ਸਿਆਸਤ

ਮਾਨਵ
ਫੋਨ: +91-9888808188

**ਨੋਬਲ ਪੁਰਸਕਾਰ ਨੂੰ ਵੱਕਾਰੀ ਪੁਰਸਕਾਰ ਮੰਨਿਆ ਜਾਂਦਾ ਹੈ। ਇਹ ਪੁਰਸਕਾਰ ਉਨ੍ਹਾਂ ਲੋਕਾਂ ਨੂੰ ਮਾਨਤਾ ਦਿੰਦਾ ਹੈ, ਜਿਨ੍ਹਾਂ ਨੇ ਮਨੁੱਖਤਾ ਨੂੰ ਲਾਭ ਪਹੁੰਚਾਉਣ ਵਾਲੀਆਂ ਖੋਜਾਂ ਕੀਤੀਆਂ ਹੋਣ। ਇਨਾਮ ਦੀ ਸਥਾਪਨਾ 1900 ਵਿੱਚ ਇੱਕ ਰਸਾਇਣ ਵਿਗਿਆਨੀ, ਇੰਜੀਨੀਅਰ ਅਤੇ ਖੋਜੀ ਐਲਫ੍ਰੇਡ ਨੋਬਲ ਦੁਆਰਾ ਕੀਤੀ ਗਈ ਸੀ, ਜੋ ਵਿਸ਼ਵਾਸ ਕਰਦੇ ਸਨ ਕਿ ਗਿਆਨ, ਵਿਗਿਆਨ ਅਤੇ ਮਾਨਵਵਾਦ ਸਮਾਜ ਨੂੰ ਸੁਧਾਰ ਸਕਦੇ ਹਨ। ਹਥਲੇ ਲੇਖ ਵਿੱਚ 2024 ਦੇ ਅਰਥਸ਼ਾਸਤਰ ਦੇ ਨੋਬਲ ਪੁਰਸਕਾਰ ਸਬੰਧੀ ਗੰਭੀਰ ਟਿੱਪਣੀਆਂ ਕੀਤੀਆਂ ਗਈਆਂ ਹਨ।**



ਡੈਰਨ ਏਸਮੋਗਲੂ, ਸਾਈਮਨ ਜੌਹਨਸਨ ਤੇ ਜੇਮਸ ਰੌਬਿਨਸਨ ਨੂੰ 2024 ਦਾ ਅਰਥਸ਼ਾਸਤਰ ਦਾ ਨੋਬੇਲ ਪੁਰਸਕਾਰ ਦਿੱਤਾ ਗਿਆ ਹੈ। ਉਨ੍ਹਾਂ ਨੂੰ 'ਦੇਸ਼ ਵਿਕਾਸ ਵਿੱਚ ਸਮਾਜਿਕ ਸੰਸਥਾਵਾਂ ਦੇ ਰੋਲ' ਬਾਰੇ ਖੋਜ ਕਾਰਜ ਉੱਤੇ ਇਹ ਸਨਮਾਨ ਮਿਲਿਆ। ਤਿੰਨੇ ਬੁੱਧੀਜੀਵੀ ਅਮਰੀਕਾ ਦੀਆਂ ਕੁਲੀਨ ਯੂਨੀਵਰਸੀਟੀਆਂ ਵਿੱਚ ਪੜ੍ਹਾਉਂਦੇ ਹਨ। ਡੈਰਨ ਏਸਮੋਗਲੂ ਤੇ ਸਾਈਮਨ ਜੌਹਨਸਨ ਮੈਸਾਚੁਸੈਟਸ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਹਨ, ਜੇਮਸ ਰੌਬਿਨਸਨ ਸ਼ਿਕਾਗੋ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਹੈ।

ਜਿਸ ਕਾਰਜ ਲਈ ਇਨ੍ਹਾਂ ਨੂੰ ਨੋਬੇਲ ਪੁਰਸਕਾਰ ਮਿਲਿਆ ਹੈ, ਉਸ ਦਾ ਮਕਸਦ ਇਹ ਦਰਸਾਉਣਾ ਹੈ ਕਿ ਜਿਨ੍ਹਾਂ ਮੁਲਕਾਂ ਨੇ ਗਰੀਬੀ ਖਤਮ ਕੀਤੀ ਤੇ ਤਰੱਕੀ ਦੇ ਰਾਹ ਪਏ, ਇਹ ਉਹ ਮੁਲਕ ਸਨ, ਜਿੱਥੇ ਸਮਾਜਿਕ-ਸਿਆਸੀ ਸੰਸਥਾਵਾਂ ਬਿਹਤਰ ਸਨ, ਬਿਹਤਰ ਕਾਨੂੰਨ ਪ੍ਰਬੰਧ ਸੀ; ਜਿਨ੍ਹਾਂ ਮੁਲਕਾਂ ਵਿੱਚ ਸੰਸਥਾਵਾਂ ਨਿਚੋੜਨ ਵਾਲੀਆਂ ਸਨ, ਉਨ੍ਹਾਂ ਨੇ ਤਾਕਤਾਂ ਦਾ ਕੇਂਦਰੀਕਰਨ ਵਧਾਇਆ ਅਤੇ ਸਿਆਸੀ ਆਜ਼ਾਦੀਆਂ ਨੂੰ ਘਟਾਇਆ, ਤੇ ਉਹ ਮੁਲਕ ਵਿਕਾਸ ਦੀ ਦੌੜ ਵਿੱਚ ਪੱਛੜ ਗਏ।

ਸਰਮਾਏਦਾਰਾ ਆਰਥਿਕ ਵਿਕਾਸ ਦੀ ਇਹ ਸਮਝ ਜਿੱਥੇ ਆਰਥਿਕ ਵਰਤਾਰਿਆਂ ਦੀ ਵਿਆਖਿਆ ਗੈਰ-ਆਰਥਿਕ ਸੰਸਥਾਵਾਂ ਰਾਹੀਂ ਕਰਨ ਦੀ ਕੋਸ਼ਿਸ਼ ਕਰਦੀ ਹੈ ਤੇ ਇਸ ਤਰ੍ਹਾਂ ਅਸਲ ਵਿੱਚ ਮੌਜੂਦਾ ਪ੍ਰਬੰਧ ਦੇ ਲੋਟੂ ਖਾਸੇ ਨੂੰ ਢਕ ਦਿੱਤਾ ਜਾਂਦਾ ਹੈ, ਉਹ 'ਸੰਸਥਾਈ ਅਰਥਸ਼ਾਸਤਰ' ਕਹਾਉਂਦੀ ਹੈ। ਸਰਮਾਏਦਾਰਾ ਪ੍ਰਬੰਧ ਤੇ ਇਸ ਵਿਚਲੀ ਨਾ-ਬਰਾਬਰੀ ਦੀ ਇਹ ਸੰਸਥਾਈ ਵਿਆਖਿਆ ਅਸਲ ਵਿੱਚ ਸਾਨੂੰ ਇਨ੍ਹਾਂ ਵਰਤਾਰਿਆਂ ਨੂੰ ਸਮਝਣ ਵਿੱਚ ਭੋਰਾ ਵੀ ਮਦਦ ਨਹੀਂ ਕਰਦੀ, ਸਗੋਂ ਅਸਲ ਕਾਰਨਾਂ 'ਤੇ ਪਰਦਾ ਪਾਉਂਦੀ ਹੈ।

ਜਮਾਤਾਂ 'ਚ ਵੰਡੇ ਅਜੋਕੇ ਸਮਾਜ ਵਿੱਚ ਕੋਈ ਵੀ ਵਰਤਾਰਾ ਜਮਾਤੀ ਪੱਖਪਾਤ ਤੋਂ ਮੁਕਤ ਨਹੀਂ ਅਤੇ ਨਾ ਹੀ ਹੋ ਸਕਦਾ ਹੈ। ਇਹ ਗੱਲ ਪੁਰਸਕਾਰਾਂ 'ਤੇ ਵੀ ਪੂਰੀ ਢੁਕਦੀ ਹੈ। ਅਰਥਸ਼ਾਸਤਰ ਦੇ ਨੋਬੇਲ ਸਨਮਾਨ ਦੀ ਸ਼ੁਰੂਆਤ ਬਹੁਤ ਦੇਰ ਨਾਲ 1968 ਵਿੱਚ ਸ਼ੁਰੂ ਹੋਈ ਤੇ ਪਹਿਲਾ ਸਨਮਾਨ 1969 ਵਿੱਚ ਦਿੱਤਾ ਗਿਆ। ਸੱਠ ਦਾ ਦਹਾਕਾ ਪੂਰੇ ਸੰਸਾਰ ਵਿੱਚ ਲੋਕ ਲਹਿਰਾਂ ਦਾ ਦਹਾਕਾ ਰਿਹਾ ਤੇ ਲੋਕਾਂ ਨੇ ਆਪਣੇ ਏਕੇ ਨਾਲ ਬਹੁਤ ਸਾਰੇ ਏਸ਼ੀਆ, ਅਫਰੀਕਾ ਤੇ ਲਾਤੀਨੀ ਅਮਰੀਕਾ ਵਿੱਚ ਗੁਲਾਮ ਬਣਾਏ ਬਹੁਤ ਸਾਰੇ ਮੁਲਕ ਵੀ ਆਜ਼ਾਦ ਕਰਾਏ ਤੇ ਪੱਛਮੀ ਮੁਲਕਾਂ ਵਿੱਚ ਵੀ ਸਰਕਾਰਾਂ ਕੋਲੋਂ ਬੁਨਿਆਦੀ ਸਹੂਲਤਾਂ ਹਾਸਲ ਕੀਤੀਆਂ। ਸਵੀਡਨ ਵੀ ਇਸ ਸਾਰੇ ਮਾਮਲੇ ਤੋਂ ਅਛੂਤਾ ਨਹੀਂ ਸੀ।

ਸੱਠਵਿਆਂ ਦੇ ਸਵੀਡਨ ਵਿੱਚ ਰੁਜ਼ਗਾਰ ਤੇ ਰਿਹਾਇਸ਼ ਨੂੰ ਲੈ ਕੇ ਲੋਕਾਂ ਦੇ ਵੱਡੇ ਸੰਘਰਸ਼ ਹੋ ਰਹੇ ਸਨ, ਜਿਸ ਵਿੱਚ ਲੋਕਾਂ ਵੱਲੋਂ ਸਰਕਾਰ 'ਤੇ ਦਬਾਅ ਪਾਇਆ ਜਾ ਰਿਹਾ ਸੀ ਕਿ ਉਹ ਪੱਕੇ ਰੁਜ਼ਗਾਰ ਦਾ ਕੋਈ ਪ੍ਰਬੰਧ ਕਰੇ ਤੇ ਲੋਕਾਂ ਲਈ ਸਸਤੀ ਰਿਹਾਇਸ਼ ਬਣਾ ਕੇ ਦੇਵੇ। ਸਵੀਡਨ ਦੀ ਸਿਆਸਤ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲਾ ਸਵੀਡਨ ਦਾ ਕੇਂਦਰੀ ਬੈਂਕ ਇਸ ਦੇ ਹੱਕ ਵਿੱਚ ਨਹੀਂ ਸੀ। ਇਸ ਜੱਦੋ-ਜਹਿਦ ਵਿੱਚ ਲੋਕਾਂ ਨੇ ਆਪਣੀਆਂ ਮੰਗਾਂ ਮੰਨਵਾਈਆਂ ਤੇ ਸਵੀਡਨ ਬੈਂਕ ਦੇ ਨਵਉਦਾਰਵਾਦੀ ਨੀਤੀਆਂ ਪੱਖੀ ਅਰਥਸ਼ਾਸਤਰੀਆਂ ਨੂੰ ਇੱਕ ਕਦਮ ਪਿੱਛੇ ਹਟਣਾ ਪਿਆ। ਹੁਣ ਲੜਾਈ ਵਿਚਾਰਾਂ ਦੇ ਖੇਤਰ ਵਿੱਚ ਲੜੀ ਗਈ। ਕੇਂਦਰੀ ਬੈਂਕ ਨੇ 1968 ਵਿੱਚ ਆਉਂਦੀ ਆਪਣੀ ਤਿੰਨ ਸੌਵੀਂ ਵਰ੍ਹੇਗੰਢ ਨੂੰ ਵਰਤਦਿਆਂ ਅਰਥਸ਼ਾਸਤਰ ਦੇ ਖੇਤਰ ਵਿੱਚ ਨੋਬੇਲ ਸਨਮਾਨ ਸ਼ੁਰੂ ਕਰਨ ਦਾ ਫੈਸਲਾ ਕੀਤਾ ਤੇ ਉਦੋਂ ਤੋਂ ਅੱਜ ਤੱਕ ਇਹ ਸਨਮਾਨ ਇਸੇ ਬੈਂਕ ਦੀ ਪੁਸ਼ਤਪਨਾਹੀ ਕਾਰਨ ਦਿੱਤਾ ਜਾਂਦਾ ਹੈ। ਇਸ ਲਈ ਇਹ ਸਨਮਾਨ ਮੁੱਢ ਤੋਂ ਹੀ ਅਜਿਹੇ ਅਰਥਸ਼ਾਸਤਰੀਆਂ ਨੂੰ ਦਿੱਤੇ ਗਏ ਹਨ, ਜਿਨ੍ਹਾਂ ਨੇ ਨਵਉਦਾਰਵਾਦੀ ਨੀਤੀਆਂ ਦਾ ਪੱਖ ਪੂਰਿਆ ਹੈ। ਇਸ ਸਨਮਾਨ ਨੂੰ ਲੈਣ ਵਾਲੇ ਮੁੱਢਲੇ ਅਰਥਸ਼ਾਸਤਰੀ ਫਰੈਡਰਿਕ ਹਾਇਕ ਤੇ ਮਿਲਟਨ ਫ੍ਰੀਡਮੈਨ ਸਨ, ਜਿਹੜੇ ਉਦੋਂ ਅਮਰੀਕਾ ਵਿੱਚ ਰੀਗਨ ਦੌਰ ਤੇ ਬਰਤਾਨੀਆ ਵਿੱਚ ਥੈਚਰ ਦੌਰ ਦੌਰਾਨ ਇਨ੍ਹਾਂ ਸਰਕਾਰਾਂ ਦੇ ਸਲਾਹਕਾਰ ਵੀ ਬਣੇ। ਸ਼ਿਕਾਗੋ ਯੂਨੀਵਰਸਿਟੀ ਜਿਹੜੀ ਨਵਉਦਾਰਵਾਦੀ ਮੱਤ ਦੀ ਜਨਕ ਸੀ, ਉਸ ਦੇ ਹੀ 28 ਤੋਂ ਵੱਧ ਅਰਥਸ਼ਾਸਤਰੀਆਂ ਨੂੰ ਇਹ ਸਨਮਾਨ ਮਿਲਿਆ।

ਇਸ ਦੌਰ ਵਿੱਚ ਹਾਕਮ ਸਿਆਸਤ ਐਨੀ ਭਾਰੂ ਸੀ ਕਿ 70ਵਿਆਂ ਵਿੱਚ ਇਸ ਸਨਮਾਨ ਲਈ ਸਭ ਤੋਂ ਵੱਧ ਚਰਚਿਤ ਕੀਨਜਵਾਦੀ ਜੋਆਨ ਰਾਬਿਨਸਨ ਨੂੰ ਇਸ ਲਈ ਇਸ ਇਨਾਮ ਤੋਂ ਵਿਰਵੇ ਕੀਤਾ ਗਿਆ, ਕਿਉਂਕਿ ਉਸ ਨੇ ਸਮਾਜਵਾਦੀ ਚੀਨ ਦੀ ਪ੍ਰਸ਼ੰਸਾ ਕੀਤੀ ਸੀ, ਉਸ ਨੇ ਚੀਨ ਸਰਕਾਰ ਦੀ 'ਮਹਾਨ ਅੱਗੇ ਵੱਲ ਛਾਲ' ਦੀ ਨੀਤੀ ਤੇ ਯੁੱਗ ਪਲਟਾਊ 'ਮਹਾਨ ਸੱਭਿਆਚਾਰਕ ਇਨਕਲਾਬ' ਦੀ ਨੀਤੀ ਦੀ ਹਮਾਇਤ ਵਿੱਚ ਚੀਨ ਦੇ ਆਪਣੇ ਦੌਰਿਆਂ ਦੇ ਆਧਾਰ 'ਤੇ ਦਰਜਨਾਂ ਪ੍ਰਸ਼ੰਸਾ ਭਰੇ ਲੇਖ ਲਿਖੇ ਸਨ। ਨੋਬੇਲ ਸਨਮਾਨਾਂ ਦੀ ਇਸ ਪੂਰੀ ਸਿਆਸਤ ਨੂੰ ਲੇਖਕਾਂ- ਐਵਨਰ ਆਫਰ ਤੇ ਗੇਬਰੀਅਲ ਸੋਡਰਬਰਗ ਨੇ ਆਪਣੀ ਮਸ਼ਹੂਰ ਕਿਤਾਬ 'ਨੋਬੇਲ ਕਾਰਕ' ਵਿੱਚ ਪੂਰੇ ਵਿਸਥਾਰ ਸਹਿਤ ਦਰਸਾਇਆ ਹੈ।

ਉਂਝ, ਇੱਕੀਵੀਂ ਸਦੀ ਆਉਂਦੇ-ਆਉਂਦੇ ਨਵਉਦਾਰਵਾਦ ਦਾ ਸਿਧਾਂਤ ਆਪਣੀ ਵਾਜਬੀਅਤ ਗਵਾਉਣ ਲੱਗਿਆ, ਇਸ ਦੇ ਸਿਧਾਂਤਕਾਰ ਬਦੂ ਹੋਣ ਲੱਗੇ, ਕਿਉਂਕਿ ਐਨੇ ਦਹਾਕਿਆਂ ਤੋਂ ਇਨ੍ਹਾਂ ਨੀਤੀਆਂ ਦੇ ਅਮਲ ਨੇ ਵੀ ਇਨ੍ਹਾਂ ਦਾ ਲੋਕ ਵਿਰੋਧੀ ਚਿਹਰਾ ਨੰਗਾ ਕਰ ਦਿੱਤਾ ਸੀ। 2007-08 ਦੀ ਆਰਥਿਕ ਮੰਦੀ ਨੇ ਤਾਂ ਇਨ੍ਹਾਂ ਸਾਰੇ ਸਿਧਾਂਤਕਾਰਾਂ ਨੂੰ ਸਰੇ-ਬਾਜ਼ਾਰ ਨੰਗਾ ਕਰ ਦਿੱਤਾ। ਫਿਰ ਜਿਵੇਂ ਹੁੰਦਾ ਹੈ, ਸਰਮਾਏਦਾਰਾਂ ਪ੍ਰਬੰਧ ਨੇ ਆਪਣਾ ਚਿਹਰਾ ਅਤੇ ਨੋਬੇਲ ਸਨਮਾਨ ਦੀ ਸਾਖ ਬਚਾਉਣ ਲਈ ਇਸ ਸਦੀ ਦੇ ਸ਼ੁਰੂ ਵਿੱਚ ਹੀ ਅਜਿਹੇ ਸਿਧਾਂਤਕਾਰਾਂ ਨੂੰ ਉਭਾਰਨਾ ਸ਼ੁਰੂ ਕੀਤਾ, ਜਿਹੜੇ ਨਵਉਦਾਰਵਾਦੀ ਨੀਤੀਆਂ ਦੇ ਤਾਂ ਖਿਲਾਫ ਬੋਲਦੇ ਸਨ, ਪਰ ਇਸ ਸਰਮਾਏਦਾਰਾ ਢਾਂਚੇ ਨੂੰ ਅਟੱਲ ਮੰਨ ਕੇ ਇਸ ਤਹਿਤ ਹੀ ਕੀਨਜਵਾਦੀ ਢੰਗਾਂ ਨਾਲ ਹੱਲ ਕੱਢਣ ਦੀ ਗੱਲ ਕਰਦੇ ਸਨ। ਜੋਸਫ ਸਟਿਗਲਿਟਜ਼, ਥਾਮਸ ਪਿਕੇਟੀ, ਆਂਗਸ ਡੀਟਨ ਆਦਿ ਦਾ ਨਾਂ ਇਸੇ ਦੌਰ ਨਾਲ ਹੀ ਜੁੜਦਾ ਹੈ, ਕਿਉਂ ਜੋ ਹੁਣ ਸਰਮਾਏਦਾਰੀ ਨੂੰ ਇਨ੍ਹਾਂ ਦੀ ਲੋੜ ਸੀ। ਦੂਜੇ ਪਾਸੇ, 2007-08 ਤੋਂ ਬਾਅਦ ਚੱਲੀ 'ਵਾਲ ਸਟਰੀਟ 'ਤੇ ਕਬਜ਼ਾ ਕਰੋ' ਮੁਹਿੰਮ, 2020 ਵਿੱਚ ਅਮਰੀਕਾ ਵਿੱਚ ਸਿਆਹ ਅਮਰੀਕੀ ਜੌਰਜ ਫਲੌਇਡ ਦੇ ਨਸਲੀ ਕਤਲ ਤੋਂ ਮਗਰੋਂ ਭੜਕਿਆ ਲੋਕ ਰੋਹ, ਪੱਛਮ ਦੀਆਂ ਕਈ ਯੂਨੀਵਰਸੀਟੀਆਂ ਵਿੱਚ ਬੀਤੇ ਇੱਕ ਦਹਾਕੇ ਤੋਂ ਘੱਟ-ਵੱਧ ਸਰਗਰਮ ਰਹੀ ਅਰਥਸ਼ਾਸਤਰ ਵਿਸ਼ੇ ਦੇ ਪਾਠਕ੍ਰਮ ਨੂੰ ਬਦਲਣ ਦੀ ਲਹਿਰ ਆਦਿ ਹੀ ਨੋਬੇਲ ਪੁਰਸਕਾਰਾਂ ਵਿੱਚ ਇਸ ਮੋੜੇ ਦਾ ਪਿਛੋਕੜ ਬਣੇ। ਇਸੇ ਲੜੀ ਤਹਿਤ ਇਸ ਸਾਲ ਦੇ ਨੋਬੇਲ ਪੁਰਸਕਾਰ ਉਪਰੋਕਤ ਤਿੰਨ ਸੰਸਥਾਈ ਅਰਥਸ਼ਾਸਤਰੀਆਂ ਨੂੰ ਦਿੱਤੇ ਗਏ ਹਨ।


ਡੈਰਨ ਏਸਮੋਗਲੂ


ਜੇਮਸ ਰੌਬਿਨਸਨ


ਸਾਈਮਨ ਜੌਹਨਸਨ

**ਨੋਬਲ ਸਨਮਾਨ ਕਮੇਟੀ ਨੇ ਆਪਣੇ ਖਾਸੇ ਮੁਤਾਬਕ ਇਸ ਸਾਲ ਦਾ ਅਰਥਸ਼ਾਸਤਰ ਦਾ ਨੋਬਲ ਪੁਰਸਕਾਰ ਅਜਿਹੇ ਲੋਕਾਂ ਨੂੰ ਹੀ ਦਿੱਤਾ ਹੈ, ਜਿਹੜੇ ਨਾ ਸਿਰਫ ਮੌਜੂਦਾ ਸਰਮਾਏਦਾਰਾ ਢਾਂਚੇ ਨੂੰ ਕਾਇਮ ਰੱਖਣ ਦੇ ਸੁਝਾਅ ਦਿੰਦੇ ਹਨ, ਸਗੋਂ ਜਿਹੜੇ ਤੀਜੀ ਦੁਨੀਆ ਦੇ ਦੇਸ਼ਾਂ ਦੀ ਹੁੰਦੀ ਸਾਮਰਾਜੀ ਲੁੱਟ 'ਤੇ ਵੀ ਪਰਦਾ ਪਾਉਂਦੇ ਹਨ ਤੇ ਇਨ੍ਹਾਂ ਦੇਸ਼ਾਂ ਨੂੰ ਪੱਛਮੀ ਦੇਸ਼ਾਂ ਦੀ ਤਰਜ਼ ਵਾਲੀਆਂ ਸੰਸਥਾਵਾਂ ਤੇ ਨੀਤੀਆਂ ਦੀ ਨਕਲ ਕਰਨ ਦੀਆਂ ਸਲਾਹਾਂ ਦਿੰਦੇ ਹਨ।**

ਕੀ ਹੈ ਸੰਸਥਾਈ ਅਰਥਸ਼ਾਸਤਰ?

ਸੰਸਥਾਈ ਅਰਥਸ਼ਾਸਤਰ ਸਰਮਾਏਦਾਰਾ ਅਰਥਸ਼ਾਸਤਰੀ ਧਾਰਾ ਵਿੱਚ ਅਜਿਹਾ ਰੁਝਾਨ ਹੈ, ਜਿਹੜਾ 19ਵੀਂ ਸਦੀ ਦੇ ਅਖੀਰ ਵਿੱਚ ਉੱਭਰਿਆ। ਇਸ ਦਾ ਉਭਾਰ ਅਜਿਹੇ ਦੌਰ ਵਿੱਚ ਹੋਇਆ, ਜਦੋਂ ਸਰਮਾਏਦਾਰਾ ਪ੍ਰਬੰਧ ਆਪਣੇ ਸਰਵਉੱਚ ਪੜਾਅ, ਭਾਵ ਸਾਮਰਾਜ ਦੇ ਦੌਰ ਵਿੱਚ ਦਾਖਲ ਹੋ ਰਿਹਾ ਸੀ ਤੇ ਏਸ਼ੀਆ-ਅਫਰੀਕਾ-ਲਾਤੀਨੀ ਅਮਰੀਕਾ ਦੇ ਤੀਜੀ ਦੁਨੀਆ ਦੇ ਮੁਲਕਾਂ ਦੀ ਬਸਤੀਵਾਦੀ ਲੁੱਟ ਨਵੇਂ ਪੜਾਅ ਵਿੱਚ ਦਾਖਲ ਹੋ ਰਹੀ ਸੀ। ਇਹ ਧਾਰਾ ਸਰਮਾਏਦਾਰਾ ਪ੍ਰਬੰਧ ਦੀ ਆਰਥਿਕ ਪ੍ਰਕਿਰਿਆ ਦੀ 'ਗੈਰ-ਆਰਥਿਕ' ਵਿਆਖਿਆ ਕਰਨ ਦੀ ਕੋਸ਼ਿਸ਼ ਕਰਦੀ ਹੈ ਤੇ ਅਜਿਹਾ ਕਰਦਿਆਂ ਇਹ ਸੰਸਥਾਵਾਂ ਦੇ ਰੋਲ 'ਤੇ ਜ਼ੋਰ ਦਿੰਦੀ ਹੈ। ਸੰਸਥਾਵਾਂ ਤੋਂ ਇਸ ਦਾ ਭਾਵ ਸਮਾਜ ਵਿਚਲੇ ਕਾਨੂੰਨੀ ਤੇ ਨੈਤਿਕ ਵਰਤਾਰੇ (ਰਹੁ-ਰੀਤਾਂ ਆਦਿ) ਸਣੇ ਟਰੇਡ ਯੂਨੀਅਨਾਂ, ਕੰਪਨੀਆਂ, ਟੈਕਸ ਪ੍ਰਬੰਧ, ਪਰਿਵਾਰ ਇਕਾਈ ਆਦਿ ਹੁੰਦਾ ਹੈ; ਕਹਿਣ ਦਾ ਭਾਵ ਇਹ ਵਿਆਖਿਆ ਸਰਮਾਏਦਾਰਾ ਸਮਾਜ ਦੀ ਟਕਰਾਵੀਂ ਜਮਾਤੀ ਵੰਡ, ਭਾਵ ਲੁਟੇਰੀ ਸਰਮਾਏਦਾਰਾ ਜਮਾਤ ਬਨਾਮ ਲੁੱਟੀਂਦੇ ਉਜਰਤੀ ਮਜ਼ਦੂਰ, ਸਰਮਾਏਦਾਰਾ ਵਿਕਾਸ ਦੀ ਚਾਲਕ ਸ਼ਕਤੀ ਮੁਨਾਫਾ ਤੇ ਇਸ ਦੇ ਅਸਲ ਸਰੋਤ, ਭਾਵ ਮਜ਼ਦੂਰਾਂ ਦੀ ਲੁੱਟ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰਦੀ ਹੈ।

ਇਸ ਢਾਂਚੇ ਨੂੰ ਕਿਵੇਂ ਫਿੱਟ ਬਹਿੰਦੀ ਹੈ ਇਨ੍ਹਾਂ ਅਰਥਸ਼ਾਸਤਰੀਆਂ ਦੀ ਵਿਆਖਿਆ?

ਨੋਬੇਲ ਇਨਾਮਯਾਫਤਾ ਉਪਰੋਕਤ ਤਿੰਨੇ ਪ੍ਰੋਫੈਸਰ ਆਪਣੇ ਅਧਿਐਨ ਰਾਹੀਂ ਅਜੋਕੇ ਸਾਮਰਾਜੀ ਢਾਂਚੇ ਤੇ ਖਾਸ ਪੱਛਮੀ ਸਾਮਰਾਜੀ ਧੜੇ ਦੀ ਸੇਵਾ ਕਰਦੇ ਹਨ। ਪਹਿਲਾ ਇਹ ਕਿ ਆਪਣੇ ਪੂਰੇ ਅਧਿਐਨ ਵਿੱਚ ਉਹ ਸਰਮਾਏਦਾਰਾ ਤਰੱਕੀ, ਖਾਸਕਰ ਪੱਛਮੀ ਮੁਲਕਾਂ ਦੀ ਤਰੱਕੀ ਵਿੱਚ ਬਸਤੀਵਾਦੀ ਪ੍ਰਬੰਧ ਦੇ ਰੋਲ ਨੂੰ ਮੂਲੋਂ ਹੀ ਥਾਂ ਨਹੀਂ ਦਿੰਦੇ। ਸਾਮਰਾਜੀ ਮੁਲਕਾਂ ਦੀ ਤਰੱਕੀ ਭਾਵੇਂ ਉਹ ਬਰਤਾਨੀਆ ਹੋਵੇ ਤੇ ਭਾਵੇਂ ਅਮਰੀਕਾ, ਦਾ ਵੱਡਾ ਆਧਾਰ ਪਹਿਲੋਂ ਸਾਮਰਾਜੀ ਲੁੱਟ ਹੈ, ਜਿਸ ਰਾਹੀਂ ਇਨ੍ਹਾਂ ਮੁਲਕਾਂ ਨੇ ਤੀਜੀ ਦੁਨੀਆ ਦੇ ਕੁਦਰਤੀ ਸਾਧਨਾਂ, ਕਿਰਤ ਆਦਿ ਦੀ ਅਥਾਹ ਲੁੱਟ ਕਰ ਕੇ ਆਪਣੇ ਖਜ਼ਾਨੇ ਭਰੇ। ਅਰਥਸ਼ਾਸਤਰੀ ਉਤਸਾ ਪਟਨਾਇਕ ਨੇ ਆਪਣੇ ਵਿਸਥਾਰੀ ਅਧਿਐਨ ਰਾਹੀਂ ਦਾਅਵਾ ਕੀਤਾ ਹੈ ਕਿ ਬਰਤਾਨੀਆ ਨੇ 1765 ਤੋਂ ਲੈ ਕੇ 1938 ਤੱਕ ਉਸ ਵੇਲੇ ਦੇ ਭਾਰਤ ਤੋਂ 45 ਖਰਬ ਡਾਲਰ ਤੱਕ ਦੀ ਲੁੱਟ ਕੀਤੀ, ਪਰ ਨੋਬੇਲ ਇਨਾਮ ਜੇਤੂ ਤਿੰਨਾਂ ਪ੍ਰੋਫੈਸਰਾਂ ਦੇ ਅਧਿਐਨ ਵਿੱਚ ਇਸ ਸਾਮਰਾਜੀ ਲੁੱਟ ਦਾ ਕੋਈ ਜ਼ਿਕਰ ਤੱਕ ਨਹੀਂ। ਉਨ੍ਹਾਂ ਮੁਤਾਬਕ ਬਸਤੀਵਾਦੀ ਲੁੱਟ ਸਰਮਾਏਦਾਰਾ ਵਿਕਾਸ ਦਾ ਅਨਿੱਖੜਵਾਂ ਅੰਗ ਨਾ ਹੋ ਕੇ ਮਹਿਜ਼ ਸਬੱਬੀ ਸੀ, ਬਾਹਰੀ ਝਟਕਾ ਸੀ।

ਦੂਜਾ ਤਰੀਕਾ ਜਿਸ ਰਾਹੀਂ ਇਨ੍ਹਾਂ ਪ੍ਰੋਫੈਸਰਾਂ ਦਾ ਅਧਿਐਨ ਸਰਮਾਏਦਾਰਾ ਢਾਂਚੇ ਨੂੰ ਛੁਟਿਆਉਂਦਾ ਹੈ, ਉਹ ਹੈ ਨਿੱਜੀ ਜਾਇਦਾਦ ਦੀ ਆਪਣੀ ਵਿਆਖਿਆ ਕਰ ਕੇ। ਇਹ ਪ੍ਰੋਫੈਸਰ ਆਪਣੇ ਅਧਿਐਨ ਵਿੱਚ ਨਿੱਜੀ ਜਾਇਦਾਦ ਦੀ ਉਤਪਤੀ ਤੇ ਵਿਕਾਸ ਦੇ ਸਵਾਲ ਨੂੰ ਫਰੋਲਣ ਦੀ ਥਾਂ ਇਸ ਨੂੰ ਦਿੱਤੀ ਹੋਈ ਸੁੱਚਮ, ਪਵਿੱਤਰ ਸ਼ੈਅ ਮੰਨਦੇ ਹਨ, ਜੋ ਹਮੇਸ਼ਾ ਤੋਂ ਰਹੀ ਹੈ ਤੇ ਕਹਿੰਦੇ ਹਨ ਕਿ ਗਲੋਬਲ ਦੱਖਣ ਵਿੱਚ (ਮੋਟੇ ਤੌਰ 'ਤੇ ਤੀਜੀ ਦੁਨੀਆ ਦੇ ਦੇਸ਼) ਕਿਉਂਕਿ ਜਾਇਦਾਦ ਹੱਕਾਂ ਦੀ ਰਾਖੀ ਕਰਨ ਲਈ ਢੁੱਕਵੀਆਂ ਸੰਸਥਾਵਾਂ ਨਹੀਂ, ਇਸ ਲਈ ਉੱਥੇ ਤਰੱਕੀ ਦੇ ਰਾਹ ਵਿੱਚ ਅੜਿੱਕਾ ਪੈ ਗਿਆ। ਇਹ ਵਿਦਵਾਨ ਭੁੱਲ ਜਾਂਦੇ ਹਨ ਕਿ ਅਮਰੀਕਾ, ਆਸਟਰੇਲੀਆ ਆਦਿ ਸਭੇ ਥਾਵਾਂ 'ਤੇ ਮੂਲਨਿਵਾਸੀਆਂ ਦਾ ਘਾਣ ਕੀਤਾ ਗਿਆ ਸੀ, ਉਨ੍ਹਾਂ ਨੂੰ ਉਨ੍ਹਾਂ ਦੀ ਧਰਤੀ ਤੋਂ ਹੀ ਉਜਾੜ ਕੇ ਧਨਾਢਾਂ ਦੇ ਮੁਨਾਫੇ ਦਾ ਪ੍ਰਬੰਧ ਕੀਤਾ ਗਿਆ ਸੀ। ਦੂਸਰਾ ਉਹ ਇਹ ਵੀ ਨਹੀਂ ਸਮਝਦੇ ਕਿ ਸਰਮਾਏ ਦੇ ਇਕੱਤਰੀਕਰਨ ਨੇ ਆਪ ਹੀ ਵੱਡੀ ਪੱਧਰ 'ਤੇ ਛੋਟੀ ਮਾਲਕੀ ਦਾ ਅਜਿਹਾ ਉਜਾੜਾ ਕਰ ਦਿੱਤਾ ਕਿ ਸਮਾਜ ਦੀ ਬਹੁਗਿਣਤੀ, ਭਾਵੇਂ ਉਹ ਤੀਜੀ ਦੁਨੀਆ ਵਿੱਚ ਹੋਵੇ ਤੇ ਭਾਵੇਂ ਪੱਛਮੀ ਮੁਲਕਾਂ ਵਿੱਚ, ਉਨ੍ਹਾਂ ਦੀ ਦੱਸੀ ਪਵਿੱਤਰ ਨਿੱਜੀ ਜਾਇਦਾਦ ਦੇ ਹੱਕ ਤੋਂ ਪੂਰੀ ਤਰ੍ਹਾਂ ਵਾਂਝੀ ਹੋ ਚੁੱਕੀ ਹੈ ਤੇ ਮੁੱਖ ਤੌਰ 'ਤੇ ਆਪਣੀ ਕਿਰਤ ਸ਼ਕਤੀ ਵੇਚ ਕੇ ਗੁਜ਼ਾਰਾ ਕਰਦੀ ਹੈ।

ਤੀਸਰਾ, ਵਿਕਾਸ ਦੀ ਗੱਲ ਕਰਦਿਆਂ ਉਪਰੋਕਤ ਬੁੱਧੀਜੀਵੀ ਸਰਮਾਏਦਾਰਾ ਵਿਕਾਸ ਨੂੰ ਮਹਿਜ਼ ਨੀਤੀਆਂ ਦਾ ਮਾਮਲਾ ਲੈ ਕੇ ਚਲਦੇ ਹਨ, ਜਿਸ ਨਾਲ ਇੱਕ ਤਾਂ ਸਰਮਾਏਦਾਰਾ ਵਿਕਾਸ ਦੀ ਚਾਲਕ ਸ਼ਕਤੀ ਮੁਨਾਫਾ ਅਤੇ ਸਰਮਾਏਦਾਰਾਂ ਤੇ ਮਜ਼ਦੂਰਾਂ ਦੇ ਵਿਰੋਧੀ, ਟਕਰਾਵੇਂ ਰਿਸ਼ਤੇ 'ਤੇ ਪਰਦਾ ਪੈ ਜਾਂਦਾ ਹੈ; ਦੂਜੇ ਪਾਸੇ ਉਨ੍ਹਾਂ ਲਈ ਇਹ ਕਹਿਣਾ ਆਸਾਨ ਹੋ ਜਾਂਦਾ ਹੈ, ਕਿਉਂਕਿ ਸਰਮਾਏਦਾਰਾ ਤਰੱਕੀ ਮਹਿਜ਼ ਨੀਤੀਆਂ ਦਾ ਮਾਮਲਾ ਹੈ ਤੇ ਨੀਤੀਆਂ ਗਲੋਬਲ ਉੱਤਰ (ਪੱਛਮੀ ਮੁਲਕ) ਵਿੱਚ ਵਧੇਰੇ ਕਾਮਯਾਬੀ ਨਾਲ ਲਾਗੂ ਹੋਈਆਂ ਹਨ, ਕਿ ਇੱਥੋਂ ਦੀਆਂ ਸਿਆਸੀ ਸੰਸਥਾਵਾਂ ਮੂਲੋਂ ਨਿਵੇਕਲੀਆਂ ਹਨ ਤੇ ਇਸੇ ਲਈ ਗਲੋਬਲ ਦੱਖਣ (ਤੀਜੀ ਦੁਨੀਆ) ਦੇ ਦੇਸ਼ਾਂ ਨੇ ਜੇ ਤਰੱਕੀ ਦੇਖਣੀ ਹੈ ਤਾਂ ਉਨ੍ਹਾਂ ਨੂੰ ਇਨ੍ਹਾਂ ਸੰਸਥਾਵਾਂ ਤੇ ਨੀਤੀਆਂ ਦੀ ਨਕਲ ਕਰਨੀ ਚਾਹੀਦੀ ਹੈ; ਭਾਵ ਇੱਕ ਢੰਗ ਨਾਲ ਅਮਰੀਕਾ ਦੇ ਸਾਮਰਾਜੀ ਮਨਸੂਬਿਆਂ ਤਹਿਤ ਬਣੀਆਂ 'ਵਾਸ਼ਿੰਗਟਨ ਸਰਵਸੰਮਤੀ' ਦੀਆਂ ਨਵਉਦਾਰਵਾਦੀ ਨੀਤੀਆਂ ਦੀ ਹਮਾਇਤ ਹੋ ਕੇ ਰਹਿ ਜਾਂਦੀ ਹੈ। ਅਮਰੀਕੀ ਅਗਵਾਈ ਵਿੱਚ ਕੌਮਾਂਤਰੀ ਮੁਦਰਾ ਕੋਸ਼ ਵੱਲੋਂ ਘੜੀਆਂ ਇਹ ਆਰਥਿਕ-ਸਿਆਸੀ ਨੀਤੀਆਂ ਇਨ੍ਹਾਂ ਮੁਲਕਾਂ ਨੂੰ ਕਰਜ਼ ਬਦਲੇ ਕਿਰਤ ਕਾਨੂੰਨਾਂ ਵਿੱਚ ਸੋਧਾਂ ਕਰਨ, ਵਿਦੇਸ਼ੀ ਵਪਾਰ ਵਿੱਚ ਸਾਮਰਾਜੀ ਦੇਸ਼ਾਂ ਨੂੰ ਖੁੱਲ੍ਹਾਂ ਦੇਣ, ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਕਰਨ ਆਦਿ ਦੀਆਂ ਨੀਤੀਆਂ ਹਨ, ਜਿਹੜੀਆਂ ਪਿਛਲੇ ਲਗਭਗ ਤਿੰਨ ਦਹਾਕੇ ਤੋਂ ਤੀਜੀ ਦੁਨੀਆ ਦੇ ਵਧੇਰੇ ਮੁਲਕਾਂ ਨੇ ਲਾਗੂ ਕੀਤੀਆਂ ਹਨ ਤੇ ਜਿਨ੍ਹਾਂ ਦੇ ਨਾ-ਬਰਾਬਰੀ ਆਦਿ ਦੇ ਰੂਪ ਵਿੱਚ ਭਿਆਨਕ ਨਤੀਜੇ ਅੱਜ ਸਭ ਦੇ ਸਾਹਮਣੇ ਹਨ।

ਚੌਥਾ, ਇਨ੍ਹਾਂ ਪ੍ਰੋਫੈਸਰਾਂ ਦੀ ਤਰੱਕੀ, ਖੁਸ਼ਹਾਲੀ, ਸੰਸਥਾਵਾਂ ਆਦਿ ਦੀ ਪੂਰੀ ਪਰਿਭਾਸ਼ਾ ਹੀ ਗੈਰ-ਜਮਾਤੀ ਹੈ; ਭਾਵ ਜਦੋਂ ਉਹ ਪੱਛਮੀ ਦੇਸ਼ਾਂ ਦੀ ਤਰੱਕੀ ਤੇ ਤੀਜੀ ਦੁਨੀਆ ਦੇ ਦੇਸ਼ਾਂ ਦੇ ਪਛੜੇਵੇਂ ਦੀ ਗੱਲ ਕਰਦੇ ਹਨ ਤਾਂ ਇਹ ਨਹੀਂ ਦੱਸਦੇ ਕਿ ਕਿਨ੍ਹਾਂ ਦੀ ਤਰੱਕੀ? ਕਿਸ ਜਮਾਤ ਦੀ ਤਰੱਕੀ? ਜੇ ਪੱਛਮੀ ਮੁਲਕਾਂ ਦੀ ਗੱਲ ਕਰੀਏ ਤਾਂ ਇਹ ਸਮਾਜ ਨੂੰ ਵੱਧ ਤੋਂ ਵੱਧ ਦੋ ਵਿਰੋਧੀ ਜੁੱਟਾਂ ਵਿੱਚ ਵੰਡਦੇ ਹਨ, ਜਿੱਥੇ ਇੱਕ ਪਾਸੇ ਤਾਂ ਮੁੱਠੀ ਭਰ ਸਰਮਾਏਦਾਰ, ਨੌਕਰਸ਼ਾਹ ਤੇ ਹੋਰ ਧਨਾਢ ਲੋਕ ਹਨ; ਦੂਜੇ ਪਾਸੇ ਸਮਾਜ ਦੀ ਵੱਡੀ ਕਿਰਤੀ ਆਬਾਦੀ ਹੈ, ਜਿਸ ਦੀਆਂ ਆਰਥਿਕ-ਸਮਾਜਿਕ ਹਾਲਤਾਂ ਦਿਨੋ-ਦਿਨ ਮੁਸ਼ਕਿਲ ਹੋ ਰਹੀਆਂ ਹਨ, ਪਰ ਉਹ ਇਨ੍ਹਾਂ ਮੁਸ਼ਕਿਲ ਹਾਲਤਾਂ ਖਿਲਾਫ ਸੰਘਰਸ਼ ਦੇ ਰਾਹ ਵੀ ਪੈ ਰਹੀ ਹੈ। ਜੇ ਤੀਜੀ ਦੁਨੀਆ ਦੀ ਗੱਲ ਕਰੀਏ ਤਾਂ ਇੱਥੇ ਵੀ ਸਰਮਾਏਦਾਰਾ ਵਿਕਾਸ ਕਾਰਨ ਮੁੱਠੀ ਭਰ ਲੋਕਾਂ ਦੀ ਇੰਨੀ ਤਰੱਕੀ ਹੋਈ ਹੈ ਕਿ ਉਹ ਦੁਨੀਆ ਦੇ ਅਮੀਰਤਰੀਨ ਲੋਕਾਂ ਦੀ ਸੂਚੀ ਵਿੱਚ ਦਰਜ ਹਨ, ਜਦਕਿ ਇਹੀ ਮੁਲਕ ਭੁੱਖਮਰੀ, ਗਰੀਬੀ, ਨਾ-ਬਰਾਬਰੀ ਦੇ ਮਾਣਕਾਂ ਮੁਤਾਬਕ ਦੁਨੀਆ ਦੇ ਸਭ ਤੋਂ ਫਾਡੀ ਦੇਸ਼ਾਂ ਵਿੱਚ ਆਉਂਦੇ ਹਨ।

ਇਸੇ ਤਰ੍ਹਾਂ ਸੰਸਥਾਵਾਂ ਦੀ ਗੱਲ ਕਰਨੀ ਹੋਵੇ ਤਾਂ ਸਰਮਾਏਦਾਰਾ ਪ੍ਰਬੰਧ ਵਿਚਲੀਆਂ ਸੰਸਥਾਵਾਂ ਭਾਵੇਂ ਉਹ ਨਿਆਂ ਢਾਂਚਾ ਹੋਵੇ, ਭਾਵੇਂ ਸਕੂਲ, ਨੈਤਿਕ ਕਦਰਾਂ ਆਦਿ, ਇਹ ਸਭ ਹਾਕਮ ਜਮਾਤ ਦੀ ਹੀ ਸੇਵਾ ਕਰਦੀਆਂ ਹਨ; ਇਹ ਭਾਵੇਂ ਅਮਰੀਕਾ, ਇੰਗਲੈਂਡ ਜਿਹੇ ਪੱਛਮੀ ਮੁਲਕ ਹੋਣ, ਭਾਵੇਂ ਤੀਜੀ ਦੁਨੀਆ ਦੇ ਪੱਛੜੇ ਸਰਮਾਏਦਾਰਾ ਦੇਸ਼। ਪੱਛਮੀ ਮੁਲਕਾਂ ਵਿੱਚ ਪਿਛਲੇ ਸਾਲਾਂ ਵਿੱਚ ਹੀ ਹੋਏ ਮੁਜ਼ਾਹਰਿਆਂ ਤੇ ਇਨ੍ਹਾਂ ਉੱਪਰ ਹੋਏ ਪੁਲੀਸ ਤਸ਼ੱਦਦ ਨੂੰ ਦੇਖ ਲਈਏ, ਇਨ੍ਹਾਂ ਮੁਲਕਾਂ ਦੀ ਹਾਕਮ ਜਮਾਤ ਦੇ ਫੈਲਾਏ ਜਾਂਦੇ ਨਸਲਵਾਦ ਤੇ ਪਰਵਾਸੀ ਵਿਰੋਧ ਨੂੰ ਦੇਖ ਲਈਏ ਤਾਂ ਸੰਸਥਾਵਾਂ ਦੇ ਜਮਾਤੀ ਖਾਸੇ ਦੀ ਸਹਿਜੇ ਸਮਝ ਲੱਗ ਜਾਵੇਗੀ।

ਕਹਿਣ ਦੀ ਲੋੜ ਨਹੀਂ ਕਿ ਉਪਰੋਕਤ ਬੁੱਧੀਜੀਵੀ ਸਰਮਾਏਦਾਰਾ ਢਾਂਚੇ ਨੂੰ ਹੀ ਅੰਤਿਮ ਸੱਚਾਈ ਮੰਨਦੇ ਹਨ ਤੇ ਸਮਾਜਿਕ ਤਰੱਕੀ ਦੇ ਬਦਲਵੇਂ ਮਾਡਲ ਦੀ ਕਿਸੇ ਵੀ ਚਰਚਾ ਦਾ ਖਿਆਲ ਵੀ ਨਹੀਂ ਲਿਆਉਂਦੇ। ਸੋ, ਕੁੱਲ ਨਿਚੋੜ ਇਹ ਕਿ ਨੋਬੇਲ ਸਨਮਾਨ ਕਮੇਟੀ ਨੇ ਆਪਣੇ ਖਾਸੇ ਮੁਤਾਬਕ ਇਸ ਸਾਲ ਦਾ ਅਰਥਸ਼ਾਸਤਰ ਦਾ ਨੋਬੇਲ ਪੁਰਸਕਾਰ ਅਜਿਹੇ ਲੋਕਾਂ ਨੂੰ ਹੀ ਦਿੱਤਾ ਹੈ, ਜਿਹੜੇ ਨਾ ਸਿਰਫ ਮੌਜੂਦਾ ਸਰਮਾਏਦਾਰਾ ਢਾਂਚੇ ਨੂੰ ਕਾਇਮ ਰੱਖਣ ਦੇ ਸੁਝਾਅ ਦਿੰਦੇ ਹਨ, ਸਗੋਂ ਜਿਹੜੇ ਤੀਜੀ ਦੁਨੀਆ ਦੇ ਦੇਸ਼ਾਂ ਦੀ ਹੁੰਦੀ ਸਾਮਰਾਜੀ ਲੁੱਟ 'ਤੇ ਵੀ ਪਰਦਾ ਪਾਉਂਦੇ ਹਨ ਤੇ ਇਨ੍ਹਾਂ ਦੇਸ਼ਾਂ ਨੂੰ ਪੱਛਮੀ ਦੇਸ਼ਾਂ ਦੀ ਤਰਜ਼ ਵਾਲੀਆਂ ਸੰਸਥਾਵਾਂ ਤੇ ਨੀਤੀਆਂ ਦੀ ਨਕਲ ਕਰਨ ਦੀਆਂ ਸਲਾਹਾਂ ਦਿੰਦੇ ਹਨ।

*ਪੰਜਾਬੀਆਂ ਬਾਰੇ ਇਹ ਅਕਸਰ ਹੀ ਕਿਹਾ ਜਾਂਦਾ ਹੈ ਕਿ 'ਪੰਜਾਬੀਆਂ ਦੀ ਸ਼ਾਨ ਵੱਖਰੀ।' ਇਹ ਨਿੱਕਾ ਜਿਹਾ ਵਾਕ ਵੱਡੀ ਗੱਲ ਬਿਆਨਣ ਦੇ ਸਮਰੱਥ ਹੈ। ਇਹ ਸੌ ਫ਼ੀਸਦੀ ਸੱਚ ਹੈ ਕਿ ਪੰਜਾਬੀਆਂ ਦੀ ਸ਼ਾਨ ਸਾਰੇ ਜਗ ਤੋਂ ਨਿਰਾਲੀ ਹੈ ਤੇ ਇਹ ਲੱਖਾਂ ਮੁਸ਼ਕਿਲਾਂ ਤੇ ਮੁਸੀਬਤਾਂ ਦੇ ਰੂਬਰੂ ਹੁੰਦਿਆਂ ਹੋਇਆਂ ਵੀ ਸਦਾ 'ਚੜ੍ਹਦੀ ਕਲਾ' ਵਿੱਚ ਹੀ ਰਹਿੰਦੇ ਹਨ। ਪੰਜਾਬੀਆਂ ਨੇ ਦੇਸ਼ਾਂ-ਵਿਦੇਸ਼ਾਂ ਵਿੱਚ ਮੱਲਾਂ ਮਾਰ ਕੇ ਆਪਣੀ ਪੰਜਾਬੀਅਤ ਦਾ ਲੋਹਾ ਸੰਸਾਰ ਭਰ ਤੋਂ ਮੰਨਵਾਇਆ ਹੈ। ਅਮਰੀਕਾ, ਕੈਨੇਡਾ, ਇਟਲੀ, ਜਰਮਨੀ ਅਤੇ ਫ਼ਰਾਂਸ ਜਿਹੇ ਵਿਕਸਿਤ ਮੁਲਕਾਂ ਦੇ ਮੁਕਾਬਲਤਨ ਪੂਰਬੀ ਅਫ਼ਰੀਕਾ ਜਿਹੇ ਪਿਛੜੇ ਅਤੇ ਗ਼ਰੀਬ ਸਮਝੇ ਜਾਂਦੇ ਮੁਲਕਾਂ ਵਿੱਚ ਵੀ ਜਾ ਕੇ ਪੰਜਾਬੀਆਂ ਨੇ ਆਪਣੀ ਕਾਮਯਾਬੀ ਦਾ ਪਰਚਮ ਲਹਿਰਾਇਆ ਹੈ। ਆਓ, ਜਾਣੀਏ ਕਿ ਅਫ਼ਰੀਕੀ ਮੁਲਕ ਯੁਗਾਂਡਾ ਨਾਲ ਪੰਜਾਬੀਆਂ ਦੀ ਕਿਹੋ ਜਿਹੀ ਸਾਂਝ ਹੈ...*

ਬੋਲਦੇ ਪੰਨੇ

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**
ਫੋਨ:+91-9781646008



# ਯੁਗਾਂਡਾ 'ਚ ਕਿਰਤੀਆਂ ਦੇ ਹੱਕਾਂ ਲਈ ਲੜੇ ਸਨ ਪੰਜਾਬੀ

ਦੁਨੀਆਂ ਦਾ ਸ਼ਾਇਦ ਹੀ ਕੋਈ ਅਜਿਹਾ ਕੋਨਾ ਬਾਕੀ ਬਚਿਆ ਹੋਵੇ, ਜਿੱਥੇ ਪੰਜਾਬੀ ਨਹੀਂ ਪੁੱਜੇ ਹਨ। ਪੰਜਾਬੀਆਂ ਨੂੰ ਦੁਨੀਆਂ ਦੇ ਅਮੀਰ ਤੋਂ ਅਮੀਰ ਮੁਲਕ ਤੋਂ ਲੈ ਕੇ ਗ਼ਰੀਬ ਤੋਂ ਗ਼ਰੀਬ ਮੁਲਕ ਵਿੱਚ ਜਾਣ ਦਾ ਮੌਕਾ ਮਿਲਿਆ ਹੈ ਤੇ ਇਨ੍ਹਾਂ ਨੇ ਹਰ ਤਰ੍ਹਾਂ ਦੇ ਹਾਲਾਤ ਨੂੰ ਖਿੜੇ ਮੱਥੇ ਕਬੂਲਦਿਆਂ ਆਪਣੀ ਹੱਡ-ਭੰਨ੍ਹਵੀਂ ਮਿਹਨਤ ਤੇ ਅਣਥੱਕ ਸਿਰੜ ਨਾਲ ਬੰਜਰ ਜ਼ਮੀਨਾਂ ਨੂੰ ਉਪਜਾਊ ਅਤੇ ਘਾਟੇ ਵਾਲੇ ਕਾਰੋਬਾਰਾਂ ਨੂੰ ਫ਼ਾਇਦੇ ਵਾਲੇ ਕਾਰੋਬਾਰਾਂ ਵਿੱਚ ਬਦਲਿਆ ਹੈ। ਪੰਜਾਬੀ ਲੋਕ ਜਿਸ ਵੀ ਮੁਲਕ ਵਿੱਚ ਗਏ ਹਨ, ਉੱਥੋਂ ਦੀ ਤਰੱਕੀ ਅਤੇ ਖ਼ੁਸ਼ਹਾਲੀ ਲਈ ਜੀਅ-ਜਾਨ ਲਗਾਈ ਹੈ।

ਯੂਗਾਂਡਾ, ਪੂਰਬੀ ਅਫ਼ਰੀਕਾ ਦਾ ਇੱਕ ਥਲੀ ਖਿੱਤਾ ਹੈ। ਇਸਦਾ ਕੁੱਲ ਰਕਬਾ 2,41,038 ਵਰਗ ਕਿਲੋਮੀਟਰ ਅਤੇ ਵੱਸੋਂ ਦੀ ਘਣਤਾ 157.1 ਪ੍ਰਤੀ ਵਰਗ ਕਿਲੋਮੀਟਰ ਹੈ। ਇਸਦੀ ਕੁੱਲ ਆਬਾਦੀ 49 ਮਿਲੀਅਨ ਭਾਵ ਪੰਜ ਕਰੋੜ ਦੇ ਆਸ-ਪਾਸ ਹੈ। ਇਸਦੀ ਰਾਜਧਾਨੀ ਕੰਪਾਲਾ ਹੈ ਤੇ ਕੰਪਾਲਾ ਹੀ ਯੁਗਾਂਡਾ ਦਾ ਸਭ ਤੋਂ ਵੱਡਾ ਸ਼ਹਿਰ ਹੈ, ਜਿਸਦੀ ਕੁੱਲ ਆਬਾਦੀ 85 ਲੱਖ ਦੇ ਕਰੀਬ ਹੈ। ਇਸ ਦੇਸ਼ ਦੇ ਪੂਰਬ ਵਿੱਚ ਕੀਨੀਆ, ਉੱਤਰ ਵਿੱਚ ਸੂਡਾਨ, ਪੱਛਮ ਵਿੱਚ ਕਾਂਗੋ ਅਤੇ ਦੱਖਣ ਵਿੱਚ ਤਨਜ਼ਾਨੀਆ ਦੀਆਂ ਸਰਹੱਦਾਂ ਮੌਜੂਦ ਹਨ। ਇੱਥੇ 35,000 ਤੋਂ ਵੱਧ ਭਾਰਤੀ ਲੋਕ ਵੱਸਦੇ ਹਨ, ਜਿਨ੍ਹਾਂ ਵਿੱਚੋਂ ਪੰਜਾਬੀਆਂ ਦੀ ਸੰਖਿਆ 2400 ਦੇ ਆਸ-ਪਾਸ ਹੈ। ਇੱਥੇ ਕਿਸੇ ਵਕਤ 'ਬੁਗਾਂਡਾ' ਵੰਸ਼ ਦਾ ਰਾਜ ਚੱਲਦਾ ਸੀ, ਜਿਸਦੇ ਨਾਂ ਦੀ ਧੁਨੀ ਅਨੁਸਾਰ ਇਸ ਖਿੱਤੇ ਦਾ ਨਾਂ ਯੁਗਾਂਡਾ ਰੱਖ ਦਿੱਤਾ ਗਿਆ। ਇੱਥੇ ਉਸ ਵਕਤ ਸਭ ਤੋਂ ਵੱਧ ਬੋਲੀ ਜਾਣ ਵਾਲੀ ਬੋਲੀ ਦਾ ਨਾਂ 'ਲੁਗਾਂਡਾ' ਸੀ।

ਯੂਗਾਂਡਾ ਦੇ ਪੰਜਾਬੀਆਂ ਨਾਲ ਸਬੰਧਾਂ ਦੀ ਜੇ ਗੱਲ ਕੀਤੀ ਜਾਵੇ ਤਾਂ ਇਹ ਸਬੰਧ ਸਦੀਆਂ ਪੁਰਾਣੇ ਜਾਪਦੇ ਹਨ। ਪ੍ਰਸਿੱਧ ਪੰਜਾਬੀ ਸਾਹਿਤਕਾਰ ਅਮਰਜੀਤ ਚੰਦਨ ਦੀ ਇੱਕ ਲਿਖ਼ਤ ਅਨੁਸਾਰ ਸੰਨ 1849 ਵਿੱਚ ਈਸਟ ਇੰਡੀਆ ਕੰਪਨੀ ਦੀ ਫ਼ੌਜ ਨੇ ਪੰਜਾਬ ਦੀ ਸੱਤਾ 'ਤੇ ਕਬਜ਼ਾ ਕੀਤਾ ਸੀ ਤੇ ਉਪਰੰਤ ਸੰਨ 1858 ਵਿੱਚ ਪੰਜਾਬ ਉੱਤੇ ਬਰਤਾਨਵੀ ਤਖ਼ਤ ਕਾਬਜ਼ ਹੋ ਗਿਆ ਸੀ। ਬਰਤਾਨਵੀ ਫ਼ੌਜ ਵਿੱਚ ਕੰਮ ਕਰਨ ਵਾਲੇ ਪੰਜਾਬੀਆਂ ਨੂੰ ਹੀ ਸਭ ਤੋਂ ਪਹਿਲਾਂ ਵਿਦੇਸ਼ਾਂ ਵਿੱਚ ਜਾਣ ਦੇ ਮੌਕੇ ਮਿਲੇ ਸਨ ਤੇ ਸੰਨ 1880 ਤੋਂ ਬਾਅਦ ਪੰਜਾਬੀ ਫ਼ੌਜੀਆਂ ਦੀ ਨਿਯੁਕਤੀ ਦੱਖਣ-ਪੂਰਬੀ ਏਸ਼ੀਆ ਅਤੇ ਦੂਰ ਪੂਰਬ ਵਿੱਚ ਹੋਣੀ ਅਰੰਭ ਹੋ ਗਈ ਸੀ। ਉੱਥੇ ਜਾ ਕੇ ਪੰਜਾਬੀਆਂ ਨੇ ਸਥਾਨਕ ਪੁਲਿਸ ਜਾਂ ਫ਼ੌਜ ਵਿੱਚ ਭਰਤੀ ਹੋਣ ਨੂੰ ਹੀ ਪਹਿਲ ਦਿੱਤੀ ਸੀ। ਸੰਨ 1900 ਦੇ ਨੇੜੇ-ਤੇੜੇ ਪੰਜਾਬੀਆਂ ਨੇ ਬ੍ਰਿਟਿਸ਼ ਕੋਲੰਬੀਆ ਦਾ ਰੁਖ਼ ਕੀਤਾ ਸੀ ਅਤੇ ਰੇਲਵੇ ਲਾਈਨ ਵਿਛਾਉਣ ਦਾ ਕੰਮ ਕਰਨ ਦੇ ਨਾਲ-ਨਾਲ ਬਤੌਰ ਕਿਸਾਨ ਤੇ ਖੇਤ ਮਜ਼ਦੂਰ ਉੱਥੋਂ ਦੇ ਖੇਤੀ ਖੇਤਰ ਵਿੱਚ ਵੀ ਹੱਥ ਅਜ਼ਮਾਇਆ ਸੀ। ਪਹਿਲੀ ਸੰਸਾਰ ਜੰਗ ਵੇਲੇ ਬਰਤਾਨਵੀ ਹਾਕਮਾਂ ਨੇ ਰਾਵਲਪਿੰਡੀ ਡਿਵੀਜ਼ਨ ਦੇ ਸਵਾ ਲੱਖ ਦੇ ਕਰੀਬ ਮੁਸਲਮਾਨਾਂ ਅਤੇ ਸਿੱਖਾਂ ਦੀ ਭਰਤੀ ਕੀਤੀ ਸੀ। ਬਸਰਾ, ਗਲੀਪੋਲੀ ਅਤੇ ਫ਼ਰਾਂਸ ਦੀਆਂ ਸਰਹੱਦਾਂ 'ਤੇ ਹਜ਼ਾਰਾਂ ਮੁਸਲਮਾਨ ਤੇ ਸਿੱਖ ਸੈਨਿਕਾਂ ਨੇ ਸ਼ਹਾਦਤਾਂ ਦਿੱਤੀਆਂ ਸਨ। ਕਿਹਾ ਜਾਂਦਾ ਹੈ ਕਿ ਉਸ ਵਕਤ 47 ਹਜ਼ਾਰ ਦੇ ਕਰੀਬ ਪੰਜਾਬੀ ਸੈਨਿਕਾਂ ਨੂੰ ਪੂਰਬੀ ਅਫ਼ਰੀਕਾ ਵਿੱਚ ਤਾਇਨਾਤ ਕੀਤਾ ਗਿਆ ਸੀ।

ਸੰਨ 1888 ਵਿੱਚ 'ਬ੍ਰਿਟਿਸ਼ ਈਸਟ ਅਫ਼ਰੀਕਨ ਕੰਪਨੀ' ਦੀ ਸਥਾਪਨਾ ਹੋਈ ਸੀ ਤੇ ਸੰਨ 1895 ਵਿੱਚ ਇਸਨੂੰ ਬੰਬਈ ਤੋਂ ਆਏ ਹੁਕਮਾਂ ਅਨੁਸਾਰ ਚਲਾਇਆ ਜਾਂਦਾ ਸੀ। ਸੰਨ 1895 ਵਿੱਚ ਹੀ ਕਰਾਚੀ ਦੇ ਵਸਨੀਕ ਏ.ਐਮ. ਜੀਵਾਨਜੀ ਨੂੰ ਕੀਨੀਆ-ਯੁਗਾਂਡਾ ਰੇਲਵੇ ਦੇ ਨਿਰਮਾਣ ਦਾ ਠੇਕਾ ਹਾਸਿਲ ਹੋਇਆ ਸੀ। ਉਸਨੇ ਇਸ ਪ੍ਰਾਜੈਕਟ ਲਈ ਉਸ ਵੇਲੇ ਦੇ ਪੰਜਾਬ ਤੋਂ ਮਜ਼ਦੂਰ ਲੈ ਕੇ ਜਾਣ ਦਾ ਫ਼ੈਸਲਾ ਕੀਤਾ ਸੀ ਤੇ 350 ਮਜ਼ਦੂਰਾਂ ਦਾ ਪਹਿਲਾ ਜਥਾ ਮੋਂਬਾਸਾ ਵੱਲ ਤੋਰ ਦਿੱਤਾ ਗਿਆ ਸੀ। ਅਗਲੇ ਛੇ ਸਾਲਾਂ ਵਿੱਚ 32,000 ਦੇ ਕਰੀਬ ਸਿੱਖ, ਹਿੰਦੂ ਤੇ ਮੁਸਲਮਾਨ ਕਾਰੀਗਰ-ਮਜ਼ਦੂਰ ਕੀਨੀਆ ਤੇ ਯੁਗਾਂਡਾ ਵਿਖੇ ਪਹੁੰਚਾ ਦਿੱਤੇ ਗਏ ਸਨ। ਇਨ੍ਹਾਂ ਨੂੰ ਕੀਨੀਆ ਦੇ ਮੋਂਬਾਸਾ ਖਿੱਤੇ ਨੂੰ ਯੁਗਾਂਡਾ ਦੇ ਸ਼ਹਿਰ ਕੰਪਾਲਾ ਨਾਲ ਜੋੜਨ ਵਾਲੀ ਰੇਲਵੇ ਲਾਈਨ ਵਿਛਾਉਣ ਹਿਤ ਕੰਮ 'ਤੇ ਲਗਾਇਆ ਗਿਆ ਸੀ। ਸੰਨ 1905 ਵਿੱਚ ਉਕਤ ਰੇਲਵੇ ਲਾਈਨ ਦੇ ਕੰਮ ਦੇ ਖ਼ਤਮ ਹੋ ਜਾਣ ਪਿੱਛੋਂ ਬਹੁਤ ਸਾਰੇ ਪੰਜਾਬੀ ਅਤੇ ਹੋਰ ਭਾਰਤੀ



ਮਜ਼ੂਦਰ ਯੂਨੀਅਨ ਦੇ ਇੱਕ ਇਕੱਠ ਨੂੰ ਸੰਬੋਧਨ ਕਰਦਾ ਹੋਇਆ ਮੱਖਣ ਸਿੰਘ

*ਜਦੋਂ ਇੱਥੇ ਵੱਸਦੇ ਭਾਰਤੀ ਮਜ਼ਦੂਰਾਂ ਦੀ ਆਪਣੇ ਹੱਕਾਂ ਪ੍ਰਤੀ ਜਾਗਰੂਕਤਾ ਦੀ ਗੱਲ ਆਉਂਦੀ ਹੈ ਤਾਂ ਸ. ਸੁੱਧ ਸਿੰਘ ਦਾ ਨਾਂ ਸਾਹਮਣੇ ਆਉਂਦਾ ਹੈ। ਸੁੱਧ ਸਿੰਘ ਉਹ ਪਹਿਲਾ ਜਾਗਰੂਕ ਤੇ ਸੂਝਵਾਨ ਪੰਜਾਬੀ ਸ਼ਖ਼ਸ ਸੀ, ਜਿਸਨੇ ਸੰਨ 1922 ਵਿੱਚ ਏਸ਼ਿਆਈ ਅਤੇ ਅਫ਼ਰੀਕੀ ਮਜ਼ਦੂਰਾਂ ਨੂੰ ਇਕੱਠੇ ਕਰਕੇ ਰੇਲਵੇ ਮਜ਼ਦੂਰ ਯੂਨੀਅਨ ਦਾ ਗਠਨ ਕੀਤਾ ਸੀ। ਸੁੱਧ ਸਿੰਘ ਦੇ ਪੁੱਤਰ ਮੱਖਣ ਸਿੰਘ ਨੇ ਵੀ ਆਪਣੇ ਪਿਤਾ ਦੇ ਨਕਸ਼ੇ-ਕਦਮਾਂ 'ਤੇ ਚੱਲਦਿਆਂ ਮਜ਼ਦੂਰ ਵਰਗ ਦੇ ਹੱਕਾਂ ਲਈ ਬਹੁਤ ਕੰਮ ਕੀਤਾ ਸੀ। ਉਸਦੇ ਅਣਥੱਕ ਯਤਨਾਂ ਸਦਕਾ ਹੀ ਸੰਨ 1935 ਦੀ 15 ਅਪ੍ਰੈਲ ਨੂੰ 'ਲੇਬਰ ਟਰੇਡ ਯੂਨੀਅਨ ਆਫ਼ ਕੀਨੀਆ' ਹੋਂਦ ਵਿੱਚ ਆਈ ਸੀ, ਜਿਸਦਾ ਨਾਂ ਸੰਨ 1937 ਵਿੱਚ ਬਦਲ ਕੇ 'ਲੇਬਰ ਟਰੇਡ ਯੂਨੀਅਨ ਆਫ਼ ਈਸਟ ਅਫ਼ਰੀਕਾ' ਕਰ ਦਿੱਤਾ ਗਿਆ ਸੀ।*

ਰਾਜਾਂ ਦੇ ਵਸਨੀਕ ਯੁਗਾਂਡਾ ਅਤੇ ਕੀਨੀਆ ਵਿਖੇ ਹੀ ਵੱਸ ਗਏ ਸਨ।

ਦੱਸਿਆ ਜਾਂਦਾ ਹੈ ਕਿ ਵੀਹਵੀਂ ਸਦੀ ਦੇ ਅੱਧ ਤੱਕ ਪੰਜਾਬੀ ਸਿੱਖ ਜ਼ਿਆਦਾਤਰ ਗੁਰਦੁਆਰਿਆਂ ਦੇ ਆਸ-ਪਾਸ ਅਤੇ ਹਿੰਦੂ ਸਮਾਜ ਮੰਦਰਾਂ ਦੇ ਇਰਦ-ਗਿਰਦ ਹੀ ਆਪਣੇ ਰੈਣ-ਬਸੇਰੇ ਬਣਾਉਂਦੇ ਰਹੇ ਸਨ। ਜਦੋਂ ਇੱਥੇ ਵੱਸਦੇ ਭਾਰਤੀ ਮਜ਼ਦੂਰਾਂ ਦੀ ਆਪਣੇ ਹੱਕਾਂ ਪ੍ਰਤੀ ਜਾਗਰੂਕਤਾ ਦੀ ਗੱਲ ਆਉਂਦੀ ਹੈ ਤਾਂ ਸ. ਸੁੱਧ ਸਿੰਘ ਦਾ ਨਾਂ ਸਾਹਮਣੇ ਆਉਂਦਾ ਹੈ। ਸੁੱਧ ਸਿੰਘ ਉਹ ਪਹਿਲਾ ਜਾਗਰੂਕ ਤੇ ਸੂਝਵਾਨ ਪੰਜਾਬੀ ਸ਼ਖ਼ਸ ਸੀ, ਜਿਸਨੇ ਸੰਨ 1922 ਵਿੱਚ ਏਸ਼ਿਆਈ ਅਤੇ ਅਫ਼ਰੀਕੀ ਮਜ਼ਦੂਰਾਂ ਨੂੰ ਇਕੱਠੇ ਕਰਕੇ ਰੇਲਵੇ ਮਜ਼ਦੂਰ ਯੂਨੀਅਨ ਦਾ ਗਠਨ ਕੀਤਾ ਸੀ। ਸੁੱਧ ਸਿੰਘ ਦੇ ਪੁੱਤਰ ਮੱਖਣ ਸਿੰਘ ਨੇ ਵੀ ਆਪਣੇ ਪਿਤਾ ਦੇ ਨਕਸ਼ੇ-ਕਦਮਾਂ 'ਤੇ ਚੱਲਦਿਆਂ ਮਜ਼ਦੂਰ ਵਰਗ ਦੇ ਹੱਕਾਂ ਲਈ ਬਹੁਤ ਕੰਮ ਕੀਤਾ ਸੀ। ਉਸਦੇ ਅਣਥੱਕ ਯਤਨਾਂ ਸਦਕਾ ਹੀ ਸੰਨ 1935 ਦੀ 15 ਅਪ੍ਰੈਲ ਨੂੰ 'ਲੇਬਰ ਟਰੇਡ ਯੂਨੀਅਨ ਆਫ਼ ਕੀਨੀਆ' ਹੋਂਦ ਵਿੱਚ ਆਈ ਸੀ, ਜਿਸਦਾ ਨਾਂ ਸੰਨ 1937 ਵਿੱਚ ਬਦਲ ਕੇ 'ਲੇਬਰ ਟਰੇਡ ਯੂਨੀਅਨ ਆਫ਼ ਈਸਟ ਅਫ਼ਰੀਕਾ' ਕਰ ਦਿੱਤਾ ਗਿਆ ਸੀ। ਸੰਨ 1950 ਵਿੱਚ ਬਰਤਾਨਵੀ ਅਧਿਕਾਰੀਆਂ ਨੇ ਮੱਖਣ ਸਿੰਘ ਅਤੇ ਉਸ ਵਕਤ ਦੇ ਉਕਤ ਯੂਨੀਅਨ ਦੇ ਮੁਖੀ ਫ਼ਰੈੱਡ ਕੁਬਾਈ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ ਸੀ। ਇਨ੍ਹਾਂ ਦੋਹਾਂ ਉੱਤੇ 'ਗ਼ੈਰ-ਰਜਿਸਟਰਡ' ਟਰੇਡ ਯੂਨੀਅਨ ਚਲਾਉਣ ਦਾ ਦੋਸ਼ ਲਗਾਇਆ ਸੀ। ਸੰਨ 1961 ਵਿੱਚ ਉਸਨੂੰ ਰਿਹਾਅ ਕੀਤਾ ਗਿਆ ਸੀ, ਪਰ ਉਸ ਵੇਲੇ ਕੀਨੀਆ ਦੀ ਸਰਕਾਰ ਨੇ ਤਾਜ਼ਾ-ਤਾਜ਼ਾ ਆਜ਼ਾਦ ਹੋਏ ਮੱਖਣ ਸਿੰਘ ਨੂੰ ਕੀਨੀਆ ਵਿੱਚ ਰੱਖਣ ਤੋਂ ਇਨਕਾਰ ਕਰ ਦਿੱਤਾ ਸੀ। ਅਖ਼ੀਰ ਸੰਨ 1973 ਵਿੱਚ ਸੱਠ ਸਾਲਾਂ ਦੇ ਮੱਖਣ ਸਿੰਘ ਦੀ ਦਿਲ ਦਾ ਦੌਰਾ ਪੈਣ ਕਰਕੇ ਮੌਤ ਹੋ ਗਈ ਸੀ।

ਇੱਥੇ ਵਿਸ਼ੇਸ਼ ਤੌਰ 'ਤੇ ਕਾਬਿਲੇ-ਜ਼ਿਕਰ ਹੈ ਕਿ ਸੰਨ 1972 ਵੇਲੇ ਇੱਥੋਂ ਦੀ ਸੱਤਾ 'ਤੇ ਕਾਬਜ਼ ਮਿਲਟਰੀ ਸ਼ਾਸ਼ਕ ਈਦੀ ਆਮੀਨ ਨੇ ਅਨੇਕਾਂ ਪੰਜਾਬੀਆਂ ਸਮੇਤ ਵੱਡੀ ਗਿਣਤੀ ਵਿੱਚ ਭਾਰਤੀਆਂ ਨੂੰ ਯੁਗਾਂਡਾ ਛੱਡ ਕੇ ਚਲੇ ਜਾਣ ਦਾ ਹੁਕਮ ਦਿੱਤਾ ਸੀ। ਉਸਨੇ ਇਨ੍ਹਾਂ ਸਾਰਿਆਂ 'ਤੇ ਯੁਗਾਂਡਾ ਦੀ ਅਰਥ ਵਿਵਸਥਾ ਨੂੰ ਨੁਕਸਾਨ ਪਹੁੰਚਾਏ ਜਾਣ ਦੇ ਦੋਸ਼ ਲਗਾਏ ਸਨ। ਸੰਨ 1980-1990 ਦਰਮਿਆਨ ਬਹੁਤ ਸਾਰੇ ਭਾਰਤੀ ਅਤੇ ਪੰਜਾਬੀ ਪਰਿਵਾਰ ਯੁਗਾਂਡਾ ਵਾਪਿਸ ਪਰਤ ਆਏ ਸਨ ਤੇ ਮੁਲਕ ਦੀ ਅਰਥ ਵਿਵਸਥਾ ਦੇ ਮਹੱਤਵਪੂਰਨ ਥੰਮ ਸਾਬਿਤ ਹੋਏ ਸਨ। ਦਿਲਚਸਪ ਗੱਲ ਹੈ ਕਿ ਈਦੀ ਆਮੀਨ ਦੇ ਰਾਜਕਾਲ ਦੌਰਾਨ ਵੀ ਉਸਦੇ ਮਿੱਤਰ ਸਮਝੇ ਜਾਂਦੇ ਪਹਿਲੇ ਅਫ਼ਰੀਕੀ ਸਿੱਖ ਸੰਸਦ ਮੈਂਬਰ ਅਤੇ ਕਾਰੋਬਾਰੀ ਸ. ਪਰਮਿੰਦਰ ਸਿੰਘ ਮਰਵਾਹਾ ਨੇ ਯੁਗਾਂਡਾ ਨਹੀਂ ਛੱਡਿਆ ਸੀ ਅਤੇ ਉਸਨੇ ਹੀ ਬਾਅਦ ਵਿੱਚ ਪੰਜਾਬੀ ਕਿਸਾਨਾਂ ਨੂੰ ਪੂਰਬੀ ਅਫ਼ਰੀਕਾ ਵਿਖੇ ਆਉਣ ਅਤੇ ਖੇਤੀਬਾੜੀ ਦੀ ਜ਼ਿੰਮੇਵਾਰੀ ਸਾਂਭਣ ਦਾ ਸੱਦਾ ਦਿੱਤਾ ਸੀ। ਯੁਗਾਂਡਾ ਵਿੱਚ ਵੱਸਦੀ ਪੰਜਾਬੀ ਸਿੱਖਾਂ ਦੀ ਤੀਜੀ ਪੀੜ੍ਹੀ ਨਾਲ ਜੁੜੇ ਸ. ਪਰਮਿੰਦਰ ਸਿੰਘ ਮਰਵਾਹਾ ਨੇ ਯੁਗਾਂਡਾ ਵਿੱਚ ਵਧੀਆ ਵਪਾਰਕ ਹਾਲਾਤ ਦਾ ਜ਼ਿਕਰ ਕਰਦਿਆਂ ਪੰਜਾਬੀਆਂ ਨੂੰ ਇਥੇ ਆ ਕੇ ਕਾਰੋਬਾਰ ਸਥਾਪਿਤ ਕਰਨ ਦੀ ਪੇਸ਼ਕਸ਼ ਵੀ ਕੀਤੀ ਸੀ। ਚੇਤੇ ਰਹੇ, ਸ. ਮਰਵਾਹਾ ਦੇ ਦਾਦਾ ਜੀ ਨੇ ਸੰਨ 1934 ਵਿੱਚ ਕੰਪਾਲਾ ਰੇਲਵੇ ਸਟੇਸ਼ਨ ਦੇ ਨਿਰਮਾਣ ਸਮੇਂ ਬਤੌਰ ਮਜ਼ਦੂਰ ਆਪਣੀ ਸੇਵਾ ਦਿੱਤੀ ਸੀ। ਸ. ਮਰਵਾਹਾ ਦੋ ਵਾਰ ਸੰਸਦ ਮੈਂਬਰ ਬਣਨ ਦਾ ਸ਼ਰਫ਼ ਹਾਸਿਲ ਕਰ ਚੁੱਕੇ ਹਨ। ਯੁਗਾਂਡਾ ਵਿਖੇ ਭਾਰਤ ਦੀ ਟਾਟਾ ਕੰਪਨੀ ਵੱਲੋਂ 'ਕੌਫ਼ੀ ਪਲਾਂਟ' ਸਥਾਪਿਤ ਕੀਤਾ ਗਿਆ ਹੈ ਤੇ ਭਾਰਤ ਦੀ ਮਸ਼ਹੂਰ ਨਿਵੇਸ਼ਕ ਕੰਪਨੀ 'ਜੈਪੁਰੀਆ ਗਰੁੱਪ' ਨੇ ਵੀ ਇੱਥੇ ਵੱਖ-ਵੱਖ ਕਾਰੋਬਾਰੀ ਅਦਾਰਿਆਂ ਵਿੱਚ ਭਾਰੀ ਨਿਵੇਸ਼ ਕੀਤਾ ਹੋਇਆ ਹੈ। ਭਾਰਤ ਦੀ ਪ੍ਰਸਿੱਧ ਵਿਦਿਅਕ ਸੰਸਥਾ 'ਦਿੱਲੀ ਪਬਲਿਕ ਸਕੂਲ' ਵੱਲੋਂ ਵੀ ਇੱਥੇ ਆਪਣੀਆਂ ਸ਼ਾਖ਼ਾਵਾਂ ਖੋਲ੍ਹ ਕੇ ਇੱਥੋਂ ਦੇ ਵਸਨੀਕ ਬੱਚਿਆਂ ਨੂੰ ਉੱਚਕੋਟੀ ਦੀ ਸਿੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ। ਇੱਕ ਹੋਰ ਦਿਲਚਸਪ ਤੱਥ ਇਹ ਵੀ ਹੈ ਕਿ ਭਾਰਤੀ ਪੰਜਾਬ ਵਿੱਚ ਜਾਤ ਆਧਾਰਿਤ ਗੁਰਦੁਆਰੇ ਉਸਾਰਨ ਵਾਲੇ ਪੰਜਾਬੀਆਂ ਨੇ ਯੁਗਾਂਡਾ ਵਿਖੇ ਜਾ ਕੇ ਵੀ ਆਪੋ-ਆਪਣੀ 'ਪ੍ਰਧਾਨਗੀ' ਕਾਇਮ ਰੱਖਣ ਲਈ ਜਾਤ ਆਧਾਰਿਤ ਗੁਰਦੁਆਰੇ ਉਸਾਰਨ ਵਿੱਚ ਕੋਈ ਕਸਰ ਨਹੀਂ ਛੱਡੀ ਹੈ।





ਮਿਲਟਰੀ ਸ਼ਾਸ਼ਕ ਈਦੀ ਆਮੀਨ ਅਤੇ (ਸੱਜੇ) ਪਹਿਲਾ ਅਫ਼ਰੀਕੀ ਸਿੱਖ ਸੰਸਦ ਮੈਂਬਰ ਅਤੇ ਕਾਰੋਬਾਰੀ ਪਰਮਿੰਦਰ ਸਿੰਘ ਮਰਵਾਹਾ

8 ਨਵੰਬਰ 2019 ਨੂੰ ਰੋਜ਼ਾਨਾ 'ਪੰਜਾਬੀ ਟ੍ਰਿਬਿਊਨ' ਅਖ਼ਬਾਰ ਵਿੱਚ ਨਵੀਂ ਦਿੱਲੀ ਤੋਂ ਖ਼ਬਰ ਏਜੰਸੀ ਆਈ.ਏ.ਐਨ.ਐਸ. ਦੇ ਹਵਾਲੇ ਤੋਂ ਛਪੀ ਇੱਕ ਖ਼ਬਰ ਅਨੁਸਾਰ ਜੇਕਰ ਗੱਲ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਯੁਗਾਂਡਾ ਅਤੇ ਪੂਰਬੀ ਅਫ਼ਰੀਕਾ ਦੇ ਵੱਖ-ਵੱਖ ਇਲਾਕਿਆਂ ਵਿੱਚ 'ਬਾਮੂ ਨਾਨਿਕਾ' ਨਾਮਕ ਇੱਕ ਫ਼ਕੀਰ ਯਾਤਰਾ ਕਰਦਾ ਹੋਇਆ ਆਇਆ ਸੀ ਤੇ ਪ੍ਰਮਾਣ ਵਜੋਂ ਸ਼ਹਿਰ ਕੰਪਾਲਾ ਤੋਂ 100 ਕੁ ਮੀਲ ਦੀ ਵਿੱਥ 'ਤੇ 'ਬਾਮੂ ਨਾਨਿਕਾ' ਨਾਮਕ ਇੱਕ ਬਸਤੀ ਵੀ ਮੌਜੂਦ ਹੈ, ਜਿੱਥੇ ਗੁਰੂ ਨਾਨਕ ਦੇਵ ਜੀ ਦੁਆਰਾ ਬਿਰਾਜਮਾਨ ਹੋ ਕੇ ਭਗਤੀ ਕਰਨ ਦੀਆਂ ਗੱਲਾਂ ਇੱਥੇ ਖ਼ੂਬ ਪ੍ਰਚਲਿਤ ਹਨ। ਇੱਥੇ ਪਹਾੜੀ ਇਲਾਕੇ ਵਿੱਚ ਗੁਰੂ ਸਾਹਿਬ ਦੀ ਯਾਦ ਵਿੱਚ ਇੱਕ ਛੋਟਾ ਜਿਹਾ ਗੁਰਦੁਆਰਾ ਵੀ ਬਣਿਆ ਹੋਇਆ ਹੈ। ਇੱਥੇ ਇਹ ਵੀ ਮੰਨਿਆ ਜਾਂਦਾ ਹੈ ਕਿ ਇਸ ਇਲਾਕੇ ਵਿੱਚ ਕਈ ਮੀਲ ਦੂਰ ਤੱਕ ਤਾਜ਼ਾ ਪਾਣੀ ਨਹੀਂ ਮਿਲਦਾ ਹੈ, ਪਰ ਗੁਰੂ ਸਾਹਿਬ ਦੀ ਭਗਤੀ ਦਾ ਸਦਕਾ ਇੱਥੇ ਗੁਰਦੁਆਰਾ ਸਾਹਿਬ ਤੋਂ ਕੁਝ ਕੁ ਮੀਟਰ ਦੀ ਵਿੱਥ 'ਤੇ ਤਾਜ਼ੇ ਪਾਣੀ ਦਾ ਇੱਕ ਝਰਨਾ ਉਪਲਬਧ ਹੋ ਗਿਆ ਸੀ, ਜਿਸਦਾ ਜਲ ਸ਼ਰਧਾਲੂਆਂ ਵੱਲੋਂ ਹੁਣ ਅੰਮ੍ਰਿਤ ਮੰਨ ਕੇ ਇਸਤੇਮਾਲ ਕੀਤਾ ਜਾਂਦਾ ਹੈ।

ਕੰਪਾਲਾ ਸ਼ਹਿਰ ਦੀ ਵਸਨੀਕ ਐਨੀ ਕੌਰ ਅਨੁਸਾਰ 'ਬਾਮੂ' ਸ਼ਬਦ ਦਾ ਵਿਸਥਾਰ 'ਬਾਬਾ ਮੂੰਗੂ' ਹੈ, ਜਿਸਦਾ ਯੁਗਾਂਡਾ ਦੀ ਭਾਸ਼ਾ ਵਿੱਚ ਅਰਥ 'ਭਗਵਾਨ' ਬਣਦਾ ਹੈ। ਯੁਗਾਂਡਾ ਦੇ ਵਸਨੀਕ ਇਸ ਤੱਥ ਦੀ ਗਵਾਹੀ ਭਰਦੇ ਹਨ ਕਿ ਇੱਥੇ ਆਇਆ 'ਨਾਨਿਕਾ' ਨਾਮਕ ਫ਼ਕੀਰ ਇਸ ਮੁਲਕ ਦਾ ਵਸਨੀਕ ਨਹੀਂ ਸੀ ਤੇ ਕਿਧਰੇ ਹੋਰ ਮੁਲਕ ਤੋਂ ਆਇਆ ਸੀ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਜੁੜੇ ਸ. ਜਤਿੰਦਰ ਸਿੰਘ ਸ਼ੰਟੀ ਨੇ ਤਾਂ ਪੁਰਾਤਨ ਜਨਮ ਸਾਖੀ ਦਾ ਹਵਾਲਾ ਦਿੰਦਿਆਂ ਕਹਿ ਦਿੱਤਾ ਸੀ ਕਿ ਗੁਰੂ ਨਾਨਕ ਸਾਹਿਬ ਨੇ ਚਾਰ ਨਹੀਂ ਸਗੋਂ ਪੰਜ ਉਦਾਸੀਆਂ ਕੀਤੀਆਂ ਸਨ ਅਤੇ ਸੰਭਾਵਨਾ ਹੋ ਸਕਦੀ ਹੈ ਕਿ ਇਸੇ ਪੰਜਵੀਂ ਉਦਾਸੀ ਦੌਰਾਨ ਹੀ ਉਨ੍ਹਾਂ ਨੇ ਯੁਗਾਂਡਾ ਵਿਖੇ ਚਰਨ ਪਾਏ ਹੋਣ।

# ਪਾਕਿਸਤਾਨ ਕ੍ਰਿਕਟ ਦਾ ਧੱਕੜ ਬੱਲੇਬਾਜ਼ ਇੰਜ਼ਮਾਮ

**ਖਿਡਾਰੀ ਪੰਜ-ਆਬ ਦੇ (32)**



**ਨਵਦੀਪ ਸਿੰਘ ਗਿੱਲ**
**ਫੋਨ: +91-9780036216**

*ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫਿਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਚੋਟੀ ਦੇ ਖਿਡਾਰੀਆਂ ਦੇ ਖੇਡ ਕਰੀਅਰ ਉਤੇ ਝਾਤ ਪਾਈ ਜਾ ਰਹੀ ਹੈ। ਹਥਲੇ ਲੇਖ ਵਿੱਚ ਵਿਸ਼ਵ ਦੇ ਚੋਟੀ ਦੇ ਮੱਧਕ੍ਰਮ ਦੇ ਬੱਲੇਬਾਜ਼ਾਂ ਵਿੱਚ ਸ਼ੁਮਾਰ ਪਾਕਿਸਤਾਨੀ ਕ੍ਰਿਕਟਰ ਇੰਜ਼ਮਾਮ ਉਲ ਹੱਕ ਦਾ ਖੇਡ ਵੇਰਵਾ ਹੈ। ਆਪਣੀ ਵਿਸਫੋਟਕ ਅਤੇ ਧੱਕੜ ਖੇਡ ਲਈ ਜਾਣੇ ਜਾਂਦੇ ਇੰਜ਼ਮਾਮ ਨੂੰ ਪਾਕਿਸਤਾਨ ਕ੍ਰਿਕਟ ਦਾ ਸਭ ਤੋਂ ਭਰੋਸੇਮੰਦ ਬੱਲੇਬਾਜ਼ ਵੀ ਆਖਿਆ ਜਾ ਸਕਦਾ ਹੈ। ਵਿਸ਼ਵ ਕ੍ਰਿਕਟ ਵਿੱਚ ਇੱਕ ਰੋਜ਼ਾ ਕ੍ਰਿਕਟ ਵਿੱਚ ਸਭ ਤੋਂ ਵੱਧ ਦੌੜਾਂ ਬਣਾਉਣ ਵਾਲੇ ਬੱਲੇਬਾਜ਼ਾਂ ਵਿੱਚ ਉਹ ਸੱਤਵੇਂ ਨੰਬਰ ਉਤੇ ਹੈ। ਉਸ ਨੇ 2001 ਤੋਂ 2006 ਤੱਕ ਇੰਗਲੈਂਡ ਖਿਲਾਫ 9 ਪਾਰੀਆਂ ਵਿੱਚ 9 ਅਰਧ ਸੈਂਕੜੇ ਲਗਾਏ, ਜੋ ਕਿ ਵਿਸ਼ਵ ਰਿਕਾਰਡ ਹੈ...।*

ਪਾਕਿਸਤਾਨ ਕ੍ਰਿਕਟ ਨੇ ਵਿਸ਼ਵ ਨੂੰ ਵੱਡੇ ਗੇਂਦਬਾਜ਼ ਅਤੇ ਆਲ ਰਾਊਂਡਰ ਦਿੱਤੇ ਹਨ, ਖਾਸ ਕਰਕੇ ਕਈ ਤੇਜ਼ ਗੇਂਦਬਾਜ਼ ਦਿੱਤੇ ਹਨ। ਬੱਲੇਬਾਜ਼ਾਂ ਦੀ ਗੱਲ ਕਰੀਏ ਤਾਂ ਇੰਜ਼ਮਾਮ ਉਲ ਹੱਕ ਦਾ ਨਾਂ ਪਹਿਲੇ ਨੰਬਰ ਉਤੇ ਆਉਂਦਾ ਹੈ। ਇੰਜ਼ਮਾਮ ਦੀ ਗਿਣਤੀ ਵਿਸ਼ਵ ਦੇ ਚੋਟੀ ਦੇ ਮੱਧਕ੍ਰਮ ਦੇ ਬੱਲੇਬਾਜ਼ਾਂ ਵਿੱਚ ਆਉਂਦੀ ਹੈ। ਆਪਣੀ ਵਿਸਫੋਟਕ ਤੇ ਧੱਕੜ ਖੇਡ ਲਈ ਜਾਣੇ ਜਾਂਦੇ ਇੰਜ਼ਮਾਮ ਨੂੰ ਪਾਕਿਸਤਾਨ ਕ੍ਰਿਕਟ ਦਾ ਸਭ ਤੋਂ ਭਰੋਸੇਮੰਦ ਬੱਲੇਬਾਜ਼ ਵੀ ਆਖਿਆ ਜਾ ਸਕਦਾ ਹੈ। ਵਿਸ਼ਵ ਕ੍ਰਿਕਟ ਦੇ ਖਤਰਨਾਕ ਬੱਲੇਬਾਜ਼ਾਂ ਵਿੱਚ ਸ਼ਾਮਲ ਇੰਜ਼ਮਾਮ ਮੱਧਕ੍ਰਮ ਵਿੱਚ ਵਿਰੋਧੀ ਗੇਂਦਬਾਜ਼ਾਂ ਅੱਗੇ ਚੱਟਾਨ ਵਾਂਗ ਡਟ ਜਾਂਦਾ ਸੀ, ਜਿਸ ਕਾਰਨ ਉਸ ਨੇ ਡੇਢ ਦਹਾਕਾ ਪਾਕਿਸਤਾਨੀ ਕ੍ਰਿਕਟ ਦੀ ਰੀੜ੍ਹ ਦੀ ਹੱਡੀ ਬਣ ਕੇ ਟੀਮ ਨੂੰ ਸੰਭਾਲਿਆ। ਟੀਮ ਦੇ ਔਖੇ ਸਮੇਂ ਅਤੇ ਵੱਡੇ ਮੈਚਾਂ 'ਚ ਇੰਜ਼ਮਾਮ ਦੀ ਖੇਡ ਹੋਰ ਵੀ ਨਿੱਖਰ ਕੇ ਸਾਹਮਣੇ ਆਉਂਦੀ ਸੀ। ਇਸੇ ਲਈ ਉਹਨੂੰ ਵੱਡੇ ਮੰਚ ਦਾ ਖਿਡਾਰੀ ਕਿਹਾ ਜਾਂਦਾ ਹੈ, ਜਿਸ ਨੇ ਆਪਣੇ ਪਹਿਲੇ ਕ੍ਰਿਕਟ ਸਾਲ 1992 'ਚ ਪਾਕਿਸਤਾਨ ਨੂੰ ਇਕਲੌਤਾ ਵਿਸ਼ਵ ਕੱਪ ਜਿਤਾਉਣ ਵਿੱਚ ਸਭ ਤੋਂ ਵੱਡੀ ਭੂਮਿਕਾ ਨਿਭਾਈ ਸੀ।

ਇੰਜ਼ਮਾਮ ਵੀ ਵਸੀਮ ਅਕਰਮ ਤੇ ਵੱਕਾਰ ਯੂਨਿਸ ਵਾਂਗ ਆਪਣੇ ਕਪਤਾਨ ਇਮਰਾਨ ਖਾਨ ਦੀ ਉਮੀਦਾਂ ਉਤੇ ਪੂਰਾ ਖਰਾ ਉਤਰਿਆ, ਜਿਸ ਨੇ ਕਪਤਾਨ ਦੀ ਚੋਣ ਨੂੰ ਸਹੀ ਸਾਬਤ ਕੀਤਾ। ਪਾਕਿਸਤਾਨ ਕ੍ਰਿਕਟ ਵਿੱਚ ਉਕਤ ਤਿੰਨੇ ਮਹਾਨ ਖਿਡਾਰੀਆਂ ਨੂੰ ਤਰਾਸ਼ਣ ਵਾਲਾ ਇਮਰਾਨ ਖਾਨ ਹੀ ਸੀ, ਜਿਸ ਨੇ ਮੁੱਢਲੇ ਦੌਰ ਵਿੱਚ ਇਨ੍ਹਾਂ ਨੂੰ ਟੀਮ ਵਿੱਚ ਸ਼ਾਮਲ ਕਰਕੇ ਆਪਣੇ ਫਨ ਦਾ ਮੁਜ਼ਾਹਰਾ ਕਰਨ ਦਾ ਮੌਕਾ ਦਿੱਤਾ। ਬੱਲੇਬਾਜ਼ ਵਜੋਂ ਸਫਲਤਾ ਹਾਸਲ ਕਰਨ ਵਾਲੇ ਹੱਕ ਨੇ ਬਤੌਰ ਕਪਤਾਨ ਅਤੇ ਮੁੱਖ ਚੋਣਕਾਰ ਵੀ ਡੂੰਘੀ ਛਾਪ ਛੱਡੀ ਹੈ। ਵਿਸ਼ਵ ਅਤੇ ਏਸ਼ੀਆ ਦੇ ਮਹਾਨਤਮ ਬੱਲੇਬਾਜ਼ਾਂ ਵਿੱਚ ਸ਼ੁਮਾਰ ਇੰਜ਼ਮਾਮ ਏਸ਼ੀਆ ਤੇ ਵਿਸ਼ਵ ਇਲੈਵਨ ਟੀਮਾਂ ਵੱਲੋਂ ਵੀ ਖੇਡਿਆ ਹੈ। ਨੱਬੇ ਦੇ ਦਹਾਕੇ ਵਿੱਚ ਸਚਿਨ, ਲਾਰਾ ਤੇ ਇੰਜ਼ਮਾਮ ਦੀ ਤਿੱਕੜੀ ਨੂੰ ਵਿਸ਼ਵ ਕ੍ਰਿਕਟ ਤੋਂ ਸਭ ਤੋਂ ਵੱਡੇ ਬੱਲੇਬਾਜ਼ ਸਮਝਿਆ ਜਾਂਦਾ ਸੀ। ਇੰਜ਼ਮਾਮ ਨੂੰ ਕ੍ਰਿਕਟ ਪ੍ਰੇਮੀ ਇੰਜ਼ੀ ਆਖਦੇ ਹਨ। ਸਹਿਵਾਗ ਤੋਂ ਪਹਿਲਾਂ ਮੁਲਤਾਨ ਦੇ ਸੁਲਤਾਨ ਦਾ ਖਿਤਾਬ ਵੀ ਇੰਜ਼ਮਾਮ ਕੋਲ ਹੀ ਸੀ।

ਲਹਿੰਦੇ ਪੰਜਾਬ ਦੇ ਸ਼ਹਿਰ ਮੁਲਤਾਨ ਵਿੱਚ 3 ਮਾਰਚ 1970 ਨੂੰ ਜਨਮਿਆ ਇੰਜ਼ਮਾਮ ਪੰਜ ਭੈਣ-ਭਰਾਵਾਂ ਵਿੱਚੋਂ ਸਭ ਤੋਂ ਛੋਟਾ ਸੀ। ਉਸ ਦੇ ਪਰਿਵਾਰ ਦਾ ਪਿਛੋਕੜ ਸਾਂਝੇ ਪੰਜਾਬ ਦੇ ਹਾਂਸੀ ਸ਼ਹਿਰ ਦਾ ਹੈ, ਜੋ ਕਿ ਅੱਜ-ਕੱਲ੍ਹ ਭਾਰਤ ਦੇ ਹਰਿਆਣਾ ਸੂਬੇ ਵਿੱਚ ਸਥਿਤ ਹੈ। ਦੇਸ਼ ਦੀ ਵੰਡ ਤੋਂ ਬਾਅਦ ਉਸ ਦਾ ਪਰਿਵਾਰ ਹਾਂਸੀ ਤੋਂ ਮੁਲਤਾਨ ਚਲਾ ਗਿਆ। ਇੰਜ਼ਮਾਮ, ਸੱਈਅਦ ਪਰਿਵਾਰ ਨਾਲ ਸਬੰਧਤ ਹੈ। ਉਸ ਦੇ ਵੱਡੇ ਵਡੇਰੇ ਸੂਫੀਇਜ਼ਮ ਦਾ ਪ੍ਰਚਾਰ ਤੇ ਪ੍ਰਸਾਰ ਕਰਦੇ ਸਨ। ਆਪਣੇ ਖੇਡ ਜੀਵਨ ਦੌਰਾਨ ਇੰਜ਼ਮਾਮ ਖੇਡ ਦੇ ਨਾਲ ਧਾਰਮਿਕ ਰਸਮਾਂ ਬਾਖੂਬੀ ਨਿਭਾਉਂਦਾ ਰਿਹਾ। ਉਹ ਇਸਲਾਮਿਕ ਮਸ਼ੀਨਰੀ ਸੰਸਥਾ ਤਬਲੀਗੀ ਜਮਾਤ ਦਾ ਮੈਂਬਰ ਵੀ ਹੈ, ਜਿਸ ਨਾਲ ਇੱਕ ਹੋਰ ਪਾਕਿਸਤਾਨੀ ਬੱਲੇਬਾਜ਼ ਸੱਈਅਦ ਅਨਵਰ ਵੀ ਜੁੜਿਆ ਹੈ। ਇੰਜ਼ਮਾਮ ਦੇ ਦਾਦਾ ਦਾ ਨਾਮ ਪੀਰ ਜ਼ਿਆ ਉਲ ਹੱਕ ਸੀ। ਇੰਜ਼ਮਾਮ ਦੀ ਪਤਨੀ ਦਾ ਨਾਮ ਕਾਸਿਫਾ ਉਲ ਹੱਕ ਹੈ ਅਤੇ ਉਸ ਦੇ ਇੱਕ ਬੇਟਾ ਇਬਤਸਮ ਤੇ ਬੇਟੀ ਅਮੀਨਾ ਉਲ ਹੱਕ ਹੈ। ਇੰਜ਼ਮਾਮ ਦੇ ਪਰਿਵਾਰ ਵਿੱਚ ਤਿੰਨ ਪੀੜ੍ਹੀਆਂ ਨੇ ਪਾਕਿਸਤਾਨ ਕ੍ਰਿਕਟ ਦੀ ਸੇਵਾ ਕੀਤੀ ਹੈ। ਉਸ ਦਾ ਚਾਚਾ ਜਾਵੇਦ ਇਲਿਹਾਸ ਕੌਮੀ ਪੱਧਰ ਉਤੇ ਫਸਟ ਕਲਾਸ ਕ੍ਰਿਕਟ ਖੇਡਿਆ। ਇੰਜ਼ਮਾਮ ਦਾ ਬੇਟਾ ਇਬਤਸਮ ਉਲ ਹੱਕ ਲਿਸਟ 'ਏ' ਪੱਧਰ ਉਤੇ ਕ੍ਰਿਕਟ ਖੇਡਿਆ ਹੈ। ਉਸ ਦਾ ਭਤੀਜਾ ਇਮਾਮ ਉਲ ਹੱਕ ਪਾਕਿਸਤਾਨ ਦਾ ਸਲਾਮੀ ਬੱਲੇਬਾਜ਼ ਰਿਹਾ ਹੈ, ਜਿਸ ਨੇ ਪਾਕਿਸਤਾਨ ਤਰਫੋਂ 24 ਟੈਸਟ ਅਤੇ 72 ਇੱਕ ਰੋਜ਼ਾ ਮੈਚ ਖੇਡੇ ਹਨ।

ਸਵਾ ਛੇ ਫੁੱਟ ਲੰਬੇ ਇੰਜ਼ਮਾਮ ਨੇ ਮੁਲਤਾਨ ਤੋਂ ਹੀ ਆਪਣਾ ਖੇਡ ਜੀਵਨ ਸ਼ੁਰੂ ਕੀਤਾ ਸੀ। ਇੰਜ਼ਮਾਮ ਨੂੰ ਸ਼ੁਰੂਆਤੀ ਦੌਰ ਵਿੱਚ ਇਮਰਾਨ ਖਾਨ ਨੇ ਟੀਮ ਵਿੱਚ ਲਿਆ, ਜਦੋਂ ਪਾਕਿਸਤਾਨ ਕ੍ਰਿਕਟ ਵਿੱਚ ਚੰਗੇ ਗੇਂਦਬਾਜ਼ਾਂ ਦਾ ਬੋਲਬਾਲਾ ਸੀ ਅਤੇ ਟੀਮ ਨੂੰ ਇੱਕ ਟਿਕਾਊ ਤੇ ਭਰੋਸੇਮੰਦ ਬੱਲੇਬਾਜ਼ ਦੀ ਲੋੜ ਸੀ, ਜੋ ਟੀਮ ਨੂੰ ਮੱਧਕ੍ਰਮ ਵਿੱਚ ਹੁਲਾਰਾ ਦੇ ਸਕੇ। ਇੰਜ਼ਮਾਮ ਸ਼ੁਰੂਆਤੀ ਦੌਰ ਵਿੱਚ ਗੇਂਦਬਾਜ਼ੀ ਵੀ ਕਰਦਾ ਸੀ। ਉਹ ਖੱਬੂ ਆਰਥੋਡੌਕਸ ਗੇਂਦਬਾਜ਼ ਸੀ, ਪਰ ਉਸ ਨੇ ਕੌਮਾਂਤਰੀ ਕ੍ਰਿਕਟ ਵਿੱਚ ਸਾਰਾ ਧਿਆਨ ਬੱਲੇਬਾਜ਼ੀ ਉਪਰ ਕੇਂਦਰਿਤ ਕਰਨ ਕਰਕੇ ਗੇਂਦਬਾਜ਼ੀ ਨੂੰ ਛੱਡ ਦਿੱਤਾ ਸੀ। ਉਸ ਨੇ ਆਪਣੇ ਇੱਕ ਰੋਜ਼ਾ ਕਰੀਅਰ ਵਿੱਚ ਤਿੰਨ ਵਿਕਟਾਂ ਵੀ ਲਈਆਂ ਹਨ ਅਤੇ ਵੈਸਟ ਇੰਡੀਜ਼ ਖਿਲਾਫ਼ ਆਪਣੀ ਪਹਿਲੀ ਹੀ ਗੇਂਦ ਉਪਰ ਬਰਾਇਨ ਲਾਰਾ ਦੀ ਵਿਕਟ ਲੈਣ ਦਾ ਰਿਕਾਰਡ ਵੀ ਉਸ ਦੇ ਨਾਮ ਦਰਜ ਹੈ।



*■ਇੰਜ਼ਮਾਮ ਖੱਬੂ ਆਰਥੋਡੌਕਸ ਗੇਂਦਬਾਜ਼ ਸੀ, ਪਰ ਉਸ ਨੇ ਕੌਮਾਂਤਰੀ ਕ੍ਰਿਕਟ ਵਿੱਚ ਸਾਰਾ ਧਿਆਨ ਬੱਲੇਬਾਜ਼ੀ ਉਪਰ ਕੇਂਦਰਿਤ ਕਰਨ ਕਰਕੇ ਗੇਂਦਬਾਜ਼ੀ ਨੂੰ ਛੱਡ ਦਿੱਤਾ ਸੀ।*

*■ਕਰੀਅਰ ਵਿੱਚ 10 ਹਜ਼ਾਰ ਤੋਂ ਵੱਧ ਦੌੜਾਂ ਬਣਾਉਣ ਵਾਲਾ ਉਹ ਪਾਕਿਸਤਾਨ ਦਾ ਇਕਲੌਤਾ ਬੱਲੇਬਾਜ਼ ਹੈ।*

*■ਉਸ ਦਾ ਸਰਵਉੱਚ ਸਕੋਰ 329 ਹੈ, ਜੋ ਕਿ ਕਿਸੇ ਵੀ ਪਾਕਿਸਤਾਨ ਬੱਲੇਬਾਜ਼ ਵੱਲੋਂ ਖੇਡੀ ਸਰਵਉੱਚ ਪਾਰੀਆਂ ਵਿੱਚੋਂ ਦੂਜੇ ਨੰਬਰ ਉਤੇ ਹੈ।*

*■ਪਾਕਿਸਤਾਨ ਸਰਕਾਰ ਵੱਲੋਂ 2005 ਵਿੱਚ ਉਸ ਨੂੰ 'ਸਿਤਾਰਾ-ਏ-ਇਮਤਿਆਜ਼' ਦੇ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ।*

*■ਇੰਜ਼ਮਾਮ ਨੂੰ ਆਪਣੇ ਖੇਡ ਜੀਵਨ ਵਿੱਚ 24 ਵਾਰ ਮੈਨ ਆਫ਼ ਦਾ ਮੈਚ ਅਤੇ ਛੇ ਵਾਰ ਮੈਨ ਆਫ਼ ਦਾ ਸੀਰੀਜ਼ ਦਾ ਪੁਰਸਕਾਰ ਵੀ ਮਿਲਿਆ ਹੈ।*



ਇੰਜ਼ਮਾਮ ਨੇ ਆਪਣੇ ਖੇਡ ਜੀਵਨ ਵਿੱਚ 120 ਟੈਸਟ ਮੈਚ ਖੇਡਦਿਆਂ 49.60 ਦੀ ਔਸਤ ਨਾਲ ਕੁੱਲ 8830 ਦੌੜਾਂ ਬਣਾਈਆਂ। ਉਸ ਨੇ 25 ਸੈਂਕੜੇ ਤੇ 46 ਅਰਧ ਸੈਂਕੜੇ ਜੜੇ, ਜਿਨ੍ਹਾਂ ਵਿੱਚ ਇੱਕ ਤੀਹਰਾ ਤੇ ਦੋ ਦੋਹਰੇ ਸੈਂਕੜੇ ਵੀ ਸ਼ਾਮਲ ਹਨ। ਉਸ ਦਾ ਸਰਵਉੱਚ ਸਕੋਰ 329 ਹੈ, ਜੋ ਕਿ ਕਿਸੇ ਵੀ ਪਾਕਿਸਤਾਨ ਬੱਲੇਬਾਜ਼ ਵੱਲੋਂ ਖੇਡੀ ਸਰਵਉੱਚ ਪਾਰੀਆਂ ਵਿੱਚੋਂ ਦੂਜੇ ਨੰਬਰ ਉਤੇ ਹੈ। ਟੈਸਟ ਕ੍ਰਿਕਟ ਵਿੱਚ ਉਸ ਦਾ ਸਟਰਾਈਕ ਰੇਟ 54.03 ਸੀ, ਜਿੱਥੋਂ ਪਤਾ ਲੱਗਦਾ ਕਿ ਉਸ ਨੇ ਮੱਧਕ੍ਰਮ ਵਿੱਚ ਤੇਜ਼ੀ ਨਾਲ ਦੌੜਾਂ ਬਟੋਰੀਆਂ ਹਨ।

ਇੰਜ਼ਮਾਮ ਨੇ ਇੱਕ ਰੋਜ਼ਾ ਕੌਮਾਂਤਰੀ ਕ੍ਰਿਕਟ ਵਿੱਚ 378 ਮੈਚ ਖੇਡੇ। ਇੱਕ ਰੋਜ਼ਾ ਕ੍ਰਿਕਟ ਵਿੱਚ ਸਭ ਤੋਂ ਵੱਧ ਮੈਚ ਖੇਡਣ ਵਾਲੇ ਖਿਡਾਰੀਆਂ ਦੀ ਗਿਣਤੀ ਵਿੱਚ ਉਹ ਛੇਵੇਂ ਨੰਬਰ ਉਤੇ ਹੈ, ਜਦੋਂ ਕਿ ਪਾਕਿਸਤਾਨ ਦਾ ਦੂਜਾ ਕ੍ਰਿਕਟਰ ਹੈ। ਪਾਕਿਸਤਾਨ ਵਿੱਚ ਉਸ ਤੋਂ ਵੱਧ ਸ਼ਾਹਿਦ ਅਫ਼ਰੀਦੀ ਨੇ 398 ਮੈਚ ਖੇਡੇ ਹਨ। ਸਭ ਤੋਂ ਵੱਧ ਭਾਰਤ ਦੇ ਸਚਿਨ ਤੇਂਦੁਲਕਰ ਨੇ 463 ਮੈਚ ਖੇਡੇ ਹਨ। ਇੱਕ ਰੋਜ਼ਾ ਕ੍ਰਿਕਟ ਵਿੱਚ ਉਹ ਪਾਕਿਸਤਾਨ ਵੱਲੋਂ ਸਭ ਤੋਂ ਵੱਧ ਦੌੜਾਂ ਬਣਾਉਣ ਵਾਲਾ ਬੱਲੇਬਾਜ਼ ਹੈ ਅਤੇ ਕਰੀਅਰ ਵਿੱਚ 10 ਹਜ਼ਾਰ ਤੋਂ ਵੱਧ ਦੌੜਾਂ ਬਣਾਉਣ ਵਾਲਾ ਉਹ ਪਾਕਿਸਤਾਨ ਦਾ ਇਕਲੌਤਾ ਬੱਲੇਬਾਜ਼ ਹੈ। ਹੱਕ ਨੇ 39.52 ਦੀ ਔਸਤ ਨਾਲ 11739 ਦੌੜਾਂ ਬਣਾਈਆਂ। ਵਿਸ਼ਵ ਕ੍ਰਿਕਟ ਵਿੱਚ ਇੱਕ ਰੋਜ਼ਾ ਕ੍ਰਿਕਟ ਵਿੱਚ ਸਭ ਤੋਂ ਵੱਧ ਦੌੜਾਂ ਬਣਾਉਣ ਵਾਲੇ ਬੱਲੇਬਾਜ਼ਾਂ ਵਿੱਚ ਉਹ ਸੱਤਵੇਂ ਨੰਬਰ ਉਤੇ ਹੈ। ਉਸ ਤੋਂ ਅੱਗੇ ਦੋ ਭਾਰਤੀ- ਸਚਿਨ ਤੇਂਦੁਲਕਰ ਤੇ ਵਿਰਾਟ ਕੋਹਲੀ; ਤਿੰਨ ਸ੍ਰੀਲੰਕਾਈ- ਸੰਗਾਕਾਰਾ, ਸਨਥ ਜੈਸੂਰੀਆ ਤੇ ਮਹੇਲਾ ਜੈਅਵਰਧਨੇ ਅਤੇ ਇੱਕ ਆਸਟ੍ਰੇਲਿਆਈ ਰਿੱਕੀ ਪੌਂਟਿੰਗ ਹੈ। ਇੰਜ਼ਮਾਮ ਨੇ 10 ਸੈਂਕੜੇ ਤੇ 83 ਅਰਧ ਸੈਂਕੜੇ ਜੜੇ ਅਤੇ ਨਾਬਾਦ 137 ਦੌੜਾਂ ਦੀ ਪਾਰੀ ਸਰਵਉੱਚ ਸਕੋਰ ਹੈ। ਇੱਕ ਰੋਜ਼ਾ ਕ੍ਰਿਕਟ ਵਿੱਚ ਉਸ ਦਾ ਸਟਰਾਈਕ ਰੇਟ 72.24 ਸੀ, ਜੋ ਕਿ 90 ਦੇ ਦਹਾਕੇ ਦੇ ਲਿਹਾਜ਼ ਨਾਲ ਬਹੁਤ ਬਿਹਤਰ ਸੀ।

ਇੰਜ਼ਮਾਮ ਦੇ ਭਾਰੇ ਸਰੀਰ ਕਾਰਨ ਉਸ ਦੀ ਫਿਟਨੈਸ ਹਮੇਸ਼ਾ ਹੀ ਸੁਰਖੀਆਂ ਵਿੱਚ ਰਹੀ ਹੈ। ਕ੍ਰਿਕਟ ਦੇ ਸ਼ੁਰੂਆਤੀ ਦਿਨਾਂ ਵਿੱਚ ਉਹ ਛਾਂਟਵੇ ਸਰੀਰ ਦਾ ਪਤਲਾ ਜਿਹਾ ਕ੍ਰਿਕਟਰ ਸੀ, ਜੋ ਕਿ ਬਾਅਦ ਵਿੱਚ ਆਪਣੇ ਭਾਰੇ ਸਰੀਰ ਨਾਲ ਮਕਬੂਲ ਹੋਇਆ। ਮਰਵਿਨ ਅੱਟਾਪੱਟੂ ਤੋਂ ਬਾਅਦ ਇੰਜ਼ਮਾਮ ਸਭ ਤੋਂ ਵੱਧ ਰਨ ਆਊਟ ਹੋਣ ਵਾਲਾ ਬੱਲੇਬਾਜ਼ ਹੈ। ਅੱਟਾਪੱਟੂ 41 ਵਾਰ ਤੇ ਹੱਕ 40 ਵਾਰ ਰਨ ਆਊਟ ਹੋਇਆ ਹੈ। ਉਹ ਫੀਲਡ ਉਤੇ ਹੌਲੀ ਭੱਜਣ ਲਈ ਜਾਣਿਆ ਜਾਂਦਾ ਸੀ। ਉਸ ਦੇ ਰਨ ਆਊਟ ਦੇ ਕਈ ਕਿੱਸੇ ਬਹੁਤ ਮਸ਼ਹੂਰ ਹੋਏ ਹਨ। ਇੱਕ ਵਾਰ ਵੈਸਟ ਇੰਡੀਜ਼ ਖਿਲਾਫ ਮੈਚ ਵਿੱਚ ਕਰਟਲੀ ਐਂਬਰੋਜ਼ ਦੀ ਯਾਰਕਰ ਗੇਂਦ ਪੈਰਾਂ ਉਤੇ ਲੱਗਣ ਕਾਰਨ ਇੰਜ਼ਮਾਮ ਲੜਖੜਾ ਕੇ ਡਿੱਗ ਗਿਆ, ਜਦੋਂ ਕਿ ਦੂਜੇ ਪਾਸੇ 'ਤੇ ਖੜ੍ਹਾ ਵਸੀਮ ਅਕਰਮ ਦੌੜ ਪੂਰੀ ਕਰਕੇ ਇੰਜ਼ਮਾਮ ਵਾਲੀ ਸਾਈਡ ਆ ਗਿਆ, ਪਰ ਇੰਜ਼ਮਾਮ ਹਾਲੇ ਤੱਕ ਪੈਰ ਦੀ ਸੱਟ ਨਾਲ ਤੜਫ ਰਿਹਾ ਸੀ। ਇੰਜ਼ਮਾਮ ਨੇ ਜਦੋਂ ਆਪਣਾ ਸਿਰ ਚੁੱਕਿਆ ਤਾਂ ਵਸੀਮ ਅਕਰਮ ਨੂੰ ਦੇਖ ਕੇ ਬੋਲਿਆ, "ਵਸੀਮ ਭਾਈ ਆਪ ਕਾਹਾਂ?" ਉਹ ਕ੍ਰਿਕਟ ਵਿੱਚ ਕਈ ਮੌਕਿਆਂ ਉਤੇ ਅਜੀਬੋ-ਗਰੀਬ ਤਰੀਕੇ ਨਾਲ ਵੀ ਆਊਟ ਹੋਇਆ ਹੈ। ਇਸੇ ਤਰ੍ਹਾਂ ਇੱਕ ਵਾਰ ਸਪਿੰਨ ਗੇਂਦਬਾਜ਼ ਨੂੰ ਪੁੱਲ ਸ਼ਾਟ ਖੇਡਣ ਲਈ ਜਦੋਂ ਉਸ ਨੇ ਬੱਲਾ ਘੁੰਮਾਇਆ ਤਾਂ ਗੇਂਦ ਮਿੱਸ ਹੋ ਕੇ ਉਸ ਦੇ ਸਰੀਰ ਉਪਰ ਵੱਜੀ, ਜਿਸ ਕਾਰਨ ਉਹ ਵਿਕਟ ਤੋਂ ਪਾਰ ਵਿਕਟ ਕੀਪਰ ਵਾਲੇ ਪਾਸੇ ਡਿੱਗ ਗਿਆ। ਹਾਲਾਂਕਿ ਉਸ ਨੇ ਵਿਕਟ ਉਪਰੋਂ ਡਿੱਗਦਿਆਂ ਆਪਣੇ ਆਪ ਨੂੰ ਬਚਾਉਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਉਹ ਹਿੱਟ ਵਿਕਟ ਹੋਣ ਤੋਂ ਬਚਾਅ ਨਾ ਸਕਿਆ। 2006 ਵਿੱਚ ਭਾਰਤ ਖਿਲਾਫ ਮੈਚ ਖੇਡਦਿਆਂ ਇੰਜ਼ਮਾਮ ਨੇ ਭਾਰਤੀ ਫੀਲਡਰ ਵੱਲੋਂ ਵਿਕਟਾਂ ਵੱਲ ਸੁੱਟੀ ਥਰੋਅ ਨੂੰ ਆਪਣੇ ਬੱਲੇ ਨਾਲ ਰੋਕ ਲਿਆ, ਜਿਸ ਕਾਰਨ ਉਸ ਨੂੰ ਫੀਲਡਿੰਗ ਵਿੱਚ ਵਿਘਨ ਪਾਉਣ ਕਰਕੇ ਆਊਟ ਕਰਾਰ ਦੇ ਦਿੱਤਾ।

ਇੰਜ਼ਮਾਮ ਦੌੜਨ ਵਿੱਚ ਸੁਸਤ ਹੋਣ ਦੇ ਬਾਵਜੂਦ ਫੀਲਡਰ ਬਹੁਤ ਕਮਾਲ ਦਾ ਸੀ। ਆਪਣੇ ਕੌਮਾਂਤਰੀ ਕਰੀਅਰ ਵਿੱਚ ਇੰਜ਼ਮਾਮ ਨੇ ਟੈਸਟ ਮੈਚਾਂ ਵਿੱਚ 81 ਅਤੇ ਇੱਕ ਰੋਜ਼ਾ ਕ੍ਰਿਕਟ ਵਿੱਚ 113 ਕੈਚ ਪਕੜੇ ਹਨ। ਇੰਜ਼ਮਾਮ ਨੇ 2007 ਵਿੱਚ ਕੌਮਾਂਤਰੀ ਕ੍ਰਿਕਟ ਨੂੰ ਅਲਵਿਦਾ ਆਖਿਆ, ਜਿਸ ਸਾਲ ਟਵੰਟੀ-20 ਕ੍ਰਿਕਟ ਦਾ ਆਗਾਜ਼ ਹੋਇਆ ਸੀ। ਉਸ ਨੇ ਇਕਮਾਤਰ ਟਵੰਟੀ-20 ਮੈਚ ਖੇਡਿਆ ਹੈ, ਜਿਸ ਵਿੱਚ ਨਾਬਾਦ 11 ਦੌੜਾਂ ਬਣਾਈਆਂ ਸਨ। ਇੰਜ਼ਮਾਮ ਨੂੰ ਆਪਣੇ ਖੇਡ ਜੀਵਨ ਵਿੱਚ 24 ਵਾਰ ਮੈਨ ਆਫ਼ ਦਾ ਮੈਚ ਅਤੇ ਛੇ ਵਾਰ ਮੈਨ ਆਫ਼ ਦਾ ਸੀਰੀਜ਼ ਦਾ ਪੁਰਸਕਾਰ ਵੀ ਮਿਲਿਆ ਹੈ।

ਫਸਟ ਕਲਾਸ ਕ੍ਰਿਕਟ ਵਿੱਚ ਇੰਜ਼ਮਾਮ ਨੇ 245 ਮੈਚਾਂ ਵਿੱਚ 50.10 ਦੀ ਔਸਤ ਨਾਲ 16785 ਦੌੜਾਂ ਬਣਾਈਆਂ ਹਨ, ਜਿਸ ਵਿੱਚ 45 ਸੈਂਕੜੇ ਤੇ 87 ਅਰਧ ਸੈਂਕੜੇ ਸ਼ਾਮਲ ਹਨ। ਲਿਸਟ 'ਏ' ਕ੍ਰਿਕਟ ਵਿੱਚ ਹੱਕ ਨੇ 458 ਮੈਚਾਂ ਵਿੱਚ 12 ਸੈਂਕੜਿਆਂ ਤੇ 97 ਅਰਧ ਸੈਂਕੜਿਆਂ ਦੀ ਮੱਦਦ ਨਾਲ 13746 ਦੌੜਾਂ ਬਣਾਈਆਂ ਹਨ। ਬੱਲੇਬਾਜ਼ੀ ਕਰਦਿਆਂ ਇੰਜ਼ਮਾਮ ਜਿੱਥੇ ਇੱਕ ਟੈਸਟ ਦੀਆਂ ਦੋਵੇਂ ਪਾਰੀਆਂ ਵਿੱਚ ਸੈਂਕੜੇ ਲਗਾਉਣ ਵਾਲਾ ਹੈ, ਉਥੇ ਉਸ ਦੀ ਗਿਣਤੀ ਆਪਣੇ 100ਵੇਂ ਟੈਸਟ ਵਿੱਚ ਸੈਂਕੜਾ ਮਾਰਨ ਵਾਲੇ ਗਿਣੇ-ਚੁਣਵੇਂ ਬੱਲੇਬਾਜ਼ਾਂ ਵਿੱਚ ਵੀ ਆਉਂਦੀ ਹੈ। ਇੰਜ਼ਮਾਮ ਨੇ ਭਾਰਤ ਖਿਲਾਫ ਆਪਣੇ 100ਵੇਂ ਟੈਸਟ ਵਿੱਚ 184 ਦੌੜਾਂ ਦੀ ਯਾਦਗਾਰੀ ਪਾਰੀ ਖੇਡੀ ਸੀ।

ਘਰੇਲੂ ਕ੍ਰਿਕਟ ਵਿੱਚ ਉਸ ਨੇ ਮੁਲਤਾਨ, ਲਾਹੌਰ ਬਾਦਸ਼ਾਹ, ਰਾਵਲਪਿੰਡੀ, ਫੈਸਲਾਬਾਦ, ਯੂਨਾਈਟਿਡ ਬੈਂਕ ਵੱਲੋਂ ਵੀ ਕ੍ਰਿਕਟ ਖੇਡੀ ਹੈ। ਆਪਣੇ ਕ੍ਰਿਕਟ ਕਰੀਅਰ ਦੇ ਆਖਰੀ ਸਮੇਂ ਵਿੱਚ ਉਹ ਇੰਗਲਿਸ਼ ਕਾਊਂਟੀ ਯੌਰਕਸ਼ਾਇਰ ਵੱਲੋਂ ਵੀ ਕ੍ਰਿਕਟ ਖੇਡਿਆ ਹੈ, ਪਰ ਉਥੇ ਉਹ ਜ਼ਿਆਦਾ ਸਫਲ ਨਹੀਂ ਰਿਹਾ। ਇੰਜ਼ਮਾਮ ਨੇ ਭਾਰਤ ਵਿੱਚ ਆਈ.ਪੀ.ਐਲ. ਤੋਂ ਪਹਿਲਾਂ ਸ਼ੁਰੂ ਹੋਈ ਆਈ.ਸੀ.ਐਲ., ਜਿਸ ਨੂੰ ਵਿਵਾਦਤ ਲੀਗ ਵੀ ਆਖਿਆ ਗਿਆ, ਵਿੱਚ ਵੀ ਖੇਡਿਆ ਸੀ, ਜਿਸ ਕਾਰਨ ਇੱਕ ਵਾਰ ਤਾਂ ਉਸ ਉਪਰ ਪਾਕਿਸਤਾਨ ਕ੍ਰਿਕਟ ਬੋਰਡ ਵੱਲੋਂ ਪਾਬੰਦੀ ਲਗਾ ਦਿੱਤੀ ਸੀ ਪਰ ਫੇਰ ਉਸ ਨੇ ਲੀਗ ਛੱਡ ਦਿੱਤੀ ਸੀ।

ਇੰਜ਼ਮਾਮ ਆਪਣੇ ਖੇਡ ਕਰੀਅਰ ਵਿੱਚ ਕਈ ਵਿਵਾਦਾਂ ਨਾਲ ਵੀ ਚਰਚਿਤ ਰਿਹਾ। 1997 ਵਿੱਚ ਟੋਰਾਂਟੋ ਵਿਖੇ ਭਾਰਤ ਤੇ ਪਾਕਿਸਤਾਨ ਵਿਚਾਲੇ ਸਹਾਰਾ ਕੱਪ ਦੇ ਖੇਡੇ ਜਾ ਰਹੇ ਮੈਚ ਦੌਰਾਨ ਜਦੋਂ ਕਿਸੇ ਭਾਰਤੀ ਮੂਲ ਦੇ ਕੈਨੇਡਾ ਦੇ ਦਰਸ਼ਕ ਨੇ ਬਾਊਂਡਰੀ ਉਤੇ ਫੀਲਡਿੰਗ ਕਰ ਰਹੇ ਇੰਜ਼ਮਾਮ ਨੂੰ ਆਲੂ ਕਹਿ ਕੇ ਚਿੜਾਇਆ, ਤਾਂ ਇਸ ਉਤੇ ਖਿੱਝਦਿਆਂ ਇੰਜ਼ਮਾਮ ਨੇ ਆਪਣੇ ਟੀਮ ਦੇ 12ਵੇਂ ਖਿਡਾਰੀ ਮੁਹੰਮਦ ਹੁਸੈਨ ਤੋਂ ਬੱਲਾ ਮੰਗਾ ਕੇ ਉਸ ਦਰਸ਼ਕ ਦੇ ਪਿੱਛੇ ਪੈ ਗਿਆ। ਦੇਖਣ ਵਾਲੇ ਦੱਸਦੇ ਹਨ ਕਿ ਜੇਕਰ ਸੁਰੱਖਿਆ ਕਰਮੀ ਇੰਜ਼ਮਾਮ ਨੂੰ ਨਾ ਰੋਕਦੇ ਤਾਂ ਉਸ ਦਰਸ਼ਕ ਦਾ ਵੱਡਾ ਨੁਕਸਾਨ ਹੋ ਸਕਦਾ ਸੀ। ਇਕੇਰਾਂ

⇒ **ਬਾਕੀ ਅਗਲੇ ਸਫੇ ਉਤੇ ਪੜ੍ਹੋ**

# ਜ਼ਹਿਰੀਲੀ ਹਵਾ ਬਾਰੇ ਫ਼ਿਲਮਸਾਜ਼ਾਂ ਦੀ ਚੁੱਪ!

**ਨਿਆਜ਼ ਫਾਰੂਕੀ**

ਸਾਲ 2016 'ਚ ਇੱਕ ਫਿਲਮ ਆਈ ਸੀ, 'ਪਿੰਕ'। ਇਹ ਫਿਲਮ ਸੁਰਖੀਆਂ 'ਚ ਰਹੀ ਅਤੇ ਇਸ ਨੂੰ ਬਾਕਸ ਆਫਿਸ 'ਤੇ ਵੀ ਚੰਗੀ ਕਮਾਈ ਹੋਈ। ਇਸ ਫਿਲਮ 'ਚ ਇੱਕ ਸੀਨ ਹੈ, ਜਿਸ 'ਚ ਅਮਿਤਾਭ ਬੱਚਨ ਦਾ ਕਿਰਦਾਰ ਸਰਦੀਆਂ ਦੀ ਸਵੇਰ ਨੂੰ ਦਿੱਲੀ ਦੀ ਧੁੰਦ ਨਾਲ ਡੱਕੀਆਂ ਸੜਕਾਂ 'ਤੇ ਮਾਸਕ ਪਾ ਕੇ ਘਰੋਂ ਨਿਕਲਦਾ ਹੈ। ਮਾਸਕ ਅਤੇ ਦਿੱਲੀ ਸਮੋਗ ਨੂੰ ਕਈ ਫਿਲਮਾਂ ਵਿੱਚ ਦਿਖਾਇਆ ਗਿਆ ਹੈ, ਪਰ ਫਿਲਮ ਦੀ ਸਕ੍ਰਿਪਟ ਵਿੱਚ ਇਨ੍ਹਾਂ ਦਾ ਕੋਈ ਬਹੁਤਾ ਮਤਲਬ ਨਹੀਂ ਹੈ। 'ਪਿੰਕ' ਮੁੱਖ ਧਾਰਾ ਦੀਆਂ ਕੁਝ ਫ਼ਿਲਮਾਂ ਵਿੱਚੋਂ ਇੱਕ ਹੈ, ਜਿਸ ਵਿੱਚ ਹਵਾ ਪ੍ਰਦੂਸ਼ਣ ਨੂੰ ਦਿਖਾਇਆ ਗਿਆ ਹੈ। ਭਾਰਤ ਦੇ ਕਈ ਹਿੱਸਿਆਂ ਵਿੱਚ, ਲੱਖਾਂ ਲੋਕ ਹਰ ਸਾਲ ਸਿਹਤ ਲਈ ਖਤਰਨਾਕ ਇਸ ਪ੍ਰਦੂਸ਼ਣ ਦਾ ਸਾਹਮਣਾ ਕਰਦੇ ਹਨ। ਭਾਰਤ ਦੀ ਰਾਜਧਾਨੀ ਦਿੱਲੀ ਅਤੇ ਉੱਤਰੀ ਭਾਰਤ ਦੇ ਹੋਰ ਖੇਤਰਾਂ ਦੀ ਜ਼ਹਿਰੀਲੀ ਹਵਾ ਅਕਸਰ ਸੁਰਖੀਆਂ ਵਿੱਚ ਬਣੀ ਰਹਿੰਦੀ ਹੈ। ਇਹ ਮੁੱਦਾ ਲੋਕਾਂ ਦੀ ਗੱਲਬਾਤ ਵਿੱਚ ਹੀ ਨਹੀਂ, ਸਗੋਂ ਸਿਆਸੀ ਗਲਿਆਰਿਆਂ ਵਿੱਚ ਵੀ ਸੁਣਨ ਨੂੰ ਮਿਲਦਾ ਹੈ ਅਤੇ ਇਸ ਉੱਤੇ ਕਾਨੂੰਨੀ ਚਰਚਾ ਵੀ ਹੁੰਦੀ ਹੈ।

ਬਾਲੀਵੁੱਡ 'ਚ ਕਈ ਵੱਡੇ ਹਾਦਸਿਆਂ ਅਤੇ ਕੁਦਰਤੀ ਆਫਤਾਂ 'ਤੇ ਫਿਲਮਾਂ ਬਣ ਚੁੱਕੀਆਂ ਹਨ। ਮਿਸਾਲ ਵਜੋਂ 2013 ਵਿੱਚ ਉੱਤਰਾਖੰਡ, 2018 ਵਿੱਚ ਕੇਰਲਾ ਅਤੇ 2005 ਵਿੱਚ ਮੁੰਬਈ ਸ਼ਹਿਰ ਵਿੱਚ ਆਏ ਭਿਆਨਕ ਹੜ੍ਹਾਂ 'ਤੇ ਫ਼ਿਲਮਾਂ ਬਣੀਆਂ ਹਨ, ਪਰ ਮਨੋਰੰਜਨ ਜਗਤ ਵਿੱਚੋਂ ਪ੍ਰਦੂਸ਼ਣ ਦਾ ਵਿਸ਼ਾ ਗਾਇਬ ਹੈ ਜਾਂ ਇਹ ਕਹਿ ਲਓ ਕਿ ਫਿਲਮਸਾਜ਼ ਚੁੱਪ ਹਨ। ਪ੍ਰਦੂਸ਼ਣ 'ਤੇ ਲਿਖੀ ਕਿਤਾਬ 'ਦਿ ਗ੍ਰੇਟ ਸਮੋਗ ਆਫ਼ ਇੰਡੀਆ' ਦੇ ਲੇਖਕ ਸਿਧਾਰਥ ਸਿੰਘ ਦਾ ਕਹਿਣਾ ਹੈ ਕਿ ਇਹ ਸਾਡੀ 'ਵੱਡੀ ਨਾਕਾਮੀ' ਹੈ ਕਿ ਭਾਰਤੀ ਸਾਹਿਤ ਅਤੇ ਫ਼ਿਲਮਾਂ 'ਚ ਹਵਾ ਪ੍ਰਦੂਸ਼ਣ ਨੂੰ ਕੋਈ ਥਾਂ ਨਹੀਂ ਦਿੱਤੀ ਗਈ। ਭਾਰਤ ਵਿੱਚ ਪ੍ਰਦੂਸ਼ਣ ਬਾਰੇ ਕੰਮ ਅਕਸਰ ਅਕਾਦਮਿਕ ਜਾਂ ਵਿਸ਼ੇ ਦੇ ਮਾਹਿਰਾਂ ਵੱਲੋਂ ਹੀ ਕੀਤਾ ਜਾਂਦਾ ਹੈ।

ਜਲਵਾਯੂ ਤਬਦੀਲੀ ਬਾਰੇ ਵਿਸਤਾਰ ਨਾਲ ਲਿਖਣ ਵਾਲੇ ਲੇਖਕ ਅਮਿਤਵ ਘੋਸ਼ ਨੇ ਆਪਣੀ 2016 ਦੀ ਪੁਸਤਕ 'ਦਿ ਗ੍ਰੇਟ ਡਿਰੇਂਜਮੈਂਟ' ਵਿੱਚ ਲਿਖਿਆ ਹੈ ਕਿ ਅੱਜ ਦੀਆਂ ਸਾਹਿਤਕ ਕਹਾਣੀਆਂ ਵਿੱਚ ਜਲਵਾਯੂ ਨਾਲ ਸਬੰਧਤ ਕਹਾਣੀਆਂ ਨੂੰ ਥਾਂ ਨਹੀਂ ਮਿਲਦੀ। ਉਨ੍ਹਾਂ 2022 ਦੀ ਇੱਕ ਇੰਟਰਵਿਊ ਵਿੱਚ ਕਿਹਾ, "ਲੋਕ ਜਲਵਾਯੂ ਤਬਦੀਲੀ ਬਾਰੇ ਬਹੁਤ ਗੰਭੀਰ ਨਹੀਂ ਹਨ।" ਅੱਤ ਦੀ ਗਰਮੀ ਦੌਰਾਨ ਭਾਰਤ ਵਿੱਚ ਰਹਿਣ ਦੇ ਆਪਣੇ ਤਜ਼ਰਬੇ ਦਾ ਵਰਣਨ ਕਰਦੇ ਹੋਏ, ਉਹ ਕਹਿੰਦੇ ਹਨ, "ਜਿਸ ਗੱਲ ਨੇ ਮੈਨੂੰ ਸਭ ਤੋਂ ਵੱਧ ਹੈਰਾਨ ਕੀਤਾ, ਉਹ ਇਹ ਸੀ ਕਿ ਸਭ ਕੁਝ ਇੰਨਾ ਸਾਧਾਰਨ ਅਤੇ ਆਮ ਮਹਿਸੂਸ ਹੋ ਰਿਹਾ ਸੀ। ਇਹ ਸਭ ਤੋਂ ਪ੍ਰੇਸ਼ਾਨ ਕਰਨ ਵਾਲੀ ਗੱਲ ਸੀ। ਅਜਿਹਾ ਲੱਗਦਾ ਸੀ ਕਿ ਅਸੀਂ ਪਹਿਲਾਂ ਹੀ ਇਨ੍ਹਾਂ ਤਬਦੀਲੀਆਂ ਨਾਲ ਜੀਣਾ ਸਿੱਖ ਲਿਆ ਹੈ।" ਘੋਸ਼ ਨੇ ਜਲਵਾਯੂ ਤਬਦੀਲੀ ਨੂੰ 'ਧੀਮੀ ਹਿੰਸਾ' ਦੱਸਿਆ, ਜਿਸ ਬਾਰੇ ਲਿਖਣਾ ਮੁਸ਼ਕਲ ਹੈ।

ਪ੍ਰਦੂਸ਼ਣ ਬਾਰੇ ਇਹ ਕਹਿਣਾ ਸਹੀ ਹੈ, ਕਿਉਂਕਿ ਇਸ ਦਾ ਮਨੁੱਖੀ ਸਿਹਤ 'ਤੇ ਹੌਲੀ-ਹੌਲੀ ਪ੍ਰਭਾਵ ਪੈਂਦਾ ਹੈ। ਇਸ ਲਈ ਇਸ ਨੂੰ ਫਿਲਮਾਂ 'ਚ ਦਿਖਾਉਣਾ ਮੁਸ਼ਕਿਲ ਹੈ। ਹਾਲਾਂਕਿ ਇਸ ਮੁੱਦੇ ਨੂੰ ਸ਼ੌਨਕ ਸੇਨ ਦੀ 'ਆਲ ਦੈਟ ਬ੍ਰੀਦਜ਼' ਵਰਗੀਆਂ ਡਾਕੂਮੈਂਟਰੀਜ਼ 'ਚ ਦਿਖਾਇਆ ਗਿਆ ਹੈ। ਇਸ ਡਾਕੂਮੈਂਟਰੀ ਨੂੰ 2022 ਵਿੱਚ ਆਸਕਰ ਲਈ ਵੀ ਨਾਮਜ਼ਦ ਕੀਤਾ ਗਿਆ ਸੀ। ਇਸ ਡਾਕੂਮੈਂਟਰੀ ਵਿੱਚ ਸੇਨ ਨੇ ਦੋ ਭਰਾਵਾਂ ਦੀ ਕਹਾਣੀ ਰਾਹੀਂ ਜਲਵਾਯੂ ਪਰਿਵਰਤਨ, ਪ੍ਰਦੂਸ਼ਣ ਅਤੇ ਦਿੱਲੀ ਵਿੱਚ ਜਾਨਵਰਾਂ ਤੇ ਪੰਛੀਆਂ ਨਾਲ ਲੋਕਾਂ ਦੇ ਰਿਸ਼ਤੇ ਨੂੰ ਦਿਖਾਇਆ ਹੈ। ਇਹ ਦੋਵੇਂ ਭਰਾ ਦਿੱਲੀ ਦੇ ਧੁੰਦਲੇ ਅਸਮਾਨ ਤੋਂ ਡਿੱਗ ਕੇ ਜ਼ਖਮੀ ਹੋਏ ਕਾਲੇ ਬਾਜ਼ਾਂ ਦਾ ਇਲਾਜ ਕਰਦੇ ਹਨ। ਸੇਨ ਦਾ ਕਹਿਣਾ ਹੈ ਕਿ ਉਹ ਇਹ ਸਮਝਣ ਵਿੱਚ ਜ਼ਿਆਦਾ ਦਿਲਚਸਪੀ ਰੱਖਦੇ ਸਨ ਕਿ ਕਿਵੇਂ 'ਐਂਥਰੋਪੋਸੀਨ' ਜਾਂ ਜਲਵਾਯੂ ਤਬਦੀਲੀ ਵਰਗੀਆਂ ਵੱਡੀਆਂ ਚੀਜ਼ਾਂ ਸਾਡੇ ਰੋਜ਼ਾਨਾ ਵਿਹਾਰ ਨੂੰ ਪ੍ਰਭਾਵਿਤ ਕਰਦੀਆਂ ਹਨ।




ਐਂਥਰੋਪੋਸੀਨ ਸ਼ਬਦ ਦੀ ਵਰਤੋਂ ਧਰਤੀ, ਇਸ ਦੇ ਵਾਤਾਵਰਣ ਪ੍ਰਣਾਲੀਆਂ ਅਤੇ ਹੋਰ ਪ੍ਰਜਾਤੀਆਂ 'ਤੇ ਮਨੁੱਖਾਂ ਦੇ ਪੈਂਦੇ ਪ੍ਰਭਾਵ ਨੂੰ ਦਰਸਾਉਣ ਲਈ ਕੀਤੀ ਜਾਂਦੀ ਹੈ। ਇਸ ਫਿਲਮ ਦੇ ਇੱਕ ਸੀਨ ਵਿੱਚ ਦੋਵੇਂ ਭਰਾ ਬਹਿਸ ਕਰਦੇ ਨਜ਼ਰ ਆਉਂਦੇ ਹਨ। ਫਿਰ ਇੱਕ ਭਰਾ ਅਸਮਾਨ ਵੱਲ ਇਸ਼ਾਰਾ ਕਰਦਾ ਹੈ ਅਤੇ ਕਹਿੰਦਾ ਹੈ, "ਇਹ ਸਭ ਜੋ ਸਾਡੇ ਵਿਚਾਲੇ ਹੋ ਰਿਹਾ ਹੈ, ਇਸ ਦੇ ਸਭ ਕਸੂਰਵਾਰ ਹਨ।"

ਜਲਵਾਯੂ ਪਰਿਵਰਤਨ ਸਾਡੇ ਜੀਵਨ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕਰਦਾ ਹੈ। ਇਸ ਨੂੰ ਸਿਨੇਮਾ ਅਤੇ ਸਾਹਿਤ ਵਿੱਚ ਵੀ ਉਸੇ ਤਰ੍ਹਾਂ ਪ੍ਰਤੀਬਿੰਬਿਤ ਕੀਤਾ ਜਾਣਾ ਚਾਹੀਦਾ ਹੈ। ਵਾਤਾਵਰਨ ਨਾਲ ਸਬੰਧਤ ਫ਼ਿਲਮਾਂ, ਜੋ ਦਰਸ਼ਕਾਂ ਨੂੰ ਇਸ ਬਾਰੇ ਜਾਣਕਾਰੀ ਦਿੰਦੀਆਂ ਹਨ ਜਾਂ ਉਨ੍ਹਾਂ ਨੂੰ ਜ਼ਿੰਮੇਵਾਰ ਠਹਿਰਾਉਂਦੀਆਂ ਹਨ, ਦਰਸ਼ਕਾਂ ਨੂੰ ਪਸੰਦ ਨਹੀਂ ਆਉਂਦੀਆਂ। ਸਭ ਤੋਂ ਵਧੀਆ ਫਿਲਮ ਉਹ ਹੈ, ਜੋ ਮਹੱਤਵਪੂਰਨ ਮੁੱਦਿਆਂ ਨੂੰ ਇਸ ਤਰੀਕੇ ਨਾਲ ਬਿਆਨ ਕਰੇ ਕਿ ਦਰਸ਼ਕਾਂ ਨੂੰ ਇਹ ਅਹਿਸਾਸ ਵੀ ਨਾ ਹੋਵੇ ਕਿ ਉਨ੍ਹਾਂ ਨੂੰ ਕੁਝ ਸਮਝਾਇਆ ਜਾ ਰਿਹਾ ਹੈ, ਪਰ ਉਹ ਗੱਲ ਨੂੰ ਸਮਝ ਵੀ ਜਾਣ।

ਫਿਲਮ ਨਿਰਮਾਤਾ ਨੀਲ ਮਾਧਬ ਪਾਂਡਾ ਨੇ ਜਲਵਾਯੂ ਪਰਿਵਰਤਨ ਅਤੇ ਵਾਤਾਵਰਣ ਨਾਲ ਸਬੰਧਤ 70 ਤੋਂ ਵੱਧ ਫਿਲਮਾਂ ਵਿੱਚ ਕੰਮ ਕੀਤਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਕਲਾ ਇਸ ਦਿਸ਼ਾ ਵਿੱਚ ਬਦਲਾਅ ਲਿਆ ਸਕਦੀ ਹੈ। ਪਾਂਡਾ ਨੇ 2005 'ਚ ਆਪਣੀ ਡਾਕੂਮੈਂਟਰੀ 'ਕਲਾਈਮੇਟਜ਼ ਫਸਟ ਆਰਫਾਨ' ਦੀ ਮਦਦ ਨਾਲ ਲੋਕਾਂ ਨੂੰ ਜਲਵਾਯੂ ਪਰਿਵਰਤਨ ਸੰਬੰਧਤ ਕਹਾਣੀਆਂ ਦੱਸਣੀਆਂ ਸ਼ੁਰੂ ਕੀਤੀਆਂ ਸਨ। ਉਨ੍ਹਾਂ ਨੇ ਆਪਣੇ ਸੰਦੇਸ਼ ਨੂੰ ਹੋਰ ਲੋਕਾਂ ਤੱਕ ਪਹੁੰਚਾਉਣ ਲਈ ਮੁੱਖ ਧਾਰਾ ਦੇ ਸਿਨੇਮਾ ਦਾ ਸਹਾਰਾ ਲਿਆ। ਉਸ ਦਾ ਜਨਮ ਕਾਲਾਹਾਂਡੀ, ਉੜੀਸਾ ਵਿੱਚ ਹੋਇਆ। ਇਹ ਇਲਾਕਾ ਹੜ੍ਹਾਂ ਅਤੇ ਸੋਕੇ ਦਾ ਸਾਹਮਣਾ ਕਰਦਾ ਸੀ। ਸਾਲ 1995 ਵਿੱਚ ਉਹ ਦਿੱਲੀ ਆ ਗਏ।

ਉਨ੍ਹਾਂ ਨੇ ਕਿਹਾ, "ਇਹ ਮੇਰੇ ਲਈ ਹੈਰਾਨੀ ਵਾਲੀ ਗੱਲ ਸੀ ਕਿ ਮੈਂ ਇੱਕ ਅਜਿਹੇ ਖੇਤਰ ਵਿੱਚ ਰਹਿ ਰਿਹਾ ਸੀ, ਜਿੱਥੇ ਅਸੀਂ ਚਾਰ ਮੌਸਮ ਦੇਖਦੇ ਸੀ ਅਤੇ ਨਦੀ ਤੋਂ ਸਿੱਧਾ ਪਾਣੀ ਪੀਂਦੇ ਸੀ।... ਸਾਡੇ ਲਈ ਹਵਾ, ਪਾਣੀ, ਅੱਗ ਅਤੇ ਹੋਰ ਸਭ ਕੁਝ ਉੱਥੇ ਮੁਫਤ ਸੀ; ਪਰ ਦਿੱਲੀ ਵਿੱਚ ਤੁਸੀਂ ਸਭ ਕੁਝ ਖਰੀਦਦੇ ਹੋ। ਮੈਂ ਪਾਣੀ ਅਤੇ ਹਵਾ ਖਰੀਦਦਾ ਹਾਂ। ਤੁਹਾਨੂੰ ਹਰ ਕਮਰੇ ਵਿੱਚ ਏਅਰ ਫਿਲਟਰ ਮਿਲੇਗਾ।"

ਮਾਧਬ ਪਾਂਡਾ ਦੀ ਇਹ ਫਿਲਮ ਇੱਕ ਅਜਿਹੇ ਜੋੜੇ ਬਾਰੇ ਸੀ, ਜੋ ਤਲਾਕ ਲੈ ਰਿਹਾ ਸੀ। ਉਨ੍ਹਾਂ ਦੇ ਤਲਾਕ ਦਾ ਕਾਰਨ ਇਹ ਸੀ ਕਿ ਉਹ ਇਸ ਗੱਲ 'ਤੇ ਸਹਿਮਤ ਨਹੀਂ ਸਨ ਕਿ ਉਹ ਦਿੱਲੀ ਵਿੱਚ ਰਹਿਣਾ ਚਾਹੁੰਦੇ ਹਨ ਜਾਂ ਨਹੀਂ। ਇਸ ਫਿਲਮ ਦੀ ਮਦਦ ਨਾਲ ਉਨ੍ਹਾਂ ਨੇ ਦਿੱਲੀ ਵਿੱਚ ਪ੍ਰਦੂਸ਼ਣ ਦੀ ਸਮੱਸਿਆ ਬਾਰੇ ਦੱਸਿਆ।

ਫਿਲਮ ਨਿਰਮਾਤਾਵਾਂ ਨੂੰ ਗੰਭੀਰ ਮੁੱਦਿਆਂ 'ਤੇ ਕਹਾਣੀਆਂ ਬਣਾਉਣ ਵਿੱਚ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਨੂੰ ਅਜਿਹੀਆਂ ਕਹਾਣੀਆਂ ਦੱਸਣੀਆਂ ਚਾਹੀਦੀਆਂ ਹਨ, ਜਿਸ ਨਾਲ ਲੋਕ ਖੁਦ ਨੂੰ ਜੁੜਿਆ ਮਹਿਸੂਸ ਕਰਨ। ਸਿਧਾਰਥ ਸਿੰਘ ਨੇ 2018 ਵਿੱਚ ਇੱਕ ਕਿਤਾਬ ਲਿਖੀ, ਜੋ ਕਿ ਭਾਰਤ ਦੇ ਹਵਾ ਪ੍ਰਦੂਸ਼ਣ 'ਤੇ ਕੇਂਦਰਿਤ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਕਿਤਾਬ ਲਿਖਣ ਵੇਲੇ ਉਨ੍ਹਾਂ ਨੂੰ ਅੰਕੜਿਆਂ ਦੇ ਪਿੱਛੇ ਲੋਕਾਂ ਨੂੰ ਲੱਭਣ ਲਈ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। "ਅਸੀਂ ਹਮੇਸ਼ਾ ਅਜਿਹੀਆਂ ਖ਼ਬਰਾਂ ਪੜ੍ਹਦੇ ਹਾਂ ਕਿ ਹਰ ਸਾਲ 10 ਲੱਖ ਜਾਂ 20 ਲੱਖ ਲੋਕ ਪ੍ਰਦੂਸ਼ਣ ਕਾਰਨ ਮਰ ਰਹੇ ਹਨ, ਪਰ ਇਹ ਲੋਕ ਕਿੱਥੇ ਹਨ? ਕਿੱਥੇ ਹਨ ਇਨ੍ਹਾਂ ਦੀਆਂ ਕਹਾਣੀਆਂ?"

ਜਿੱਥੇ ਵਾਤਾਵਰਨ ਦੇ ਮੁੱਦਿਆਂ ਨੂੰ ਅਕਸਰ ਭਾਰਤੀ ਸਾਹਿਤ ਵਿੱਚ ਥਾਂ ਮਿਲੀ ਹੈ, ਹੁਣ ਕੁਝ ਅੰਗਰੇਜ਼ੀ ਲੇਖਕਾਂ ਨੇ ਵੀ ਇਸ ਮੁੱਦੇ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਹੈ। ਨੀਲਾਂਜਨਾ ਐਸ. ਰਾਏ ਦਾ ਅਪਰਾਧ ਨਾਵਲ 'ਬਲੈਕ ਰਿਵਰ' ਦਿੱਲੀ ਦੇ ਭਲਸਵਾ ਲੈਂਡਫਿਲ ਸਾਈਟ ਬਾਰੇ ਗੱਲ ਕਰਦਾ ਹੈ। ਗੀਗੀ ਗਾਂਗੁਲੀ ਦੀ 'ਬਾਇਓਪੇਕੁਲੀਅਰ' ਅਤੇ ਜੈਨਿਸ ਪੈਰੀਏਟ ਦੀ 'ਐਵਰੀਥਿੰਗ ਦਿ ਲਾਈਟ ਟਚ' ਵਿੱਚ ਲੇਖਕਾਂ ਨੇ ਵਾਤਾਵਰਨ ਨਾਲ ਮਨੁੱਖੀ ਰਿਸ਼ਤਿਆਂ ਦੀ ਗੱਲ ਕੀਤੀ ਹੈ।

ਸਿਧਾਰਥ ਸਿੰਘ ਦਾ ਕਹਿਣਾ ਹੈ ਕਿ ਵਾਤਾਵਰਨ ਨਾਲ ਸਬੰਧਤ ਕਹਾਣੀਆਂ ਦੀ ਘਾਟ ਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਇਨ੍ਹਾਂ ਨੂੰ ਲਿਖਣ ਵਾਲੇ ਲੋਕਾਂ ਨੂੰ ਕਦੇ ਵੀ ਪ੍ਰਦੂਸ਼ਣ ਅਤੇ ਜਲਵਾਯੂ ਤਬਦੀਲੀ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਿਆ। ਉਹ (ਪ੍ਰਦੂਸ਼ਿਤ) ਯਮੁਨਾ ਨਦੀ ਦੇ ਕੰਢੇ ਰਹਿਣ ਵਾਲੇ ਲੋਕਾਂ ਵਰਗੇ ਨਹੀਂ ਹਨ, ਜੋ ਇਸ ਵਿੱਚ ਕਵਿਤਾ ਲੱਭਦੇ ਹਨ ਜਾਂ ਇਸਦੇ ਕਿਨਾਰਿਆਂ ਬਾਰੇ ਕਹਾਣੀਆਂ ਲਿਖਦੇ ਹਨ। ਇਨ੍ਹੀਂ ਦਿਨੀਂ ਸੋਸ਼ਲ ਮੀਡੀਆ 'ਤੇ ਮੀਮਜ਼ ਅਤੇ ਫੋਟੋਆਂ ਹਵਾ ਪ੍ਰਦੂਸ਼ਣ ਦੀ ਗੰਭੀਰਤਾ ਤੋਂ ਜਾਣੂ ਕਰਵਾਉਣ 'ਚ ਅਹਿਮ ਭੂਮਿਕਾ ਨਿਭਾਅ ਰਹੀਆਂ ਹਨ।

ਕੁਝ ਦਿਨ ਪਹਿਲਾਂ ਇੱਕ ਮੀਮ ਕਾਫੀ ਮਸ਼ਹੂਰ ਹੋਈ ਸੀ, ਜਿਸ 'ਚ ਕੁਝ ਇਸ ਤਰ੍ਹਾਂ ਲਿਖਿਆ ਸੀ, "ਸ਼ੇਖ ਹਸੀਨਾ (ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ, ਜੋ ਹੁਣ ਦਿੱਲੀ 'ਚ ਹੈ) ਨੂੰ ਸਵੇਰ ਦੀ ਸੈਰ ਕਰਦੇ ਦੇਖਿਆ ਗਿਆ।" ਪਰ ਨਾਲ ਲਗਾਈ ਗਈ ਤਸਵੀਰ ਧੁੰਦਲੀ ਸੀ। ਇਹਦੇ 'ਚ ਤਨਜ਼ ਸੀ ਕਿ ਹਵਾ ਪ੍ਰਦੂਸ਼ਣ ਕਰਕੇ ਉਨ੍ਹਾਂ ਨੂੰ ਦੇਖਿਆ ਹੀ ਨਹੀਂ ਜਾ ਸਕਦਾ। ਲੇਖਕ ਸਿਧਾਰਥ ਸਿੰਘ ਨੂੰ ਭਰੋਸਾ ਹੈ ਕਿ ਅਜਿਹੀਆਂ ਰਚਨਾਤਮਕ ਪਹਿਲਕਦਮੀਆਂ ਨੂੰ ਹੋਰ ਗਤੀ ਮਿਲੇਗੀ, ਜੋ ਉਨ੍ਹਾਂ ਲੋਕਾਂ ਨੂੰ ਕਾਰਵਾਈ ਕਰਨ ਲਈ ਮਜਬੂਰ ਕਰੇਗੀ, ਜੋ ਅਸਲ 'ਚ ਪ੍ਰਦੂਸ਼ਣ ਨੂੰ ਠੀਕ ਕਰਨ ਲਈ ਕੁਝ ਕਰ ਸਕਦੇ ਹਨ।

## ਪਾਕਿਸਤਾਨ ਕ੍ਰਿਕਟ ਦਾ ਧੱਕੜ ਬੱਲੇਬਾਜ਼ ਇੰਜ਼ਮਾਮ

ਇੰਗਲੈਂਡ ਦੇ ਓਵਲ ਵਿੱਚ ਖੇਡੇ ਜਾ ਰਹੇ ਟੈਸਟ ਮੈਚ ਦੌਰਾਨ ਇੰਜ਼ਮਾਮ ਪਾਕਿਸਤਾਨ ਟੀਮ ਦੀ ਕਪਤਾਨੀ ਕਰ ਰਿਹਾ ਸੀ ਤਾਂ ਅੰਪਾਇਰ ਵੱਲੋਂ ਪਾਕਿਸਤਾਨੀ ਗੇਂਦਬਾਜ਼ਾਂ ਉਪਰ ਬਾਲ ਨਾਲ ਛੇੜਛਾੜ ਦੇ ਦੋਸ਼ ਲਾਏ। ਉਦੋਂ ਇੰਜ਼ਮਾਮ ਨੇ ਰੋਸ ਵਜੋਂ ਟੀਮ ਨੂੰ ਫੀਲਡ ਵਿੱਚ ਉਤਾਰਨ ਤੋਂ ਮਨ੍ਹਾਂ ਕਰ ਦਿੱਤਾ। ਇਸ ਦੇ ਚੱਲਦਿਆਂ ਇੰਜ਼ਮਾਮ ਉਪਰ ਚਾਰ ਮੈਚਾਂ ਦੀ ਪਾਬੰਦੀ ਵੀ ਲੱਗੀ।

ਇੰਜ਼ਮਾਮ ਦੇ ਭਾਰਤੀ ਕ੍ਰਿਕਟਰਾਂ ਵਿੱਚੋਂ ਸਚਿਨ ਤੇਂਦੁਲਕਰ ਤੇ ਵਿਰੇਂਦਰ ਸਹਿਵਾਗ ਨਾਲ ਬਹੁਤ ਚੰਗੇ ਸਬੰਧ ਰਹੇ ਹਨ। ਇੱਕ ਵਾਰ ਉਹ ਆਪਣੇ ਬੇਟੇ ਨੂੰ ਸਚਿਨ ਨਾਲ ਮਿਲਾਉਣ ਲੈ ਕੇ ਗਿਆ, ਜਿੱਥੇ ਜਾ ਕੇ ਸਚਿਨ ਨੂੰ ਆਖਿਆ ਕਿ ਉਸ ਦਾ ਬੇਟਾ ਤੁਹਾਡਾ ਵੱਡਾ ਪ੍ਰਸ਼ੰਸਕ ਹੈ। ਸਚਿਨ ਇਸ ਤੋਂ ਬਹੁਤ ਪ੍ਰਭਾਵਿਤ ਹੋਇਆ। ਵਿਰੇਂਦਰ ਸਹਿਵਾਗ ਖੁਦ ਜਿੱਥੇ ਤਾਬੜਤੋੜ ਬੱਲੇਬਾਜ਼ ਰਿਹਾ ਹੈ, ਉਥੇ ਉਹ ਇੰਜ਼ਮਾਮ ਨੂੰ ਬਹੁਤ ਪਾਵਰਫੁੱਲ ਹਿਟਿੰਗ ਵਾਲ ਖਤਰਨਾਕ ਬੱਲੇਬਾਜ਼ ਮੰਨਦਾ ਸੀ। ਪਾਕਿਸਤਾਨੀ ਆਲ ਰਾਊਂਡਰ ਅਬਦੁਲ ਰਜ਼ਾਕ ਵੀ ਇੰਜ਼ਮਾਮ ਨੂੰ ਬਹੁਤ ਖਤਰਨਾਕ ਬੱਲੇਬਾਜ਼ ਮੰਨਦਾ ਸੀ, ਜਦੋਂ ਕਿ ਇੰਜ਼ਮਾਮ ਨੂੰ ਮਹਾਨ ਪਾਕਿਸਤਾਨੀ ਕਪਤਾਨ ਇਮਰਾਨ ਖਾਨ ਦੁਨੀਆਂ ਦਾ ਬਿਹਤਰੀਨ ਬੱਲੇਬਾਜ਼ ਆਖਦਾ ਸੀ, ਜੋ ਤੇਜ਼ ਗੇਂਦਬਾਜ਼ੀ ਖਿਲਾਫ ਖੇਡਣ ਵਾਲਾ ਦੁਨੀਆਂ ਦਾ ਇੱਕ ਨੰਬਰ ਦਾ ਕ੍ਰਿਕਟਰ ਹੈ।

ਇੰਜ਼ਮਾਮ ਤਿੰਨ ਵਾਰ ਆਈ.ਸੀ.ਸੀ. ਰੈਂਕਿੰਗ ਵਿੱਚ ਵਿਸ਼ਵ ਦਾ ਨੰਬਰ ਇੱਕ ਬੱਲੇਬਾਜ਼ ਰਿਹਾ ਹੈ। ਪਹਿਲੀ ਵਾਰ ਉਹ 1995 ਵਿੱਚ ਬਣਿਆ ਸੀ। ਉਸ ਤੋਂ ਬਾਅਦ 1997 ਵਿੱਚ ਫੇਰ ਵਿਸ਼ਵ ਦਾ ਚੋਟੀ ਦਾ ਬੱਲੇਬਾਜ਼ ਬਣਿਆ। 2004 ਤੋਂ 2006 ਤੱਕ ਵੀ ਵਿਸ਼ਵ ਦਾ ਨੰਬਰ ਇੱਕ ਬੱਲੇਬਾਜ਼ ਰਿਹਾ। ਉਹ ਆਪਣੇ ਪੂਰੇ ਖੇਡ ਜੀਵਨ ਵਿੱਚ ਰੈਂਕਿੰਗ ਵਿੱਚ ਵਿਸ਼ਵ ਦੇ ਸਿਖਰਲੇ 20 ਬੱਲੇਬਾਜ਼ਾਂ ਵਿੱਚ ਹੀ ਸ਼ੁਮਾਰ ਰਿਹਾ। 1992 ਵਿਸ਼ਵ ਕੱਪ ਦੀ ਜਿੱਤ ਵਿੱਚ ਉਸ ਦਾ ਵੱਡਾ ਯੋਗਦਾਨ ਸੀ, ਜਦੋਂ ਸੈਮੀ ਫ਼ਾਈਨਲ ਵਿੱਚ ਨਿਊ ਜ਼ੀਲੈਂਡ ਖਿਲਾਫ 37 ਗੇਂਦਾਂ ਉਤੇ 60 ਦੌੜਾਂ ਦੀ ਪਾਰੀ ਅਤੇ ਘੱਟ ਸਕੋਰ ਵਾਲੇ ਫ਼ਾਈਨਲ ਵਿੱਚ ਇੰਗਲੈਂਡ ਖਿਲਾਫ 35 ਗੇਂਦਾਂ ਉਤੇ 42 ਦੌੜਾਂ ਦੀ ਪਾਰੀ ਖੇਡੀ। ਸੈਮੀ ਫ਼ਾਈਨਲ ਵਿੱਚ ਉਸ ਵੱਲੋਂ ਲਗਾਇਆ ਛੱਕਾ ਵਿਸ਼ਵ ਕੱਪ ਦਾ ਸਰਵੋਤਮ ਸ਼ਾਟ ਸਮਝਿਆ ਜਾਂਦਾ ਹੈ। ਇੰਜ਼ਮਾਮ ਉਦੋਂ 21 ਵਰ੍ਹਿਆਂ ਦਾ ਸੀ, ਜਦੋਂ 1991 ਵਿੱਚ ਟੀਮ ਵਿੱਚ ਚੁਣਿਆ ਗਿਆ। ਵੈਸਟ ਇੰਡੀਜ਼ ਖਿਲਾਫ 20 ਤੇ 60 ਦੌੜਾਂ ਦੀਆਂ ਦੋ ਪਾਰੀਆਂ ਖੇਡੀਆਂ। 1992 ਦੇ ਸ਼ੁਰੂ ਵਿੱਚ ਸ੍ਰੀਲੰਕਾ ਖਿਲਾਫ ਲੜੀ ਵਿੱਚ ਇੰਜ਼ਮਾਮ ਨੇ 48, 60, 101 ਤੇ 117 ਦੌੜਾਂ ਦੀਆਂ ਪਾਰੀਆਂ ਖੇਡੀਆਂ, ਜਿਸ ਕਾਰਨ ਇਮਰਾਨ ਨੇ ਉਸ ਨੂੰ ਵਿਸ਼ਵ ਕੱਪ ਟੀਮ ਵਿੱਚ ਟਰੰਪ ਕਾਰਡ ਵਜੋਂ ਖਿਡਾਇਆ। ਵਿਸ਼ਵ ਕੱਪ ਵਿੱਚ ਉਹ ਕਪਤਾਨ ਦੀਆਂ ਉਮੀਦਾਂ ਉਤੇ ਖਰਾ ਉਤਰਿਆ। ਸੈਮੀ ਫ਼ਾਈਨਲ ਮੈਚ ਤੋਂ ਪਹਿਲਾਂ ਉਹ ਬਿਮਾਰ ਸੀ, ਪਰ ਇਮਰਾਨ ਨੇ ਧੱਕੇ ਨਾਲ ਖਿਡਾਇਆ ਅਤੇ ਉਥੇ ਹੀ ਉਸ ਨੇ ਯਾਦਗਾਰੀ ਮੈਚ ਜਿਤਾਊ ਪਾਰੀ ਖੇਡੀ।

ਇੰਜ਼ਮਾਮ ਨੇ ਆਪਣੇ ਖੇਡ ਜੀਵਨ ਵਿੱਚ ਬਹੁਤ ਯਾਦਗਾਰੀ ਪਾਰੀਆਂ ਖੇਡੀਆਂ ਹਨ, ਜਿਨ੍ਹਾਂ ਵਿੱਚ ਲਾਹੌਰ ਵਿਖੇ ਗਰਮ ਮੌਸਮ ਵਿੱਚ ਨਿਊ ਜ਼ੀਲੈਂਡ ਖਿਲਾਫ ਖੇਡੀ ਸਰਵਉੱਚ 329 ਦੌੜਾਂ ਦੀ ਪਾਰੀ ਇੱਕ ਹੈ। 1993 ਵਿੱਚ ਵੈਸਟ ਇੰਡੀਜ਼ ਦੌਰੇ ਉਤੇ ਇੱਕ ਰੋਜ਼ਾ ਮੈਚ ਵਿੱਚ ਟੀਮ ਦੀ ਜਿੱਤ ਵਿੱਚ ਨਾਬਾਦ 90 ਦੌੜਾਂ ਦੀ ਪਾਰੀ ਖੇਡੀ। 1997 ਵਿੱਚ ਵੈਸਟ ਇੰਡੀਜ਼ ਦੀ ਤੇਜ਼ ਗੇਂਦਬਾਜ਼ਾਂ ਦੀ ਤਿੱਕੜੀ-ਐਂਬਰੋਜ਼, ਵਾਲਸ਼ ਤੇ ਬਿਸ਼ਪ ਅੱਗੇ ਇੰਜ਼ਮਾਮ ਵੱਲੋਂ ਖੇਡੀ 177 ਦੌੜਾਂ ਦੀ ਪਾਰੀ ਖੇਡ ਪ੍ਰੇਮੀਆਂ ਦੇ ਸਦਾ ਚੇਤੇ ਵਸੀ ਹੋਈ ਹੈ। 1994 ਵਿੱਚ ਕਰਾਚੀ ਵਿਖੇ ਆਸਟ੍ਰੇਲੀਆ ਖਿਲਾਫ ਖੇਡਣ ਸਮੇਂ ਉਸ ਨੇ ਹੇਠਲੇ ਕ੍ਰਮ ਦੇ ਬੱਲੇਬਾਜ਼ਾਂ ਨਾਲ ਖੇਡਦਿਆਂ ਨਾਬਾਦ 58 ਦੌੜਾਂ ਦੀ ਪਾਰੀ ਖੇਡ ਕੇ ਪਾਕਿਸਤਾਨ ਨੂੰ ਇੱਕ ਵਿਕਟ ਦੀ ਜਿੱਤ ਦਿਵਾਈ। 2005 ਵਿੱਚ ਇੰਗਲੈਂਡ ਖਿਲਾਫ਼ ਦੋ ਸੈਂਕੜੇ ਤੇ ਦੋ ਅਰਧ ਸੈਂਕੜੇ ਲਗਾਏ, ਜਿਨ੍ਹਾਂ ਵਿੱਚ ਨਾਬਾਦ 138 ਦੌੜਾਂ ਦੀ ਪਾਰੀ ਨੇ ਪਾਕਿਸਤਾਨ ਨੂੰ ਵੱਡੇ ਸੰਕਟ ਵਿੱਚੋਂ ਉਭਾਰਿਆ। ਮੁਲਤਾਨ ਵਿਖੇ ਬੰਗਲਾਦੇਸ਼ ਖਿਲਾਫ਼ 164 ਦੇ ਸਕੋਰ ਉਤੇ ਸੱਤ ਵਿਕਟਾਂ ਡਿੱਗਣ ਤੋਂ ਬਾਅਦ ਇੰਜ਼ਮਾਮ ਨੇ ਪਾਰੀ ਸੰਭਾਲਦਿਆਂ ਸਕੋਰ 262 ਤੱਕ ਪਹੁੰਚਾਇਆ।

ਦੱਖਣੀ ਅਫਰੀਕਾ ਖਿਲਾਫ ਵੀ ਉਸ ਨੇ ਔਖੇ ਸਮੇਂ ਨਾਬਾਦ 92 ਦੌੜਾਂ ਦੀ ਪਾਰੀ ਖੇਡੀ। ਹੋਬਾਰਟ ਵਿੱਚ ਆਸਟ੍ਰੇਲੀਆ ਖਿਲਾਫ 118 ਦੌੜਾਂ ਦੀ ਪਾਰੀ ਵੀ ਮਹਾਨ ਪਾਰੀਆਂ ਵਿੱਚੋਂ ਇੱਕ ਹੈ। ਮੈਚ ਜਿੱਤਣ ਵਿੱਚ ਬੱਲੇਬਾਜ਼ੀ ਦੀ ਔਸਤ ਵਿੱਚ ਉਹ ਬਰੈਡਮੈਨ ਤੇ ਸੰਗਾਕਾਰਾ ਤੋਂ ਬਾਅਦ ਤੀਜੇ ਨੰਬਰ ਉਤੇ ਆਉਂਦਾ ਹੈ। 2006 ਵਿੱਚ ਭਾਰਤ ਖਿਲਾਫ 25ਵਾਂ ਸੈਂਕੜਾ ਜੜ ਕੇ ਉਹ ਇੱਕ ਮੌਕੇ ਪਾਕਿਸਤਾਨ ਵੱਲੋਂ ਸਭ ਤੋਂ ਵੱਧ ਟੈਸਟ ਸੈਂਕੜੇ ਲਗਾਉਣ ਵਾਲਾ ਬੱਲੇਬਾਜ਼ ਬਣਿਆ ਸੀ। ਇੰਗਲੈਂਡ ਖਿਲਾਫ ਇੰਜ਼ਮਾਮ ਦਾ ਰਿਕਾਰਡ ਬਹੁਤ ਕਮਾਲ ਦਾ ਰਿਹਾ ਹੈ। ਉਸ ਨੇ 2001 ਤੋਂ 2006 ਤੱਕ ਇੰਗਲੈਂਡ ਖਿਲਾਫ 9 ਪਾਰੀਆਂ ਵਿੱਚ 9 ਅਰਧ ਸੈਂਕੜੇ ਲਗਾਏ, ਜੋ ਕਿ ਵਿਸ਼ਵ ਰਿਕਾਰਡ ਹੈ। 1996 ਦੇ ਇੰਗਲੈਂਡ ਟੂਰ ਉਪਰ ਉਸ ਨੇ 64 ਦੀ ਔਸਤ ਨਾਲ ਦੌੜਾਂ ਬਣਾਈਆਂ। ਇੰਜ਼ਮਾਮ ਪੁਲ ਸ਼ਾਟ, ਤੇਜ਼ ਤਰਾਰ ਸ਼ਾਟਾਂ ਲਈ ਜਾਣਿਆ ਜਾਂਦਾ ਹੈ, ਜੋ ਕਿ ਗੇਂਦਬਾਜ਼ ਦੀ ਬਾਲ ਸੁੱਟਣ ਤੋਂ ਬਾਅਦ ਹੀ ਉਸ ਦੀ ਲੈਂਥ ਫੜ ਲੈਂਦਾ ਸੀ। ਉਹ ਮੈਚ ਜਿਤਾਊ ਬੱਲੇਬਾਜ਼ ਰਿਹਾ, ਜਿਸ ਦੀ ਜੇਤੂ ਮੈਚਾਂ ਵਿੱਚ ਔਸਤ 78.17 ਰਹੀ ਹੈ, ਜੋ ਕਿ ਪਾਕਿਸਤਾਨ ਵਿੱਚ ਸਭ ਤੋਂ ਵੱਧ ਰਹੀ ਹੈ।

ਪੰਜ ਵਿਸ਼ਵ ਕੱਪ ਖੇਡਣ ਵਾਲੇ ਇੰਜ਼ਮਾਮ ਨੇ ਆਪਣਾ ਆਖਰੀ ਮੈਚ 2007 ਦੇ ਵਿਸ਼ਵ ਕੱਪ ਵਿੱਚ ਖੇਡਿਆ। ਜ਼ਿੰਬਾਬਵੇ ਖਿਲਾਫ ਆਪਣੇ ਆਖਰੀ ਮੈਚ ਵਿੱਚ ਉਸ ਨੇ ਫੀਲਡਿੰਗ ਕਰਦਿਆਂ ਤਿੰਨ ਯਾਦਗਾਰੀ ਕੈਚ ਵੀ ਪਕੜੇ ਸਨ। ਵਿਸ਼ਵ ਕੱਪ ਵਿੱਚ ਆਇਰਲੈਂਡ ਤੋਂ ਹਾਰਨ ਕਰਕੇ ਇੰਜ਼ਮਾਮ ਦੀ ਕਪਤਾਨੀ ਹੇਠ ਪਾਕਿਸਤਾਨ ਦੇ ਪਹਿਲੇ ਦੌਰ ਵਿੱਚ ਬਾਹਰ ਹੋਣ ਕਰਕੇ ਉਸ ਨੇ ਖੇਡ ਤੋਂ ਸੰਨਿਆਸ ਲੈ ਲਿਆ ਸੀ। ਇਹ ਵਿਸ਼ਵ ਕੱਪ ਪਾਕਿਸਤਾਨ ਕ੍ਰਿਕਟ ਲਈ ਬੁਰੇ ਸੁਫਨੇ ਵਾਂਗ ਸੀ। ਇਸੇ ਵਿਸ਼ਵ ਕੱਪ ਵਿੱਚ ਆਇਰਲੈਂਡ ਖਿਲਾਫ ਮੈਚ ਦੀ ਹਾਰ ਤੋਂ ਬਾਅਦ ਪਾਕਿਸਤਾਨ ਦੇ ਕੋਚ ਬੌਬ ਵੂਲਮਰ ਦੀ ਰਹੱਸਮਈ ਤਰੀਕੇ ਨਾਲ ਮੌਤ ਹੋਣ ਕਾਰਨ ਵੀ ਖੇਡ ਪ੍ਰੇਮੀ ਦੰਗ ਰਹਿ ਗਏ। ਇੰਜ਼ਮਾਮ ਦੀ ਬੌਬ ਨਾਲ ਬਹੁਤ ਗੂੜ੍ਹੀ ਸਾਂਝ ਸੀ, ਜਿਸ ਕਾਰਨ ਉਸ ਨੇ ਅਗਲਾ ਮੈਚ ਆਪਣੇ ਮਰਹੂਮ ਕੋਚ ਨੂੰ ਸਮਰਪਿਤ ਕੀਤਾ ਸੀ।

ਕਪਤਾਨ ਵਜੋਂ ਵੀ ਇੰਜ਼ਮਾਮ ਉਲ ਹੱਕ ਦਾ ਬੱਲੇਬਾਜ਼ੀ ਰਿਕਾਰਡ ਬਾਕਮਾਲ ਹੈ। ਉਸ ਨੇ 31 ਟੈਸਟ ਮੈਚਾਂ ਵਿੱਚ ਕਪਤਾਨੀ ਕੀਤੀ, ਜਿਸ ਵਿੱਚ 11 ਮੈਚ ਜਿੱਤੇ ਅਤੇ 9 ਡਰਾਅ ਖੇਡੇ। ਇੱਕ ਰੋਜ਼ਾ ਮੁਕਾਬਲਿਆਂ ਵਿੱਚ 87 ਵਿੱਚ ਕਪਤਾਨੀ ਕਰਦਿਆਂ 51 ਮੈਚਾਂ ਵਿੱਚ ਜਿੱਤ ਦਿਵਾਈ। ਬਤੌਰ ਕਪਤਾਨ ਬੱਲੇਬਾਜ਼ੀ ਉਸ ਦੀ ਔਸਤ 50 ਤੋਂ ਉਪਰ ਸੀ। ਕਪਤਾਨ ਵਜੋਂ ਬਿਹਤਰ ਬੱਲੇਬਾਜ਼ੀ ਔਸਤ ਵਾਲੇ ਕਪਤਾਨਾਂ ਵਿੱਚ ਰਿੱਕੀ ਪੌਂਟਿੰਗ ਤੇ ਮਹਿੰਦਰ ਸਿੰਘ ਧੋਨੀ ਤੋਂ ਬਾਅਦ ਹੱਕ ਤੀਜੇ ਨੰਬਰ ਉਪਰ ਹੈ। 83 ਇੱਕ ਰੋਜ਼ਾ ਅਰਧ ਸੈਂਕੜਿਆਂ ਦੇ ਨਾਲ ਉਹ ਸਚਿਨ ਤੋਂ ਬਾਅਦ ਸਭ ਤੋਂ ਵੱਧ ਅਰਧ ਸੈਂਕੜੇ ਲਗਾਉਣ ਵਾਲਾ ਬੱਲੇਬਾਜ਼ ਹੈ। ਉਸ ਤੋਂ ਵੱਧ ਸਿਰਫ ਸਚਿਨ ਨੇ 96 ਅਰਧ ਸੈਂਕੜੇ ਲਗਾਏ ਹਨ। ਉਸ ਨੇ ਕੌਮਾਂਤਰੀ ਕ੍ਰਿਕਟ ਵਿੱਚ ਕੁੱਲ 20541 ਦੌੜਾਂ ਬਣਾਈਆਂ ਹਨ, ਜੋ ਕਿ ਪਾਕਿਸਤਾਨ ਵੱਲੋਂ ਦੌੜਾਂ ਬਣਾਉਣ ਵਿੱਚ ਪਹਿਲੇ ਨੰਬਰ ਉਤੇ ਹੈ।

ਬਤੌਰ ਖਿਡਾਰੀ ਸੰਨਿਆਸ ਲੈਣ ਤੋਂ ਬਾਅਦ ਇੰਜ਼ਮਾਮ ਪਾਕਿਸਤਾਨ ਟੀਮ ਦਾ ਕੰਸਲਟੈਂਟ ਵੀ ਰਿਹਾ। ਅਫਗਾਨਿਸਤਾਨ ਦੇ ਕੋਚ ਵਜੋਂ ਵੀ ਸੇਵਾਵਾਂ ਨਿਭਾਈਆਂ। ਉਸ ਦੀ ਕੋਚਿੰਗ ਹੇਠ ਅਫਗਾਨਿਸਤਾਨ ਨੇ 2016 ਦੇ ਟਵੰਟੀ-20 ਵਿਸ਼ਵ ਕੱਪ ਵਿੱਚ ਜ਼ਿੰਬਾਬਵੇ ਨੂੰ ਹਰਾਇਆ ਸੀ। ਉਹ ਪਾਕਿਸਤਾਨ ਟੀਮ ਦਾ ਮੁੱਖ ਚੋਣਕਾਰ ਵੀ ਰਿਹਾ। ਇੰਜ਼ਮਾਮ ਨੇ ਦੋ ਕਾਰੋਬਾਰ ਵੀ ਸ਼ੁਰੂ ਕੀਤੇ। ਇੱਕ ਮੀਟ ਸ਼ਾਪ ਅਤੇ ਇੱਕ ਕੱਪੜਿਆਂ ਦੇ ਸਟੋਰ ਦਾ, ਜਿਸ ਦਾ ਨਾਮ 'ਲੀਜੈਂਡ ਆਫ਼ ਹੱਕ' ਰੱਖਿਆ।

ਆਈ.ਸੀ.ਸੀ. ਵੱਲੋਂ ਕਰਵਾਏ ਮੈਚਾਂ ਵਿੱਚ ਇੰਜ਼ਮਾਮ ਏਸ਼ੀਆ ਇਲੈਵਨ ਅਤੇ ਵਿਸ਼ਵ ਇਲੈਵਨ ਵੱਲੋਂ ਵੀ ਖੇਡਿਆ ਹੈ। ਪਾਕਿਸਤਾਨ ਸਰਕਾਰ ਵੱਲੋਂ 2005 ਵਿੱਚ ਉਸ ਨੂੰ 'ਸਿਤਾਰਾ-ਏ-ਇਮਤਿਆਜ਼' ਦੇ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। ਇੰਜ਼ਮਾਮ ਦੀ ਗਿਣਤੀ ਹਮੇਸ਼ਾ ਪਾਕਿਸਤਾਨ ਕ੍ਰਿਕਟ ਦੇ ਬਿਹਤਰੀਨ ਬੱਲੇਬਾਜ਼ਾਂ 'ਚ ਹੁੰਦੀ ਰਹੇਗੀ, ਜਿਸ ਨੂੰ ਮਿਡਲ ਆਰਡਰ ਵਿੱਚ ਵਿਸ਼ਵ ਦੇ ਮਹਾਨ ਬੱਲੇਬਾਜ਼ਾਂ ਵਿੱਚੋਂ ਇੱਕ ਸਮਝਿਆ ਜਾਂਦਾ ਹੈ।

# ਬੇਬੇ

*'ਮਾਂ' ਸ਼ਬਦ ਭਾਵੇਂ ਨਿੱਕਾ ਹੈ, ਪਰ ਇਸ ਦੇ ਅਰਥ ਵਿਸ਼ਾਲ ਹਨ। ਮਾਂ ਦੇ ਪਿਆਰ ਦੀ ਕੋਈ ਪਰਿਭਾਸ਼ਾ ਨਹੀਂ; ਇਹ ਤਾਂ ਬਸ ਮਹਿਸੂਸ ਕੀਤਾ ਜਾ ਸਕਦਾ ਹੈ। ਔਲਾਦ ਲਈ ਮਾਂ ਦੇ ਤਰੱਦਦ, ਉਸ ਦੀਆਂ ਘਾਲਣਾਵਾਂ ਬੇਸ਼ਕ ਅਸੀਂ ਰੋਜ਼ਮੱਰ੍ਹਾ ਦੀ ਜ਼ਿੰਦਗੀ ਵਿੱਚ ਦੇਖਦੇ ਹਾਂ- ਪਰ ਜਿਸ ਸਿਖਰ 'ਤੇ ਪੁੱਜ ਮਾਂ ਲਾਡ ਲਡਾਉਂਦੀ ਹੈ, ਉਸ ਦੀ ਤੀਬਰਤਾ ਤੱਕ ਅਸੀਂ ਮਹਿਸੂਸ ਕਰ ਹੀ ਨਹੀਂ ਸਕਦੇ। ਜਦੋਂ ਮਾਂ ਦੀ ਘੁਰਕੀ ਹੀ ਪਿਆਰ ਪਰੁੱਚੀ ਹੁੰਦੀ ਹੈ, ਤਾਂ ਸਮਝੋ ਮਾਂ ਦਾ ਪਿਆਰ ਕਿਸ ਹੱਦ ਤੱਕ ਹੋਵੇਗਾ! ਐਵੇਂ ਤਾਂ ਨਹੀਂ ਕਿਹਾ ਗਿਆ, 'ਮਾਂ ਦੀਆਂ ਗਾਲ੍ਹਾਂ, ਘਿਓ ਦੀਆਂ ਨਾਲ੍ਹਾਂ।' ਪੇਸ਼ ਹੈ, ਮਾਂ ਦੇ ਕਲਾਵੇ ਦਾ ਅਹਿਸਾਸ ਕਰਾਉਂਦੀ ਐਸ. ਸਾਕੀ ਦੀ ਕਹਾਣੀ 'ਬੇਬੇ'। ਐਸ. ਸਾਕੀ ਸਹਿਜੇ-ਸਹਿਜੇ ਸਥਾਪਤ ਹੋਇਆ ਪੰਜਾਬੀ ਲੇਖਕ, ਕਹਾਣੀਕਾਰ ਅਤੇ ਨਾਵਲਕਾਰ ਹੈ। ਉਸ ਨੂੰ ਆਪਣੀ ਮਾਂ-ਬੋਲੀ ਵਿੱਚ ਲਿਖਣਾ ਤੇ ਛਪਣਾ ਚੰਗਾ ਲੱਗਦਾ ਹੈ। 1986 ਵਿੱਚ ਪ੍ਰਕਾਸ਼ਿਤ ਆਪਣੇ ਪਹਿਲੇ ਕਹਾਣੀ ਸੰਗ੍ਰਹਿ 'ਇੱਕ ਬਟਾ ਦੋ ਆਦਮੀ' ਨਾਲ ਆਪਣਾ ਸਾਹਿਤਕ ਸਫ਼ਰ ਸ਼ੁਰੂ ਕਰ ਕੇ ਸਾਕੀ ਪੰਜਾਬੀ ਸਾਹਿਤ ਨੂੰ ਕਈ ਕਹਾਣੀ ਸੰਗ੍ਰਹਿ ਅਤੇ ਨਾਵਲ ਦੇ ਚੁੱਕਾ ਹੈ।*

ਕਹਾਣੀ

**ਐਸ. ਸਾਕੀ**

ਰਾਤੀਂ ਰੋਟੀ-ਟੁੱਕ ਤੋਂ ਵਿਹਲੀ ਹੋ ਕੇ ਮਾਂ ਚਰਖਾ ਡਾਹ ਲੈਂਦੀ। ਗੁਆਂਢ ਦੀਆਂ ਚਾਰ-ਪੰਜ ਔਰਤਾਂ ਵੀ ਮਾਂ ਨਾਲ ਆ ਮਿਲਦੀਆਂ। ਉਨ੍ਹਾਂ ਨਾਲ ਮੇਰੀ ਵੱਡੀ ਭੈਣ ਵੀਰੋ ਵੀ ਹੁੰਦੀ। ਉਹ ਗੱਲਾਂ ਕਰਦੀਆਂ ਅਤੇ ਗੀਤ ਗਾਉਂਦੀਆਂ ਹੋਈਆਂ ਸੂਤ ਕੱਤਦੀਆਂ, ਉਸ ਨੂੰ ਰੰਗਦੀਆਂ, ਫਿਰ ਉਸ ਦੀਆਂ ਦਰੀਆਂ ਬੁਣਦੀਆਂ ਜਾਂ ਕਈ ਵਾਰੀ ਜੁਲਾਹੇ ਕੋਲੋਂ ਖੇਸ ਜਾਂ ਚਤਹੀਆਂ ਤਿਆਰ ਕਰਵਾਉਂਦੀਆਂ। ਇਹ ਕੋਈ 50 ਵਰ੍ਹੇ ਪਹਿਲਾਂ ਦੀ ਗੱਲ ਹੈ।

ਘਰ ਵਿੱਚ ਮੈਂ ਜਾਂ ਵੱਡਾ ਭਰਾ ਦਲਜੀਤ ਅਕਸਰ ਅਜਿਹਾ ਹੁੰਦਾ ਵੇਖਦੇ ਰਹਿੰਦੇ ਸੀ। ਉਸ ਵੇਲੇ ਮੈਨੂੰ ਤਾਂ ਕੁਝ ਨਹੀਂ ਸੀ ਕਰਨਾ ਪੈਂਦਾ, ਪਰ ਦਲਜੀਤ ਜ਼ਰੂਰ ਮਾਂ ਅਤੇ ਭੈਣ ਦੀ ਮਦਦ ਕਰਦਾ ਰਹਿੰਦਾ। ਮਾਂ ਨੇ ਜੇ ਕੋਈ ਵੀ ਕੰਮ ਕਰਵਾਉਣਾ ਹੁੰਦਾ ਤਾਂ ਉਹ ਦਲਜੀਤ ਨੂੰ ਹੀ ਕਰਨ ਲਈ ਆਖਦੀ। ਮੇਰੀ ਕਿਸੇ ਵੀ ਥਾਂ ਕੋਈ ਪੁੱਛ ਨਾ ਪੈਂਦੀ। ਮੇਰਾ ਮਨ ਕਰਦਾ ਕਿ ਬੇਬੇ ਮੈਨੂੰ ਵੀ ਕੋਈ ਕੰਮ ਕਰਨ ਨੂੰ ਕਹੇ, ਪਰ ਮੈਨੂੰ ਹਰ ਵਾਰੀ ਛੋਟਾ ਜਾਂ ਗ਼ੈਰ-ਜ਼ਿੰਮੇਵਾਰ ਸਮਝ ਕੇ ਕਿਸੇ ਵੀ ਕੰਮ ਦੇ ਨੇੜੇ ਨਾ ਲੱਗਣ ਦਿੱਤਾ ਜਾਂਦਾ।

ਇੱਕ ਦਿਨ ਬਹੁਤ ਅਜੀਬ ਜਿਹੀ ਗੱਲ ਹੋਈ। ਬੇਬੇ ਚਰਖੇ 'ਤੇ ਰੂੰ ਦੀਆਂ ਪੂਣੀਆਂ ਨਹੀਂ ਸਗੋਂ ਹੋਰ ਹੀ ਕੁਝ ਕੱਤ ਰਹੀ ਸੀ। ਇਸ ਬਾਰੇ ਦਲਜੀਤ ਨੂੰ ਤਾਂ ਪਤਾ ਸੀ, ਪਰ ਜਦੋਂ ਮੈਂ ਉਸ ਕੋਲੋਂ ਇਸ ਦੀ ਜਾਣਕਾਰੀ ਲੈਣੀ ਚਾਹੀ ਤਾਂ ਉਹ ਮੈਨੂੰ ਖਿੱਝ ਕੇ ਪਿਆ। ਇੱਕ ਵਾਰੀ ਤਾਂ ਮੈਂ ਚੁੱਪ ਹੋ ਗਿਆ, ਪਰ ਸਾਰੀ ਗੱਲ ਜਾਣਨ ਲਈ ਜਿਵੇਂ ਮੇਰੇ ਢਿੱਡ ਵਿੱਚ ਉੱਥਲ-ਪੁੱਥਲ ਮਚਦੀ ਰਹੀ।

"ਬੇਬੇ, ਤੂੰ ਇਹ ਕੀ ਕੱਤ ਰਹੀ ਹੈਂ?" ਜਦੋਂ ਮੇਰੇ ਕੋਲੋਂ ਨਾ ਰਿਹਾ ਗਿਆ ਤਾਂ ਮੈਂ ਮਾਂ ਨੂੰ ਪੁੱਛ ਹੀ ਲਿਆ। ਪਹਿਲੀ ਵਾਰੀ ਬੇਬੇ ਨੇ ਇਹਦਾ ਕੋਈ ਜਵਾਬ ਨਾ ਦਿੱਤਾ ਸਗੋਂ ਉਹ ਉਸੇ ਤਰ੍ਹਾਂ ਚੁੱਪਚਾਪ ਸੂਤ ਕੱਤਦੀ ਰਹੀ। ਕੋਈ ਜਵਾਬ ਨਾ ਪਾ ਕੇ ਮੈਂ ਗਲੀ ਵਿੱਚ ਖੇਡਣ ਨਿਕਲ ਗਿਆ। ਥੋੜ੍ਹੇ ਚਿਰ ਬਾਅਦ ਮੈਂ ਖੇਡ ਕੇ ਘਰ ਮੁੜਿਆ ਤਾਂ ਮਾਂ ਅਜੇ ਵੀ ਚਰਖਾ ਚਲਾ ਰਹੀ ਸੀ। ਮੈਂ ਮੁੜ ਬੇਬੇ ਕੋਲੋਂ ਉਹੀ ਗੱਲ ਪੁੱਛੀ, "ਬੇਬੇ ਤੂੰ ਆਹ ਕੀ ਕੱਤ ਰਹੀ ਹੈਂ?"

"ਇਹ ਉੱਨ ਹੈ।" ਮੇਰੇ ਵੱਲ ਬਿਨਾ ਦੇਖਿਆ ਮਾਂ ਬੋਲੀ, ਪਰ ਮੈਨੂੰ ਕੁਝ ਸਮਝ ਨਾ ਆਈ। ਮੈਂ ਫਿਰ ਬੋਲਿਆ, "ਬੇਬੇ ਉੱਨ ਕੀ ਹੁੰਦੀ ਹੈ?"

"ਵੇ ਕਮਲਿਆ, ਤੈਨੂੰ ਉੱਨ ਦਾ ਵੀ ਪਤਾ ਨਹੀਂ। ਉੱਨ ਕੱਤ ਕੇ ਉਹਦੇ ਗਰਮ ਕੱਪੜੇ ਬਣਦੇ ਨੇ। ਇਹ ਸਾਰਾ ਕੁਝ ਮੈਂ ਤੇਰੇ ਲਈ ਹੀ ਤਾਂ ਕਰ ਰਹੀ ਹਾਂ।"

ਮੈਨੂੰ ਲੱਗਾ ਜਿਵੇਂ ਇਹ ਆਖਦਿਆਂ ਮੇਰੇ ਲਈ ਬੇਬੇ ਦੇ ਮਨ ਵਿੱਚ ਅਥਾਹ ਪਿਆਰ ਉਮੜ ਆਇਆ ਸੀ, ਪਰ ਮੈਨੂੰ ਤਾਂ ਵੀ ਪੂਰੀ ਗੱਲ ਦੀ ਸਮਝ ਨਾ ਆਈ।

"ਬੇਬੇ, ਤੂੰ ਮੇਰੇ ਲਈ ਕੀ ਕਰ ਰਹੀ ਹੈਂ?" ਸਾਰੀ ਜਾਣਕਾਰੀ ਲੈਣ ਲਈ ਮੈਂ ਪੁੱਛਿਆ। ਚਰਖਾ ਚਲਾਉਂਦੀ ਮਾਂ ਦੇ ਹੱਥ ਕੁਝ ਚਿਰ ਲਈ ਰੁਕ ਗਏ, "ਪਹਿਲਾਂ ਪੁੱਤ ਮੈਂ ਇਸ ਨੂੰ ਕੱਤਾਂਗੀ। ਫਿਰ ਮੈਂ ਇਸ ਨੂੰ ਰੰਗ ਕੇ ਜੁਲਾਹੇ ਕੋਲ ਕੱਪੜਾ ਬੁਣਨ ਲਈ ਭੇਜਾਂਗੀ। ਜਦੋਂ ਕੱਪੜਾ ਬਣ ਜਾਵੇਗਾ ਤਾਂ ਮੈਂ ਤੇਰੇ ਲਈ ਕੋਟ ਬਣਵਾਵਾਂਗੀ।"

ਮਾਂ ਦੀ ਇਸ ਗੱਲ ਤੋਂ ਮੈਂ ਉਸ ਦੇ ਚਿਹਰੇ ਵੱਲ ਵੇਖਣ ਲੱਗਾ। ਮੈਨੂੰ ਜਿਵੇਂ ਉਸ ਦੀ ਗੱਲ 'ਤੇ ਯਕੀਨ ਹੀ ਨਹੀਂ ਆ ਰਿਹਾ ਸੀ। ਉਸ ਦੀ ਗੱਲ ਸੁਣ ਕੇ ਗਰਮ ਕੋਟ ਜਿਵੇਂ ਮੈਂ ਆਪਣੀਆਂ ਅੱਖਾਂ ਸਾਹਮਣੇ ਲੈ ਆਇਆ, ਕਿਉਂਕਿ ਉਦੋਂ ਗਰਮ ਕੋਟ ਸਿਰਫ਼ ਵੱਡੇ ਘਰਾਂ ਦੇ ਮੁੰਡੇ ਹੀ ਪਹਿਨਦੇ ਸਨ। ਅਸੀਂ ਆਮ ਜਿਹੇ ਮੁੰਡੇ ਤਾਂ ਮੋਟੇ ਕੱਪੜਿਆਂ ਨਾਲ ਹੀ ਸਰਦੀ ਲੰਘਾ ਦਿੰਦੇ ਸਾਂ। ਮੈਂ ਚਰਖੇ ਕੋਲ ਬੈਠਾ ਮਾਂ ਰਾਹੀਂ ਕੱਤਿਆ ਗਲੋਟਾ ਹੱਥ ਵਿੱਚ ਲੈ ਕੇ ਉਸ ਨੂੰ ਸਹਿਲਾਉਣ ਲੱਗਾ।

ਇਸ ਤੋਂ ਬਾਅਦ ਜਿਵੇਂ ਮੈਂ ਬਦਲ ਗਿਆ। ਮੈਂ ਸਾਰਾ ਦਿਨ ਚਾਅ ਨਾਲ ਭਰਿਆ ਰਹਿੰਦਾ। ਮੈਨੂੰ ਮਾਂ ਕੋਲੋਂ ਇਹ ਜਾਣ ਕੇ ਹੋਰ ਵੀ ਖ਼ੁਸ਼ੀ ਹੋਈ ਕਿ ਇਹ ਕੋਟ ਸਿਰਫ਼ ਮੇਰੇ ਲਈ ਹੀ ਬਣਾਇਆ ਜਾ ਰਿਹਾ ਸੀ; ਵੱਡੇ ਭਰਾ ਦਲਜੀਤ ਲਈ ਨਹੀਂ। ਪਹਿਲਾਂ ਮੈਂ ਸਕੂਲੋਂ ਘਰ ਆ ਰੋਟੀ ਖਾ ਕੇ ਬਾਹਰ ਖੇਡਣ ਲਈ ਨਿਕਲ ਜਾਂਦਾ ਤੇ ਘਰ ਦਾ ਕੋਈ ਕੰਮ ਨਹੀਂ ਕਰਦਾ ਸੀ। ਹੁਣ ਦਲਜੀਤ ਤਾਂ ਭਾਵੇਂ ਘਰੋਂ ਬਾਹਰ ਚਲਿਆ ਜਾਂਦਾ, ਪਰ ਮੈਂ ਸਾਰਾ-ਸਾਰਾ ਦਿਨ ਘਰ ਹੀ ਰਹਿੰਦਾ। ਮਾਂ ਦੇ ਮੂੰਹੋਂ ਨਿਕਲੀ ਛੋਟੀ ਤੋਂ ਛੋਟੀ ਗੱਲ ਨੂੰ ਪੂਰਾ ਕਰਨ ਲਈ ਜਿਵੇਂ ਮੈਨੂੰ ਤਾਂ ਚਾਅ ਚੜ੍ਹ ਜਾਂਦਾ। ਮੈਂ ਨੱਸ-ਨੱਸ ਕੇ ਕੰਮ ਕਰਨ ਦੀ ਕੋਸ਼ਿਸ਼ ਕਰਦਾ। ਭਾਵੇਂ ਥੋੜ੍ਹੀ ਠੰਢ ਆ ਗਈ ਸੀ, ਪਰ ਤਾਂ ਵੀ ਮੈਂ ਦਿਨ ਵਿੱਚ ਬੇਬੇ ਨੂੰ ਤਿੰਨ ਚਾਰ ਵਾਰੀ ਪਾਣੀ ਪਿਲਾਉਂਦਾ। ਜੇ ਬੇਬੇ ਕਿਤੇ ਦਲਜੀਤ ਨੂੰ ਕੋਈ ਕੰਮ ਕਰਨ ਲਈ ਆਖ ਵੀ ਦਿੰਦੀ ਤਾਂ ਮੈਂ ਹੀ ਨੱਸ ਕੇ ਉਹ ਕੰਮ ਕਰਨ ਲਈ ਟੁਰ ਪੈਂਦਾ। ਮੈਨੂੰ ਲੱਗਦਾ ਜਿਵੇਂ ਅਜਿਹਾ ਕਰਨ 'ਤੇ ਬੇਬੇ ਨੂੰ ਮੇਰੇ 'ਤੇ ਬਹੁਤ ਪਿਆਰ ਆਵੇਗਾ ਅਤੇ ਉਹ ਕੋਟ ਲਈ ਹੋਰ ਵਧੀਆ ਸੂਤ ਕੱਤੇਗੀ।

ਕਈ ਵਾਰ ਗੁਆਂਢ ਦੀਆਂ ਔਰਤਾਂ ਅੱਠ-ਨੌਂ ਵਜੇ ਰਾਤ ਤੀਕ ਸੂਤ ਕੱਤ ਕੇ ਆਪਣੇ-ਆਪਣੇ ਘਰਾਂ ਨੂੰ ਚਲੀਆਂ ਜਾਂਦੀਆਂ, ਪਰ ਬੇਬੇ ਹੋਰ ਰਾਤ ਗਏ ਤੀਕ ਵੱਡੀ ਭੈਣ ਨਾਲ ਮਿਲ ਕੇ ਉੱਨ ਕੱਤਦੀ ਰਹਿੰਦੀ। ਜਿੰਨੀ ਦੇਰ ਤਕ ਚਰਖਾ ਚੱਲਦਾ, ਮੈਂ ਜਾਗਦਾ ਰਹਿੰਦਾ। ਫਿਰ ਇੱਕ ਦਿਨ ਅਜਿਹਾ ਵੀ ਆਇਆ ਕਿ ਕੱਤਣ ਦਾ ਸਾਰਾ ਕੰਮ ਮੁੱਕ ਗਿਆ। ਅਗਲੇ ਦਿਨ ਹੱਟੀ ਤੋਂ ਰੰਗ ਲਿਆ ਕੇ ਬੇਬੇ ਨੇ ਚੁੱਲ੍ਹੇ 'ਤੇ ਗਰਮ ਪਾਣੀ ਕਰਕੇ ਰੰਗ ਪਕਾਉਣਾ ਸੀ। ਮੇਰੇ ਕੋਲੋਂ ਚੁੱਲ੍ਹੇ ਵਿੱਚ ਪਾਥੀਆਂ ਲਾ ਕੇ ਅੱਗ ਤਾਂ ਨਾ ਬਾਲੀ ਗਈ, ਪਰ ਮੈਂ ਬੇਬੇ ਨੂੰ ਪਾਥੀਆਂ ਜ਼ਰੂਰ ਫੜਾਉਂਦਾ ਰਿਹਾ। ਉਸ ਦਿਨ ਮੈਂ ਬੇਬੇ ਅਤੇ ਵੱਡੀ ਭੈਣ ਦੇ ਬਹੁਤ ਕਿਹਾਂ ਵੀ ਸਕੂਲ ਨਹੀਂ ਗਿਆ। ਮੈਂ ਵੇਖਣਾ ਚਾਹੁੰਦਾ ਸਾਂ ਕਿ ਉਹ ਕਿਵੇਂ ਅੱਗ ਬਾਲਣਗੀਆਂ, ਪਾਣੀ ਉਬਾਲਣਗੀਆਂ, ਕਿਵੇਂ ਰੰਗ ਪਕਾਉਣਗੀਆਂ ਅਤੇ ਫਿਰ ਮਿਲ ਕੇ ਕਿਵੇਂ ਸੂਤ ਨੂੰ ਰੰਗਣਗੀਆਂ- ਜਿਸ ਨੂੰ ਬੁਣ ਕੇ ਮੇਰੇ ਕੋਟ ਲਈ ਕੱਪੜਾ ਤਿਆਰ ਹੋਵੇਗਾ।

ਜੁਲਾਹਾ ਸੂਤ ਲੈ ਗਿਆ। ਉਹ ਦਸ ਦਿਨਾਂ ਬਾਅਦ ਮੁੜ ਆਉਣ ਲਈ ਕਹਿ ਗਿਆ, ਪਰ ਮੈਂ ਅਗਲੇ ਦਿਨ ਸਵੇਰੇ ਹੀ ਉਸ ਦੇ ਘਰ ਪਹੁੰਚ ਗਿਆ।

"ਚਾਚਾ ਕੱਪੜਾ ਤਿਆਰ ਹੋ ਗਿਆ?"

ਮੇਰੇ ਇਸ ਸਵਾਲ 'ਤੇ ਜੁਲਾਹਾ ਬੋਲਿਆ ਤਾਂ ਕੁਝ ਨਹੀਂ, ਪਰ ਉਸ ਨੇ ਮੇਰੇ ਵੱਲ ਇਸ ਤਰ੍ਹਾਂ ਵੇਖਿਆ ਜਿਵੇਂ ਮੈਂ ਕਮਲਾ ਹੋਵਾਂ ਜਿਹੜਾ ਅਗਲੇ ਦਿਨ ਹੀ ਕੱਪੜੇ ਦਾ ਸੁਆਲ ਲੈ ਕੇ ਉਸ ਦੇ ਬੂਹੇ 'ਤੇ ਪਹੁੰਚ ਗਿਆ ਸੀ। ਜਿੰਨੇ ਦਿਨ ਕੱਪੜਾ ਨਾ ਆਇਆ, ਮੈਂ ਸਕੂਲੋਂ ਘਰ ਆ ਕੇ ਬੇਬੇ ਨੂੰ ਜ਼ਰੂਰ ਪੁੱਛਦਾ ਰਿਹਾ, "ਬੇਬੇ ਕੀ ਜੁਲਾਹਾ ਕੱਪੜਾ ਦੇ ਗਿਆ?"

ਮਸਾਂ ਹੀ ਦਸ ਦਿਨ ਲੰਘੇ। ਜਦੋਂ ਇੱਕ ਦਿਨ ਮੈਂ ਸਕੂਲੋਂ ਘਰ ਮੁੜਿਆ ਤਾਂ ਜੁਲਾਹਾ ਬੁਣ ਕੇ ਫੜਾ ਗਿਆ ਸੀ। ਮੈਂ ਰੋਜ਼ ਵਾਂਗ ਮਾਂ ਨਾਲ ਕੱਪੜੇ ਦੀ ਗੱਲ ਕੀਤੀ ਤਾਂ ਉਸ ਨੇ ਕੋਠੜੀ ਵੱਲ ਇਸ਼ਾਰਾ ਕਰ ਦਿੱਤਾ। ਇਹ ਸੁਣਦਿਆਂ ਮੈਂ ਬਸਤਾ ਇੱਕ ਪਾਸੇ ਵਗਾਹ ਮਾਰਿਆ ਅਤੇ ਕੋਠੜੀ ਵਿੱਚ ਜਾ ਪਲਾਂ ਵਿੱਚ ਕੋਟ ਦਾ ਕੱਪੜਾ ਲੈ ਕੇ ਬਾਹਰ ਆ ਗਿਆ। ਮੈਨੂੰ ਤਾਂ ਯਕੀਨ ਹੀ ਨਹੀਂ ਸੀ ਆ ਰਿਹਾ ਕਿ ਮਾਂ ਅਤੇ ਭੈਣ ਨੇ ਮੇਰੇ ਲਈ ਸੱਚਮੁੱਚ ਹੀ ਕੋਟ ਦਾ ਕੱਪੜਾ ਤਿਆਰ ਕਰਵਾ ਦਿੱਤਾ ਸੀ। ਮੈਂ ਕਿੰਨਾ ਚਿਰ ਕੱਪੜੇ ਨੂੰ ਵਾਰ-ਵਾਰ ਹੱਥ ਲਾ ਕੇ ਵੇਖਦਾ ਰਿਹਾ।

ਸਾਡੀ ਗਲੀ ਵਿੱਚ ਚਾਚਾ ਪ੍ਰੀਤਮ ਸਿੰਘ ਰਹਿੰਦਾ ਸੀ। ਉਹ ਪਟਿਆਲੇ ਵਿੱਚ ਰਾਜੇ ਦੇ ਮਹਿਲਾਂ ਦਾ ਦਰਜ਼ੀ ਸੀ। ਉਹ ਰਾਣੀਆਂ ਦੇ ਕੱਪੜੇ ਸਿਊਣ ਵਿੱਚ ਮਾਹਿਰ ਸੀ। ਮੇਰੀ ਬੇਬੇ ਨੂੰ ਉਹ ਭਾਬੀ ਆਖਦਾ ਸੀ ਅਤੇ ਮੈਂ ਤੇ ਦਲਜੀਤ ਉਸ ਨੂੰ ਚਾਚਾ ਸੱਦਦੇ ਸਾਂ। ਉਹ ਕਦੇ-ਕਦਾਈਂ ਗਲੀ ਵਾਲਿਆਂ ਦੇ ਕੱਪੜੇ ਵੀ ਸਿਉਂ ਦਿੰਦਾ ਸੀ। ਇਹ ਵੱਖਰੀ ਗੱਲ ਕਿ ਉਹ ਸੱਤ ਦਿਨ ਕਹਿ ਕੇ ਕਈ ਵਾਰ ਕਈ ਮਹੀਨਿਆਂ ਤੀਕ ਕੱਪੜੇ ਸਿਉਂ ਕੇ ਨਹੀਂ ਸੀ ਮੋੜਦਾ।

"ਆ ਭਾਬੀ, ਬਹਿ ਜਾ," ਬਾਹਰਲੀ ਬੈਠਕ ਵਿੱਚ ਦਾਖਲ ਹੁੰਦੀ ਮਾਂ ਨੂੰ ਵੇਖ ਉਸ ਨੇ ਕਿਹਾ।

"ਵੇ ਪ੍ਰੀਤਮ ਬੈਠਣਾ ਕਾਹਦਾ, ਆਹ ਤੇਰਾ ਛੋਟਾ ਭਤੀਜਾ ਹੈਗਾ। ਇਸ ਦੇ ਕੋਟ ਦਾ ਕੱਪੜਾ ਲੈ ਕੇ ਆਈ ਹਾਂ। ਤੂੰ ਛੇਤੀ ਹੀ ਸਿਉਂ ਦੇਈਂ, ਉਪਰੋਂ ਠੰਢ ਵੀ ਤਾਂ ਉਤਰਦੀ ਆ ਰਹੀ ਹੈ।" ਮਾਂ ਨੇ ਸ਼ਾਇਦ ਇਹ ਇਸ ਕਰਕੇ ਆਖਿਆ ਸੀ ਕਿਉਂਕਿ ਪ੍ਰੀਤਮ ਚਾਚੇ ਬਾਰੇ ਉਹ ਜਾਣਦੀ ਸੀ ਕਿ ਉਹ ਕਦੇ ਵੀ ਕਿਸੇ ਦਾ ਕੱਪੜਾ ਵਕਤ 'ਤੇ ਸਿਉਂ ਕੇ ਨਹੀਂ ਦਿੰਦਾ ਸੀ। ਚਾਚੇ ਨੇ ਮੇਰੇ ਕੋਟ ਦਾ ਮੇਚ ਲੈ ਲਿਆ।

"ਵੇ ਕਦੋਂ ਦੇਵੇਂਗਾ ਇਹ ਕੋਟ?"

"ਭਾਬੀ, ਹਫ਼ਤਾ ਭਰ ਤਾਂ ਲੱਗ ਹੀ ਜਾਵੇਗਾ। ਜੇ ਸੱਚ ਪੁੱਛੇਂ ਭਾਬੀ, ਮੇਰੇ ਕੋਲ ਤਾਂ ਪਹਿਲਾਂ ਹੀ ਮਹਿਲ ਦੇ ਕੱਪੜਿਆਂ ਦਾ ਢੇਰ ਲੱਗਿਆ ਪਿਆ। ਪਤਾ ਨਹੀਂ ਲੱਗਦਾ ਇਹ ਰਾਣੀਆਂ ਇੰਨੇ ਕੱਪੜਿਆਂ ਦਾ ਕਰਦੀਆਂ ਕੀ ਨੇ?

ਸਾਡੀਆਂ ਤ੍ਰੀਮਤਾਂ ਤਾਂ ਇੱਕ ਸੂਟ ਨਾਲ ਵਰ੍ਹਾ ਲੰਘਾ ਦਿੰਦੀਆਂ ਨੇ।"

"ਤੂੰ ਹਫ਼ਤੇ ਮਗਰੋਂ ਕੋਟ ਦੇ ਦੇਵੇਂਗਾ ਨਾ...?" ਬੇਬੇ ਨੇ ਗੱਲ ਅਧੂਰੀ ਛੱਡ ਦਿੱਤੀ ਜਿਵੇਂ ਉਹ ਪ੍ਰੀਤਮ ਛੀਂਬੇ ਕੋਲੋਂ ਪੱਕੀ ਹਾਂ ਕਰਵਾਉਣੀ ਚਾਹੁੰਦੀ ਸੀ।

"ਭਾਬੀ, ਮੈਂ ਭਲਾ ਤੇਰੇ ਅੱਗੇ ਝੂਠ ਕਿਵੇਂ ਬੋਲ ਸਕਦਾਂ। ਮੈਂ ਕੋਟ ਸੱਤ ਦਿਨਾਂ ਬਾਅਦ ਹੀ ਦੇ ਦੇਵਾਂਗਾ।"

ਪਤਾ ਨਹੀਂ ਮੈਨੂੰ ਇਹ ਸਭ ਹੋਣਾ ਕਿਉਂ ਚੰਗਾ ਨਾ ਲੱਗਾ। ਮੇਰਾ ਮਨ ਕਰ ਰਿਹਾ ਸੀ ਕਿ ਪ੍ਰੀਤਮ ਚਾਚੇ ਨੂੰ ਕਹਾਂ ਕਿ ਉਹ ਇੱਕ ਰਾਤ ਵਿੱਚ ਹੀ ਮੇਰਾ ਕੋਟ ਸਿਉਂ ਦੇਵੇ। ਉਸ ਵੇਲੇ ਸੱਤ ਦਿਨ ਮੈਨੂੰ ਸੱਤ ਵਰ੍ਹਿਆਂ ਜਿੱਡੇ ਲੱਗੇ, ਪਰ ਬੇਬੇ ਦੇ ਹੁੰਦਿਆਂ ਮੈਂ ਚਾਚੇ ਨੂੰ ਕੁਝ ਨਾ ਕਹਿ ਸਕਿਆ। ਮੈਂ ਬੇਬੇ ਨਾਲ ਘਰ ਮੁੜ ਆਇਆ। ਹੁਣ ਮੈਨੂੰ ਇੱਕ ਨਵਾਂ ਹੀ ਕੰਮ ਲੱਭ ਗਿਆ ਸੀ। ਮੈਂ ਸਕੂਲੋਂ ਘਰ ਆ ਕੇ ਰਾਤ ਗਿਆਂ ਤੀਕ ਗਲੀ ਦੇ ਸ਼ੁਰੂ 'ਚ ਪੈਂਦੇ ਪ੍ਰੀਤਮ ਚਾਚੇ ਦੇ ਘਰ ਮੂਹਰੇ ਨੂੰ ਦਸ ਚੱਕਰ ਮਾਰਦਾ। ਮੈਂ ਰੋਜ਼ ਕੋਈ ਨਾ ਕੋਈ ਬਹਾਨਾ ਬਣਾ ਕੇ ਉਨ੍ਹਾਂ ਦੇ ਘਰ ਪਹੁੰਚ ਜਾਂਦਾ, ਪਰ ਹਰ ਵਾਰੀ ਮੈਨੂੰ ਪ੍ਰੀਤਮ ਚਾਚਾ ਰਾਣੀਆਂ ਦੇ ਕੱਪੜੇ ਸਿਊਂਦਾ ਹੋਇਆ ਹੀ ਦਿਖਾਈ ਦਿੰਦਾ।

'ਇਹ ਮੇਰਾ ਕੋਟ ਕਿਉਂ ਨਹੀਂ ਸਿਊਂਦਾ?' ਪਰ ਇਹ ਸਵਾਲ ਪ੍ਰੀਤਮ ਚਾਚੇ ਕੋਲੋਂ ਨਾ ਪੁੱਛ ਸਕਾਂ। ਇਹ ਸੋਚਿਆਂ ਕਿ ਮਤੇ ਉਹ ਮੇਰੇ ਨਾਲ ਗੁੱਸੇ ਹੋ ਕੇ ਮੇਰਾ ਕੋਟ ਸਿਊਣ ਲਈ ਹੋਰ ਵੱਧ ਦਿਨ ਲਾ ਦੇਵੇ ਜਾਂ ਜਾਣ ਕੇ ਉਸ ਨੂੰ ਖ਼ਰਾਬ ਹੀ ਨਾ ਕਰ ਦੇਵੇ।

"ਚਾਚਾ ਜੀ, ਤੁਸੀਂ ਮੇਰਾ ਕੋਟ...?" ਜਦੋਂ ਇੱਕ ਦਿਨ ਮੇਰੇ ਕੋਲੋਂ ਨਾ ਰਿਹਾ ਗਿਆ ਤਾਂ ਮੈਂ ਇਹ ਸੁਆਲ ਪ੍ਰੀਤਮ ਚਾਚੇ ਨੂੰ ਪਾ ਹੀ ਦਿੱਤਾ।



ਗੁਰਦੀਸ਼ ਪੰਨੂ ਦਾ ਇੱਕ ਚਿੱਤਰ

"ਬੱਸ ਪੁੱਤ, ਕੱਲ੍ਹ ਉਹਦਾ ਹੀ ਨੰਬਰ ਲੱਗੇਗਾ। ਕੱਲ੍ਹ ਸਵੇਰੇ ਸ਼ੁਰੂ ਕਰਾਂਗੇ ਉਸ ਨੂੰ!" ਫਿਰ ਕੀ, ਮੈਂ ਕੋਟ ਦੇ ਚਾਅ 'ਚ ਰਾਤ ਮਸਾਂ ਹੀ ਕੱਟੀ ਤੇ ਅਗਲਾ ਦਿਨ ਚੜ੍ਹਨ ਦਾ ਇੰਤਜ਼ਾਰ ਕਰਨ ਲੱਗਾ। ਸਵੇਰੇ ਤਿਆਰ ਹੋ ਕੇ ਮੈਂ ਸਕੂਲ ਚਲਾ ਗਿਆ। ਚਾਚੇ ਪ੍ਰੀਤਮ ਦੇ ਘਰ ਅੱਗਿਓਂ ਲੰਘਦਿਆਂ ਮੈਂ ਉੱਧਰ ਸਰਸਰੀ ਜਿਹੀ ਨਜ਼ਰ ਮਾਰੀ, ਪਰ ਉਨ੍ਹਾਂ ਦੀ ਬੈਠਕ ਬਾਹਰਲੀ ਬਾਰੀ ਅਤੇ ਬੂਹਾ ਬੰਦ ਸਨ। ਮੈਂ ਕੁਝ ਚਿਰ ਲਈ ਚੁੱਪਚਾਪ ਖੜ੍ਹਾ ਉਨ੍ਹਾਂ ਵੱਲ ਵੇਖਦਾ ਰਿਹਾ। ਸੋਚਿਆ ਕਿ ਇੱਕ ਵਾਰ ਬੰਦ ਬੂਹਾ ਖੜਕਾ ਕੇ ਪੁੱਛਾਂ ਕਿ ਉਸ ਨੇ ਕੋਟ ਸਿਊਣਾ ਸ਼ੁਰੂ ਕਰ ਦਿੱਤਾ ਜਾਂ ਨਹੀਂ, ਪਰ ਪਤਾ ਨਹੀਂ ਕੀ ਸੋਚ ਕੇ ਮੈਂ ਬੰਦ ਬੂਹੇ ਨੂੰ ਛੱਡ ਕੇ ਸਕੂਲ ਚਲਾ ਗਿਆ। ਸਕੂਲੇ ਪੜ੍ਹਾਈ 'ਚ ਮੇਰਾ ਉੱਕਾ ਹੀ ਮਨ ਨਾ ਲੱਗਾ।

ਦੁਪਹਿਰ ਵੇਲੇ ਸਾਰੀ ਛੁੱਟੀ ਬਾਅਦ ਮੈਂ ਘਰ ਵੱਲ ਪਰਤ ਪਿਆ। ਜਦੋਂ ਮੈਂ ਪ੍ਰੀਤਮ ਚਾਚੇ ਦੇ ਘਰ ਨੇੜੇ ਪਹੁੰਚਿਆ ਤਾਂ ਉਸ ਦੀ ਬੈਠਕ ਦਾ ਬਾਹਰਲਾ ਬੂਹਾ ਖੁੱਲ੍ਹਾ ਸੀ। ਮੇਰੇ ਪੈਰ ਕੁਝ ਪਲਾਂ ਲਈ ਰੁਕ ਗਏ। ਜਦੋਂ ਮੈਂ ਖੁੱਲ੍ਹੇ ਬੂਹੇ ਰਾਹੀਂ ਅੰਦਰ ਝਾਤੀ ਮਾਰੀ ਤਾਂ ਪ੍ਰੀਤਮ ਚਾਚਾ ਫੱਟੇ 'ਤੇ ਕੱਪੜਾ ਰੱਖੀ ਮੇਰੇ ਕੋਟ ਦੀ ਕਟਾਈ ਕਰ ਰਿਹਾ ਸੀ। ਮੇਰਾ ਮਨ ਕੀਤਾ ਕਿ ਮੈਂ ਪ੍ਰੀਤਮ ਚਾਚੇ ਨੂੰ ਕੋਟ ਬਾਰੇ ਕਈ ਸਵਾਲ ਕਰਾਂ, ਪਰ ਅਜਿਹਾ ਨਾ ਕਰ ਸਕਿਆ। ਇਹੋ ਸੋਚ ਮਤੇ ਕੈਂਚੀ ਚਲਾਉਂਦਿਆਂ ਚਾਚੇ ਕੋਲੋਂ ਕੋਈ ਭੁੱਲ ਨਾ ਹੋ ਜਾਵੇ। ਉਸ ਦਿਨ ਮੈਂ ਚੱਜ ਨਾਲ ਰੋਟੀ ਵੀ ਨਾ ਖਾਧੀ। ਹਨੇਰੇ ਹੋਏ ਤੀਕ ਜਾਂ ਤਾਂ ਮੈਂ ਉਸ ਗਲੀ ਵਿੱਚ ਚੱਕਰ ਮਾਰਦਾ ਰਿਹਾ ਜਾਂ ਤਿੰਨ ਚਾਰ ਵਾਰੀ ਕੋਈ ਨਾ ਕੋਈ ਬਹਾਨਾ ਬਣਾ ਕੇ ਪ੍ਰੀਤਮ ਚਾਚੇ ਦੀ ਬੈਠਕ ਵਿੱਚ ਜਾ ਵੜਿਆ।

ਅਗਲਾ ਦਿਨ ਐਤਵਾਰ ਦਾ ਸੀ। ਛੁੱਟੀ ਹੋਣ ਕਰਕੇ ਉਸ ਦਿਨ ਮੈਂ ਉੱਕਾ ਹੀ ਵਿਹਲਾ ਸੀ। ਉਸ ਦਿਨ ਮੈਂ ਪ੍ਰੀਤਮ ਚਾਚੇ ਦੇ ਹੱਥਾਂ 'ਚ ਕੋਟ ਨੂੰ ਜੁਆਨ ਹੁੰਦੇ ਵੇਖਿਆ। ਉਸ ਸ਼ਾਮ ਮੇਰੀ ਖ਼ੁਸ਼ੀ ਦੀ ਕੋਈ ਹੱਦ ਹੀ ਨਹੀਂ ਸੀ, ਜਦੋਂ ਬੇਬੇ ਪ੍ਰੀਤਮ ਚਾਚੇ ਕੋਲੋਂ ਕੋਟ ਲੈ ਕੇ ਆਈ। ਅਗਲੇ ਦਿਨ ਸਵੇਰ ਸਾਰ ਸਾਰੇ ਘਰ ਵਿੱਚ ਸਭ ਤੋਂ ਪਹਿਲਾਂ ਜਾਗਣ ਵਾਲਾ ਮੈਂ ਹੀ ਸੀ। ਜਾਗਣ ਸਾਰ ਪਹਿਲਾਂ ਮੈਂ ਕੋਠੜੀ ਵਿੱਚ ਗਿਆ, ਜਿੱਥੇ ਰਾਤ ਵੇਲੇ ਬੇਬੇ ਨੇ ਮੇਰੇ ਸਾਹਮਣੇ ਕੋਟ ਪੇਟੀ 'ਤੇ ਧਰਿਆ ਸੀ। ਕੋਟ ਅਜੇ ਵੀ ਉੱਥੇ ਹੀ ਪਿਆ ਸੀ। ਪਹਿਲਾਂ ਮੈਂ ਕੋਟ ਨੂੰ ਛੂਹ ਕੇ ਵੇਖਿਆ। ਫਿਰ ਇਉਂ ਪੋਲਾ ਪੋਲਾ ਹੱਥ ਫੇਰਨ ਲੱਗਾ ਜਿਵੇਂ ਮੇਰੇ ਸਾਹਮਣੇ ਕੋਟ ਨਾ ਹੋ ਕੇ ਚਿੜੀ ਦਾ ਬੋਟ ਪਿਆ ਸੀ। ਫਿਰ ਮੈਂ ਦਿਨ ਚੜ੍ਹਨ ਦਾ ਇੰਤਜ਼ਾਰ ਕਰਨ ਲੱਗਾ। ਮੈਂ ਸਭ ਤੋਂ ਪਹਿਲਾਂ ਨਲਕੇ 'ਤੇ ਨਹਾ ਕੇ ਸਕੂਲ ਜਾਣ ਲਈ ਤਿਆਰ ਹੋ ਗਿਆ।

"ਵੇ ਛੋਟੇ, ਤੂੰ ਅੱਜ ਇੰਨੀ ਸਦੇਹਾਂ ਕਿਉਂ ਨਹਾ ਲਿਆ?" ਵਿਹੜੇ ਵਿੱਚ ਝਾੜੂ ਮਾਰਦੀ ਬੇਬੇ ਨੇ ਕਿਹਾ।

"ਬੇਬੇ, ਅੱਜ ਸਕੂਲ ਵੀ ਤਾਂ ਜਾਣਾ ਹੈ।"

"ਵੇ ਚੰਦਰਿਆ, ਸਕੂਲ ਤਾਂ ਕਿਤੇ ਦਿਨ ਚੜ੍ਹੇ ਜਾ ਕੇ ਲੱਗਦਾ, ਪਰ ਤੂੰ ਆਹ ਸਵੇਰੇ ਹੀ...।"

ਮਾਂ ਦੇ ਅਜਿਹੇ ਸੁਆਲਾਂ ਤੋਂ ਬਚਣ ਲਈ ਮੈਂ ਕੋਠੜੀ ਵੱਲ ਨੂੰ ਜਾਣ ਲੱਗਾ ਤਾਂ ਪਿੱਛੋਂ ਬੇਬੇ ਦੀ ਆਵਾਜ਼ ਸੁਣਾਈ ਦਿੱਤੀ।

"ਵੇ ਅੱਜ ਕੋਟ ਪਹਿਨ ਕੇ ਨਾ ਜਾਈਂ। ਅਜੇ ਇੰਨਾ ਸੀਤ ਨਹੀਂ ਪੈਣ ਲੱਗਾ।"

ਪਰ ਮੈਂ ਤਾਂ ਬੇਬੇ ਦੀ ਗੱਲ ਅਣਸੁਣੀ ਹੀ ਕਰ ਦਿੱਤੀ। ਮੈਂ ਕੋਠੜੀ ਵਿੱਚੋਂ ਕੋਟ ਚੁੱਕ ਕੇ ਬਾਹਰ ਵਿਹੜੇ ਵਿੱਚ ਆ ਗਿਆ। ਬੇਬੇ ਨੇ ਘਰ ਦਾ ਕੰਮ ਮੁਕਾਇਆ। ਸਾਡੇ ਲਈ ਰੋਟੀ ਤਿਆਰ ਕੀਤੀ, ਪਰ ਇਸ ਅਰਸੇ ਵਿੱਚ ਉਸ ਨੇ ਮੈਨੂੰ ਕੁਝ ਨਹੀਂ ਕਿਹਾ। ਸ਼ਾਇਦ ਉਹ ਮੇਰੇ ਮਨ 'ਚ ਵਸੇ ਨਵੇਂ ਕੋਟ ਵਾਲੇ ਚਾਅ ਤੋਂ ਚੰਗੀ ਤਰ੍ਹਾਂ ਵਾਕਫ਼ ਸੀ। ਮੈਂ ਕੁੜਤੇ ਪਜਾਮੇ ਨਾਲ ਨਵਾਂ ਕੋਟ ਪਹਿਨ ਕੇ ਸਕੂਲ ਨੂੰ ਟੁਰ ਪਿਆ। ਸੜਕ 'ਤੇ ਤੁਰਿਆ ਜਾਂਦਾ ਮੈਂ ਚੋਰ ਅੱਖ ਨਾਲ ਲੋਕਾਂ ਵੱਲ ਝਾਤ ਵੀ ਮਾਰ ਲੈਂਦਾ ਸਾਂ ਕਿ ਲੋਕ ਮੇਰੇ ਨਵੇਂ ਕੋਟ ਨੂੰ ਜ਼ਰੂਰ ਵੇਖ ਰਹੇ ਹੋਣਗੇ। ਮੈਨੂੰ ਲੱਗ ਰਿਹਾ ਸੀ ਜਿਵੇਂ ਸਾਰੇ ਲੋਕਾਂ ਦੀਆਂ ਨਜ਼ਰਾਂ ਮੇਰੇ ਕੋਟ 'ਤੇ ਹੀ ਟਿਕੀਆਂ ਹੋਣ।

ਸਕੂਲ 'ਚ ਸਾਰੀ ਛੁੱਟੀ ਹੁੰਦਿਆਂ ਤਕ ਮੇਰਾ ਬਹੁਤਾ ਵਕਤ ਚਾਅ ਭਰਿਆ ਲੰਘਿਆ। ਮੇਰੇ ਦੋ ਤਿੰਨ ਮਿੱਤਰਾਂ ਨੇ ਮੇਰੇ ਕੋਟ ਦੀ ਗੱਲ ਕੀਤੀ ਤਾਂ ਮੈਨੂੰ ਬਹੁਤ ਹੀ ਚੰਗਾ ਲੱਗਾ। ਮੇਰੇ ਮਨ ਵਿੱਚ ਇਸ ਗੱਲ ਦਾ ਮਲਾਲ ਰਿਹਾ ਕਿ ਪੀਰੀਅਡ ਦੀ ਹਰ ਘੰਟੀ ਵੱਜਣ 'ਤੇ ਨਵੇਂ ਅਧਿਆਪਕ ਜਮਾਤ ਵਿੱਚ ਤਾਂ ਆਏ, ਪਰ ਉਨ੍ਹਾਂ ਵਿੱਚੋਂ ਕਿਸੇ ਨੇ ਵੀ ਮੇਰੇ ਨਾਲ ਕੋਟ ਦੀ ਗੱਲ ਨਹੀਂ ਕੀਤੀ। ਉਹ ਤਾਂ ਬੱਸ ਸਾਰੇ ਹੀ ਆਪਣੀ ਆਕੜ ਵਿੱਚ ਕਲਾਸ 'ਚ ਆ ਕੇ ਬੱਚਿਆਂ ਨੂੰ ਪੜ੍ਹਾ ਕੇ ਕਲਾਸ 'ਚੋਂ ਬਾਹਰ ਨਿਕਲਦੇ ਰਹੇ। ਸਾਰੀ ਛੁੱਟੀ ਬਾਅਦ ਮੁੰਡੇ ਸਕੂਲ ਸਾਹਮਣੇ ਬਣੇ ਪਾਰਕ ਵਿੱਚ ਅਕਸਰ ਕਬੱਡੀ ਦੇ ਇੱਕ ਦੋ ਪਾਲੇ ਖੇਡ ਕੇ ਘਰ ਨੂੰ ਜਾਂਦੇ ਸਨ। ਉਨ੍ਹਾਂ ਵਿੱਚ ਮੈਂ ਵੀ ਸ਼ਾਮਿਲ ਹੁੰਦਾ ਸਾਂ, ਸਗੋਂ ਮੈਂ ਆਪਣੀ ਟੀਮ ਦਾ ਮੋਢੀ ਵੀ ਮੰਨਿਆ ਜਾਂਦਾ ਸਾਂ।

ਕਬੱਡੀ ਖੇਡਦਿਆਂ ਇਹ ਕੋਟ ਜ਼ਰੂਰ ਮੈਲਾ ਹੋ ਜਾਵੇਗਾ। ਇਹ ਜੋਗਿੰਦਰ ਦਾ ਕੀ ਪਤਾ ਇਸ ਨੂੰ ਹੱਥ ਨਾਲ ਖਿੱਚ ਕੇ ਫਾੜ ਹੀ ਦੇਵੇ। ਇਸ ਤੋਂ ਚੰਗਾ ਮੈਂ ਕੋਟ ਲਾਹ ਹੀ ਦੇਵਾਂ। ਜੋਗਿੰਦਰ ਵਿਰੋਧੀ ਪਾਰਟੀ ਦਾ ਖਿਡਾਰੀ ਸੀ। ਇਹ ਸੋਚ ਮੈਂ ਆਪਣਾ ਨਵਾਂ ਕੋਟ ਲਾਹ ਕੇ ਪਾਰਕ ਦੇ ਇੱਕ ਵੱਡੇ ਬੂਟੇ 'ਤੇ ਧਰ ਦਿੱਤਾ। ਸੋਚਿਆ ਮੁੜਦਿਆਂ ਪਹਿਨ ਲਵਾਂਗਾ। ਕਬੱਡੀ ਸ਼ੁਰੂ ਹੋ ਗਈ। ਖੇਡ ਵਿੱਚ ਮੈਂ ਇੰਨਾ ਮਸਤ ਹੋ ਗਿਆ ਕਿ ਘਰ ਪਰਤਦਿਆਂ ਕੋਟ ਦਾ ਚੇਤਾ ਹੀ ਨਾ ਰਿਹਾ। ਮੈਂ ਘਰ ਪਹੁੰਚਿਆ ਤਾਂ ਬੇਬੇ ਗੁਆਂਢ 'ਚ ਚੌਧਰੀਆਂ ਦੇ ਘਰ ਗਈ ਹੋਈ ਸੀ। ਮੈਨੂੰ ਉੱਕਾ ਹੀ ਯਾਦ ਨਹੀਂ ਸੀ ਕਿ ਮੈਂ ਆਪਣਾ

⇒ ਬਾਕੀ ਅਗਲੇ ਸਫੇ ਉੱਤੇ ਪੜ੍ਹੋ

ਸੱਚੋ-ਸੱਚ


**ਡਾ. ਨਿਸ਼ਾਨ ਸਿੰਘ ਰਾਠੌਰ**
**ਪਿੱਪਲੀ, ਕੁਰੂਕਸ਼ੇਤਰ**
**ਫੋਨ: +91-9041498009**




# ਸੋਸ਼ਲ ਮੀਡੀਆ ਬਨਾਮ ਬੌਧਿਕ ਪੱਧਰ

ਅੱਜ ਦਾ ਜ਼ਮਾਨਾ ਤਕਨੀਕ ਦਾ ਜ਼ਮਾਨਾ ਹੈ। ਮਸ਼ੀਨਾਂ ਨੇ ਮਨੁੱਖ ਨੂੰ ਵਿਹਲਾ ਕਰਕੇ ਰੱਖ ਦਿੱਤਾ ਹੈ। ਦਿਨਾਂ ਦੇ ਕੰਮ ਘੰਟਿਆਂ ਵਿੱਚ ਅਤੇ ਘੰਟਿਆਂ ਦੇ ਕੰਮ ਮਿੰਟਾਂ ਵਿੱਚ ਹੋਣ ਲੱਗੇ ਹਨ। ਮਨੁੱਖ ਦੀ ਜ਼ਿੰਦਗੀ ਪਹਿਲਾਂ ਨਾਲੋਂ ਤੇਜ ਅਤੇ ਆਰਾਮਦਾਇਕ ਹੋ ਗਈ ਹੈ। ਪ੍ਰੰਤੂ ਇੰਨਾ ਕੁਝ ਹੋਣ ਦੇ ਬਾਵਜੂਦ ਅੱਜ ਦਾ ਮਨੁੱਖ ਆਪਣੇ ਮਨ ਦਾ ਚੈਨ ਗੁਆ ਬੈਠਾ ਹੈ। ਸਮਾਜ ਦੀ ਮੌਜੂਦਾ ਸਥਿਤੀ ਵੱਲ ਨਜ਼ਰ ਮਾਰੀਏ ਤਾਂ ਇੰਝ ਲੱਗਦਾ ਹੈ ਕਿ ਅਜੋਕਾ ਮਨੁੱਖ ਜਿੱਥੇ ਆਪਣੀਆਂ ਜੜ੍ਹਾਂ ਨਾਲੋਂ ਟੁੱਟ ਗਿਆ ਹੈ, ਉੱਥੇ ਹੀ ਮਾਨਸਿਕ ਰੋਗਾਂ ਦਾ ਸ਼ਿਕਾਰ ਵੀ ਵੱਡੀ ਗਿਣਤੀ ਵਿੱਚ ਹੋ ਰਿਹਾ ਹੈ। ਇਸਦਾ ਮੂਲ ਕਾਰਨ ਹੈ, ਮਨੁੱਖ ਵਿੱਚੋਂ ਕੋਮਲ ਸੰਵੇਦਨਾਵਾਂ ਦਾ ਅਲੋਪ ਹੋ ਜਾਣਾ/ ਮਨੁੱਖ ਦਾ 'ਮਸ਼ੀਨ' ਬਣ ਜਾਣਾ। ਖ਼ੈਰ!

ਯਕੀਨਨ, ਸੋਸ਼ਲ ਮੀਡੀਆ ਦੀ ਆਮਦ ਨੇ ਲੋਕਾਂ ਦੇ ਬੌਧਿਕ ਪੱਧਰ ਨੂੰ ਪੂਰੀ ਦੁਨੀਆਂ ਸਾਹਮਣੇ ਲਿਆ ਕੇ ਰੱਖ ਦਿੱਤਾ ਹੈ। ਅੱਜ ਲੋਕ ਬੇਸ਼ੱਕ ਪੜ੍ਹ-ਲਿਖ ਗਏ ਹਨ, ਪਰ ਬਹੁਤੇ ਤਾਂ ਲਿਆਕਤ, ਸਮਝ ਅਤੇ ਵਿਹਾਰ ਪੱਖੋਂ ਬਿਲਕੁਲ ਫਾਡੀ ਹੀ ਕਹੇ ਜਾ ਸਕਦੇ ਹਨ। ਮਨੁੱਖ ਵਿੱਚੋਂ ਸਮਾਜਿਕਤਾ ਖ਼ਤਮ ਹੋ ਗਈ ਜਾਪਦੀ ਹੈ। ਨਿੱਜਤਾ ਦੇ ਨਾਂ 'ਤੇ ਮਨੁੱਖ ਇਕਲਾਪੇ ਦਾ ਸ਼ਿਕਾਰ ਹੋ ਗਿਆ ਹੈ। ਸਾਂਝੇ ਪਰਿਵਾਰ ਬੀਤੇ ਵਕਤ ਦੀਆਂ ਬਾਤਾਂ ਹੋ ਗਈਆਂ ਹਨ।

ਲੋਕਾਂ, ਖ਼ਾਸ ਕਰਕੇ ਸਾਡੇ ਪੰਜਾਬੀਆਂ ਨੂੰ ਮੁਫ਼ਤ ਦੀ ਕੋਈ ਚੀਜ਼ ਹਜ਼ਮ ਨਹੀਂ ਹੁੰਦੀ ਜਾਂ ਇੰਝ ਕਹਿ ਲਓ ਕਿ ਵਰਤਣੀ ਨਹੀਂ ਆਉਂਦੀ। ਪਹਿਲੀ ਗੱਲ ਤਾਂ ਇਹ (ਪੰਜਾਬੀ ਲੋਕ) ਮੁਫ਼ਤ ਮਿਲੀ ਚੀਜ਼ ਨੂੰ ਮੂੰਹ ਹੀ ਨਹੀਂ ਲਾਉਂਦੇ ਜਾਂ ਫਿਰ ਇੰਨੀ ਵਰਤਦੇ ਹਨ ਕਿ ਦੁਰਵਰਤੋਂ ਹੀ ਸ਼ੁਰੂ ਕਰ ਦਿੰਦੇ ਹਨ। ਅੱਜ ਦੇ ਦੌਰ ਵਿੱਚ ਸੋਸ਼ਲ ਮੀਡੀਆ ਇਸਦੀ ਜਿਉਂਦੀ-ਜਾਗਦੀ ਮਿਸਾਲ ਕਹੀ ਜਾ ਸਕਦੀ ਹੈ।

ਆਮ ਹੀ ਕਹਾਵਤ ਹੈ, ਬਾਂਦਰ ਦੇ ਹੱਥ ਤੀਲੀ ਆ ਜਾਵੇ ਤਾਂ ਉਹ ਸ਼ਹਿਰ ਦੇ ਸ਼ਹਿਰ/ ਬਸਤੀਆਂ ਦੀਆਂ ਬਸਤੀਆਂ ਸਾੜ ਕੇ ਸੁਆਹ ਕਰ ਦੇਵੇਗਾ। ਬੱਸ ਇਹੋ ਹਾਲ ਸਾਡਾ ਲੋਕਾਂ ਦਾ ਹੋਇਆ ਪਿਆ ਹੈ। ਇਨ੍ਹਾਂ ਕੋਲ ਸੋਸ਼ਲ ਮੀਡੀਆ ਨਾਂ ਦੀ ਮਾਚਿਸ ਦੀ ਤੀਲੀ ਹੱਥ ਲੱਗੀ ਹੋਈ ਹੈ, ਇਨ੍ਹਾਂ ਨੇ ਸਮਾਜ ਨੂੰ ਸਾੜ ਕੇ ਸੁਆਹ ਕਰ ਦੇਣਾ ਹੈ। ਅੱਜ ਇੰਝ ਜਾਪਦਾ ਹੈ ਕਿ ਸੋਸ਼ਲ ਮੀਡੀਆ ਦੀ ਵਰਤੋਂ ਕਰਕੇ ਹਰ ਕੋਈ ਕਲਾਕਾਰ/ਪੱਤਰਕਾਰ ਬਣ ਗਿਆ ਹੈ। ਹਰ ਰੋਜ਼ ਹਜ਼ਾਰਾਂ ਹੀ ਪੋਸਟਾਂ ਅਤੇ ਵੀਡੀਓਜ਼ ਇੰਟਰਨੈੱਟ 'ਤੇ ਅਪਲੋਡ ਹੁੰਦੀਆਂ ਹਨ, ਜਿਨ੍ਹਾਂ ਦਾ ਕੋਈ ਸਿਰ-ਪੈਰ ਨਹੀਂ ਹੁੰਦਾ; ਜਿਨ੍ਹਾਂ ਵਿੱਚ 'ਕਲਾ' ਨਾਂ ਦੀ ਕੋਈ ਸ਼ੈਅ ਨਹੀਂ ਹੁੰਦੀ। ਇਨ੍ਹਾਂ ਪੋਸਟਾਂ ਅਤੇ ਵੀਡੀਓਜ਼ ਵਿੱਚ ਕਿਸੇ ਤਰ੍ਹਾਂ ਦਾ ਕੋਈ ਸਾਰਥਕ ਸੁਨੇਹਾ ਵੀ ਨਹੀਂ ਹੁੰਦਾ, ਪਰ ਪੰਜਾਬੀਆਂ ਨੇ ਇਸ ਵਾਧੂ ਕੰਮ ਨੂੰ ਆਪਣੀ ਜ਼ਿੰਦਗੀ ਦਾ ਅਹਿਮ ਹਿੱਸਾ ਬਣਾ ਲਿਆ ਹੈ। ਇਹ ਸੱਚਮੁੱਚ ਬਹੁਤ ਮੰਦਭਾਗੀ ਅਤੇ ਨਾਮੋਸ਼ੀ ਭਰੀ ਗੱਲ ਹੈ।



ਅੱਜ ਕੀ ਬੱਚਾ ਤੇ ਕੀ ਬੁੱਢਾ! ਘੰਟਿਆਂ-ਬੱਧੀ ਮੋਬਾਇਲ ਫੋਨਾਂ 'ਤੇ ਆਪਣਾ ਕੀਮਤੀ ਟਾਈਮ ਖ਼ਰਾਬ ਕਰਦੇ ਦੇਖੇ ਜਾ ਸਕਦੇ ਹਨ। ਹਾਂ; ਪੜ੍ਹਾਈ ਅਤੇ ਸਿੱਖਿਆ ਪੱਖੋਂ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਦੀ ਵਰਤੋਂ ਲਾਹੇਵੰਦ ਕਹੀ ਜਾ ਸਕਦੀ ਹੈ, ਪ੍ਰੰਤੂ ਫ਼ਿਜ਼ੂਲ ਦੇ ਕੰਮਾਂ ਕਰਕੇ ਆਪਣੇ ਜੀਵਨ ਦਾ ਕੀਮਤੀ ਵਕਤ ਖ਼ਰਾਬ ਕਰਨਾ ਕਿਸੇ ਪਾਸੇ ਤੋਂ ਵੀ ਸਿਆਣਪ ਨਹੀਂ ਹੈ। ਸੋਸ਼ਲ ਮੀਡੀਆ ਕਰਕੇ ਅਕਸਰ ਹੀ ਅਫ਼ਵਾਹਾਂ ਦਾ ਬਾਜ਼ਾਰ ਗਰਮ ਹੋ ਜਾਂਦਾ ਹੈ। ਲੋਕ ਬਿਨਾ ਜਾਂਚ-ਪੜਤਾਲ ਕੀਤਿਆਂ ਕੁਮੈਂਟ ਅਤੇ ਟਿੱਪਣੀਆਂ ਕਰਨ ਲੱਗਦੇ ਹਨ। ਇਸ ਨਾਲ ਕਈ ਵਾਰ ਸ਼ਹਿਰ, ਸੂਬੇ ਅਤੇ ਮੁਲਕ ਦਾ ਮਾਹੌਲ ਖ਼ਰਾਬ ਹੋ ਜਾਂਦਾ ਹੈ। ਇਸੇ ਲਈ ਦੰਗੇ ਜਾਂ ਫਿਰਕੂ ਹਿੰਸਾ ਦੇ ਮਾਮਲੇ ਵਿੱਚ ਸਰਕਾਰਾਂ ਸਭ ਤੋਂ ਪਹਿਲਾਂ ਇੰਟਰਨੈੱਟ 'ਤੇ ਹੀ ਪਾਬੰਦੀ ਲਾਉਂਦੀਆਂ ਹਨ ਤਾਂ ਕਿ ਅਫ਼ਵਾਹਾਂ 'ਤੇ ਕਾਬੂ ਪਾਇਆ ਜਾ ਸਕੇ ਅਤੇ ਸ਼ਰਾਰਤੀ ਅਨਸਰ ਆਪਣੇ ਮਨਸੂਬਿਆਂ ਵਿੱਚ ਕਾਮਯਾਬ ਨਾ ਹੋ ਸਕਣ।

ਅੱਜ ਸੋਸ਼ਲ ਮੀਡੀਆ 'ਤੇ ਝੱਲਿਆਂ, ਸ਼ਦਾਈਆਂ ਅਤੇ ਬੇਵਕੂਫਾਂ ਦੀਆਂ ਪੋਸਟਾਂ ਅਤੇ ਵੀਡੀਓਜ਼ ਨੂੰ ਸਭ ਤੋਂ ਵੱਧ ਵੇਖਿਆ ਜਾਂਦਾ ਹੈ, ਪ੍ਰਚਾਰਿਆ ਜਾਂਦਾ ਹੈ। ਹਾਸੇ-ਠੱਠੇ ਵਿੱਚ ਹੀ ਇਹ 'ਕਮਲੇ' ਸਾਡੇ ਬੱਚਿਆਂ ਦੇ ਰੋਲ ਮਾਡਲ ਬਣ ਗਏ ਹਨ। ਅੱਜ ਬੱਚਿਆਂ ਨੂੰ ਦਸ ਗੁਰੂ ਸਾਹਿਬਾਨ ਦੇ ਨਾਮ ਭਾਵੇਂ ਨਹੀਂ ਪਤਾ, ਪਰ ਫਿਲਮੀ ਐਕਟਰਾਂ ਦੀ ਪੂਰੀ ਜਾਣਕਾਰੀ ਹੈ। ਖ਼ੈਰ! ਇਹ ਤਾਂ ਆਮ ਲੋਕਾਂ ਦੀ ਗੱਲ ਹੋਈ, ਪਰ ਹੁਣ ਪੜ੍ਹੇ-ਲਿਖੇ ਅਤੇ ਸਿਆਣੇ ਲੋਕ ਵੀ ਪਿੱਛੇ ਨਹੀਂ ਰਹੇ।

ਕੁਝ ਦਿਨ ਪਹਿਲਾਂ ਇੱਕ ਵੀਡੀਓ ਵਾਇਰਲ ਹੋਈ। ਇੱਕ ਪਸ਼ੂ ਦੀ ਲੱਤ ਟੁੱਟੀ ਹੋਈ ਹੈ। ਉਹ ਸੜਕ ਦੇ ਕਿਨਾਰੇ 'ਤੇ ਬੈਠਾ ਹੈ। ਇੱਕ 'ਸਿਆਣੇ' ਨੇ ਲਿਖਿਆ, "ਕੁਮੈਂਟ ਵਿੱਚ (ਧਾਰਮਿਕ ਸ਼ਬਦ) ਲਿਖੋ ਤਾਂ ਕਿ ਇਸ 'ਵਿਚਾਰੇ' ਦਾ ਦਰਦ ਘੱਟ ਹੋ ਜਾਵੇ!!" ਹੁਣ ਉਸ ਭੱਦਰ-ਪੁਰਸ਼ ਨੂੰ ਚਾਹੀਦਾ ਸੀ ਕਿ ਜ਼ਖ਼ਮੀ ਪਸ਼ੂ ਦਾ ਇਲਾਜ ਕਰਵਾਉਂਦਾ। ਪਰ ਸੋਸ਼ਲ ਮੀਡੀਆ 'ਤੇ ਵੀਡੀਓ ਪਾਉਣ ਨਾਲ ਉਸ ਜਾਨਵਰ ਦਾ ਦਰਦ ਕਿਵੇਂ ਘੱਟ ਹੋ ਸਕਦਾ ਹੈ?

ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓ ਚੀਨ ਜਾਂ ਜਪਾਨ ਦੀ ਹੁੰਦੀ ਹੈ। ਨਵੀਂ ਤਕਨੀਕ ਦੀ ਗੱਲ ਹੋ ਰਹੀ ਹੁੰਦੀ ਹੈ, ਪਰ ਸਾਡੇ ਲੋਕ ਧਾਰਮਿਕ (ਗੀਤ) ਐਡਿਟ ਕਰ- ਕਰਕੇ ਪਰਮਾਤਮਾ ਤੋਂ ਬਲਿਹਾਰੇ ਜਾ ਰਹੇ ਹੁੰਦੇ ਹਨ। ਚੀਨ, ਜਪਾਨ ਵਾਲਿਆਂ ਨੂੰ ਭਾਵੇਂ ਚਿੱਤ-ਚੇਤਾ ਵੀ ਨਾ ਹੋਵੇ ਕਿ ਉਹ ਕਿਸੇ 'ਰੱਬੀ ਨਿਆਮਤ' ਦੀ ਵਰਤੋਂ ਕਰ ਰਹੇ ਹਨ।

ਪਿੱਛੇ ਜਿਹੇ ਇੱਕ ਮਸਜਦ, ਜਿਸਦਾ ਨਾਂ ਅੱਲ ਨਬਵੀ ਹੈ ਅਤੇ ਇਹ ਸਾਊਦੀ ਅਰਬ ਵਿੱਚ ਸਥਿਤ ਹੈ, ਦੀ ਵੀਡੀਓ ਵਾਇਰਲ ਹੋਈ। ਦਰਅਸਲ ਇਸ ਮਸਜਿਦ ਦੀ ਛੱਤ ਖੁੱਲ੍ਹ ਜਾਂਦੀ ਹੈ, ਇਹ ਕੋਈ ਕ੍ਰਿਸ਼ਮਾ, ਕਰਾਮਾਤ ਜਾਂ ਅਗੰਮੀ ਸ਼ਕਤੀ ਦਾ ਪ੍ਰਭਾਵ ਨਹੀਂ ਬਲਕਿ ਕਾਰੀਗਰਾਂ ਦੀ ਮਿਹਨਤ ਦਾ ਕਮਾਲ ਹੈ। ਇੰਗਲੈਂਡ ਵਿੱਚ ਇੱਕ ਪੁਲ਼ ਹੈ, ਜਿਸਨੂੰ 'ਲੰਡਨ ਬ੍ਰਿਜ' ਕਹਿੰਦੇ ਹਨ; ਉਹ ਵੀ ਖੁੱਲ੍ਹ ਜਾਂਦਾ ਹੈ। ਇਹ ਕੋਈ ਰੱਬੀ ਚਮਤਕਾਰ ਦਾ ਨਤੀਜਾ ਨਹੀਂ ਹੈ ਬਲਕਿ ਮਨੁੱਖੀ ਮਿਹਨਤ ਦਾ ਸਿੱਟਾ ਹੈ। ਪਰ ਸਾਡੇ ਲੋਕਾਂ ਨੇ ਧਾਰਮਿਕ ਗੀਤਾਂ 'ਤੇ ਵੀਡੀਓਜ਼ ਐਡਿਟ ਕਰ-ਕਰ ਕੇ 'ਅਗੰਮੀ ਸ਼ਕਤੀਆਂ' ਦਾ ਧੰਨਵਾਦ ਕਰਨ ਪੱਖੋਂ ਕੋਈ ਕਸਰ ਨਹੀਂ ਛੱਡੀ।

ਭਾਰਤ ਵਿੱਚ ਹਰ ਰੋਜ਼ ਐਸੇ ਸੈਂਕੜੇ ਪਾਖੰਡੀ ਬਾਬਿਆਂ ਦੀਆਂ ਵੀਡੀਓਜ਼ ਵਾਇਰਲ ਹੁੰਦੀਆਂ ਹਨ, ਜਿਹੜੇ ਅਖੌਤੀ ਚਮਤਕਾਰ ਕਰਕੇ ਆਮ ਲੋਕਾਂ ਨੂੰ ਮੂਰਖ਼ ਬਣਾ ਰਹੇ ਹੁੰਦੇ ਹਨ। ਲੋਕ ਧੜਾਧੜ ਅਜਿਹੀਆਂ ਵੀਡੀਓਜ਼ ਨੂੰ ਸ਼ੇਅਰ ਵੀ ਕਰਦੇ ਹਨ। ਦੂਜੇ ਪਾਸੇ ਹੈਰਾਨੀ ਅਤੇ ਹੱਦ ਉਦੋਂ ਹੁੰਦੀ ਹੈ, ਜਦੋਂ ਵਿਦਵਾਨਾਂ ਦੇ ਲੇਖ, ਲੈਕਚਰ, ਵੀਡੀਓਜ਼ ਅਤੇ ਹੋਰ ਲਾਹੇਵੰਦ ਵਿਚਾਰਾਂ ਨੂੰ ਕੋਈ ਸੁਣਦਾ-ਦੇਖਦਾ ਨਹੀਂ। ਫੇਰ ਸਿਆਣਪ ਕਿੱਥੋਂ ਆਉਣੀ ਹੈ? ਫੇਰ ਤਾਂ ਬੇਵਕੂਫਾਂ ਨੇ ਹੀ ਸਾਡੇ ਮਨਾਂ 'ਤੇ ਪ੍ਰਭਾਵ ਪਾਉਣਾ ਹੈ ਅਤੇ ਅਸੀਂ ਮੂਰਖ਼ ਬਣਨਾ ਹੈ।

ਉੱਪਰ ਕੀਤੀ ਗਈ ਵਿਚਾਰ-ਚਰਚਾ ਦੇ ਆਧਾਰ 'ਤੇ ਇਹ ਨਹੀਂ ਕਿਹਾ ਜਾ ਸਕਦਾ ਕਿ ਸੋਸ਼ਲ ਮੀਡੀਆ ਅਸਲੋਂ ਹੀ ਮਾੜਾ ਹੈ, ਪ੍ਰੰਤੂ ਬਿਨਾ ਸੋਚੇ-ਸਮਝੇ, ਅੰਨ੍ਹੇਵਾਹ ਪੋਸਟਾਂ ਅਤੇ ਵੀਡੀਓਜ਼ ਨੂੰ ਫਾਰਵਡ ਕਰੀ ਜਾਣਾ; ਅਫ਼ਵਾਹਾਂ ਦੇ ਭਾਗੀਦਾਰ ਬਣੀ ਜਾਣਾ; ਨਿਰੀ ਮੂਰਖ਼ਤਾ ਹੈ, ਹੋਰ ਕੁਝ ਨਹੀਂ। ਸਭ ਤੋਂ ਪਹਿਲਾਂ ਪੋਸਟ ਜਾਂ ਵੀਡੀਓ ਦੀ ਪ੍ਰਮਾਣਿਕਤਾ ਜਾਂਚ ਲੈਣੀ ਚਾਹੀਦੀ ਹੈ, ਫੇਰ ਹੀ ਅੱਗੇ ਭੇਜਣੀ ਚਾਹੀਦੀ ਹੈ। ਦੂਜੀ ਗੱਲ, ਮਿਹਨਤੀ ਲੋਕਾਂ ਦੀਆਂ ਪੋਸਟਾਂ, ਲੇਖ, ਲੈਕਚਰ ਜਾਂ ਵੀਡੀਓਜ਼ ਹੀ ਦੇਖਣੀਆਂ ਚਾਹੀਦੀਆਂ ਹਨ, ਜਿਨ੍ਹਾਂ ਵਿੱਚ ਕੋਈ ਸੇਧ ਹੋਵੇ, ਸਿੱਖਿਆ ਹੋਵੇ। ਐਵੇਂ ਕਿਸੇ 'ਲੱਲੂ' ਨੂੰ ਆਪਣੇ ਅਤੇ ਆਪਣੇ ਬੱਚਿਆਂ ਦੇ ਮਨਾਂ 'ਤੇ ਪ੍ਰਭਾਵ ਨਾ ਪਾਉਣ ਦਿਓ। ਚੰਗੇ ਸਮਾਜ ਦੀ ਸਿਰਜਣਾ ਵਿੱਚ ਸੋਸ਼ਲ ਮੀਡੀਆ ਦੀ ਵਰਤੋਂ ਰਾਹੀਂ ਆਪਣਾ ਹਿੱਸਾ ਪਾਓ, ਪਰ ਇਹ ਹੁੰਦਾ ਕਦੋਂ ਹੈ? ਇਹ ਅਜੇ ਭਵਿੱਖ ਦੀ ਕੁੱਖ ਵਿੱਚ ਹੈ।

# ਬੇਬੇ

ਨਵਾਂ ਕੋਟ ਪਾਰਕ ਵਿੱਚ ਭੁੱਲ ਆਇਆ ਸੀ।

ਦੁਪਹਿਰ ਦੀ ਰੋਟੀ ਖਾ ਕੇ ਮੈਂ ਬਾਹਰ ਖੇਡਣ ਚਲਾ ਗਿਆ। ਖਾਸਾ ਹਨੇਰਾ ਸੀ। ਮੈਂ ਗਲੀ 'ਚ ਵੜ ਪ੍ਰੀਤਮ ਚਾਚੇ ਦੇ ਘਰ ਮੂਹਰੇ ਪਹੁੰਚਿਆ ਤਾਂ ਅਚਾਨਕ ਮੈਨੂੰ ਪਾਰਕ ਵਿੱਚ ਭੁੱਲ ਚੁੱਕੇ ਕੋਟ ਦੀ ਯਾਦ ਆਈ। ਇੱਕ ਵਾਰੀ ਤਾਂ ਮੇਰਾ ਮਨ ਕੀਤਾ ਕਿ ਉਲਟੇ ਪੈਰੀਂ ਮੁੜ ਜਾਵਾਂ, ਪਰ ਹਨੇਰਾ ਹੋਣ ਕਰਕੇ ਮੈਂ ਅਜਿਹਾ ਨਾ ਕਰ ਸਕਿਆ। ਘਰ ਪਹੁੰਚਣ 'ਤੇ ਕਿਸੇ ਨੇ ਵੀ ਕੋਟ ਦੀ ਪੁੱਛ ਨਾ ਪਾਈ।

ਮੇਰਾ ਮਨ ਬਹੁਤ ਖ਼ਰਾਬ ਸੀ। ਮੇਰੇ ਕੋਲੋਂ ਚੱਜ ਨਾਲ ਰੋਟੀ ਵੀ ਨਹੀਂ ਖਾਧੀ ਗਈ। ਉਹ ਰਾਤ ਮੈਂ ਮਸਾਂ ਹੀ ਕੱਟੀ। ਕਈ ਵਾਰੀ ਮੇਰੀ ਅੱਖ ਖੁੱਲ੍ਹੀ ਅਤੇ ਹਰ ਵਾਰੀ ਮੈਨੂੰ ਕੋਟ ਚੇਤੇ ਆਉਂਦਾ ਰਿਹਾ। ਮੇਰਾ ਮਨ ਮੈਨੂੰ ਵਾਰ ਵਾਰ ਲਾਹਨਤਾਂ ਪਾਉਂਦਾ ਰਿਹਾ ਕਿ ਮੈਂ ਉਸੇ ਵੇਲੇ ਹਨੇਰੇ 'ਚ ਹੀ ਪਾਰਕ ਵਿੱਚ ਕੋਟ ਕਿਉਂ ਨਾ ਲੱਭਣ ਚਲਾ ਗਿਆ।

"ਵੇ ਤੂੰ ਇੰਨੇ ਸਾਝਰੇ ਕਿੱਥੇ ਚੱਲਿਆਂ?" ਸਵੇਰੇ ਹੀ ਬੇਬੇ ਨੇ ਮੈਨੂੰ ਬਿਨਾ ਕੁਝ ਖਾਧੇ ਪੀਤੇ ਸਕੂਲ ਵੱਲ ਜਾਂਦੇ ਨੂੰ ਪੁੱਛਿਆ।

"ਬੇਬੇ ਮੈਂ...," ਗੱਲ ਜਿਵੇਂ ਮੇਰੇ ਸੰਘ ਵਿੱਚ ਹੀ ਅਟਕੀ ਰਹਿ ਗਈ।

"ਵੇ ਤੇਰਾ ਕੋਟ ਕਿੱਥੇ?" ਬੇਬੇ ਦਾ ਇਹ ਅਗਲਾ ਸਵਾਲ ਸੀ, ਜਿਸ ਨੂੰ ਸੁਣ ਕੇ ਇੱਕ ਵਾਰੀ ਤਾਂ ਮੈਂ ਕੰਬ ਗਿਆ। ਮੈਨੂੰ ਲੱਗਾ ਜਿਵੇਂ ਬੇਬੇ ਨੇ ਮੇਰੀ ਚੋਰੀ ਫੜ ਲਈ ਸੀ। ਮੈਨੂੰ ਕੁਝ ਵੀ ਸਮਝ ਨਾ ਆਵੇ ਕਿ ਮਾਂ ਨੂੰ ਇਹਦਾ ਕੀ ਜਵਾਬ ਦੇਵਾਂ, ਪਰ ਮੈਂ ਤੁਰੰਤ ਆਪਣੇ ਆਪ ਨੂੰ ਸਾਂਭ ਲਿਆ।

"ਬੇਬੇ ਕੋਟ ਤਾਂ ਮੈਂ ਕੱਲ੍ਹ ਸਕੂਲ ਵਿੱਚ ਚਪੜਾਸੀ ਨੂੰ ਸੰਭਾਲ ਦਿੱਤਾ ਸੀ, ਕਬੱਡੀ ਖੇਡਦੇ ਹੋਏ ਉਹ ਮੈਲਾ ਜੋ ਹੋ ਜਾਂਦਾ।" ਇਹ ਗੱਲ ਸੋਲਾਂ ਆਨੇ ਝੂਠ ਸੀ, ਪਰ ਆਪਣੇ ਬਚਾਓ ਲਈ ਬੇਬੇ ਨੂੰ ਆਖ ਜਿਵੇਂ ਕੁਝ ਚਿਰ ਲਈ ਤਾਂ ਮੈਂ ਸਭ ਫ਼ਿਕਰਾਂ ਤੋਂ ਸੁਰਖਰੂ ਹੋ ਗਿਆ ਸੀ। ਮੈਂ ਤੇਜ਼ ਤੇਜ਼ ਕਦਮ ਪੁੱਟਦਾ ਸਕੂਲ ਸਾਹਮਣੇ ਬਣੇ ਪਾਰਕ ਵੱਲ ਹੋ ਗਿਆ। ਟੁਰਦਾ ਹੋਇਆ ਮੈਂ ਸਾਰੇ ਰਾਹ ਵਾਰ ਵਾਰ ਮੂੰਹ ਵਿੱਚ 'ਵਾਹਿਗੁਰੂ ਵਾਹਿਗੁਰੂ' ਵੀ ਆਖਦਾ ਜਾ ਰਿਹਾ ਸੀ। ਪਰ... ਉੱਥੇ ਤਾਂ ਕੁਝ ਵੀ ਨਹੀਂ ਸੀ। ਮੈਂ ਪਹਿਲਾਂ ਇੱਕ ਝਾੜੀ, ਫਿਰ ਦੂਜੀ ਝਾੜੀ ਤੇ ਫਿਰ ਪਾਰਕ ਦੇ ਸਾਰੇ ਬੂਟੇ ਛਾਣ ਮਾਰੇ, ਪਰ ਮੈਨੂੰ ਕੋਟ ਨਹੀਂ ਮਿਲਿਆ। ਉਸ ਨੂੰ ਕੋਈ ਪਹਿਲੇ ਦਿਨ ਹੀ ਚੁੱਕ ਕੇ ਜੋ ਲੈ ਗਿਆ ਸੀ। ਮੈਂ ਜਿਵੇਂ ਹੰਭਿਆ ਹੋਇਆ ਅਤੇ ਮਾਨਸਿਕ ਤੌਰ 'ਤੇ ਥੱਕਿਆ ਹੋਇਆ ਚੁੱਪ ਕਰ ਕੇ ਪਾਰਕ ਦੇ ਇੱਕ ਬੈਂਚ 'ਤੇ ਬੈਠ ਗਿਆ। ਮੇਰੇ ਮਨ ਵਿੱਚ ਉਸ ਵੇਲੇ ਗੁਆਚੇ ਹੋਏ ਕੋਟ ਤੋਂ ਸਿਵਾਏ ਹੋਰ ਕੁਝ ਨਹੀਂ ਸੀ। ਉਹ ਥਾਂ ਬੈਠਿਆਂ ਮੈਨੂੰ ਆਪਣੇ ਕੋਟ ਦੇ ਨਾਲ ਹੀ ਬੇਬੇ ਵੀ ਯਾਦ ਆ ਜਾਂਦੀ। ਇਸ ਤਰ੍ਹਾਂ ਹੁੰਦਿਆਂ ਸਾਰ ਕੋਟ ਬਣਨ ਦੀ ਲੰਬੀ ਕਹਾਣੀ ਮੇਰੇ ਮਨ ਵਿੱਚ ਘੁੰਮ ਜਾਂਦੀ। ਫਿਰ ਕੋਟ ਬਾਰੇ ਸੋਚਦਿਆਂ ਹੀ ਮੇਰੀਆਂ ਅੱਖਾਂ ਛਲਕ ਪੈਂਦੀਆਂ।

ਸਕੂਲ ਦੀ ਘੰਟੀ ਕਦੋਂ ਦੀ ਵੱਜ ਗਈ ਸੀ। ਬੱਚੇ ਸਕੂਲ ਜਾ ਕੇ ਸਵੇਰ ਦੀ ਪ੍ਰਾਰਥਨਾ ਵੀ ਬੋਲਣ ਲੱਗ ਪਏ ਸਨ, ਪਰ ਮੈਂ ਅਜੇ ਵੀ ਉਸੇ ਤਰ੍ਹਾਂ ਬੈਂਚ 'ਤੇ ਬੈਠਾ ਸੀ। ਉਸੇ ਥਾਂ ਬੈਠਿਆਂ ਕਾਫ਼ੀ ਧੁੱਪ ਚੜ੍ਹ ਗਈ ਤਾਂ ਮੈਂ ਸਕੂਲ ਜਾਣ ਦੀ ਥਾਂ ਘਰ ਨੂੰ ਪਰਤ ਪਿਆ। ਮੇਰਾ ਸਕੂਲ ਜਾਣ ਦਾ ਉੱਕਾ ਹੀ ਮਨ ਨਹੀਂ ਸੀ। ਮੈਂ ਹੌਲੀ ਹੌਲੀ ਜਿਵੇਂ ਆਪਣੀਆਂ ਲੱਤਾਂ ਘੜੀਸਦਾ ਹੋਇਆ ਘਰ ਮੁੜਿਆ ਆ ਰਿਹਾ ਸੀ। ਮੇਰੇ ਪੈਰ ਜਿਵੇਂ ਮਣਾਂ ਭਾਰੇ ਹੋ ਗਏ ਤੇ ਮੇਰੇ ਕੋਲੋਂ ਚੁੱਕੇ ਨਹੀਂ ਜਾ ਰਹੇ ਸਨ। ਮੈਂ ਗਲੀ ਪਾਰ ਕਰਕੇ ਘਰ ਮੂਹਰੇ ਪਹੁੰਚਿਆ ਤਾਂ ਬੇਬੇ ਬਾਹਰ ਦਰਾਂ ਮੂਹਰੇ ਝਾੜੂ ਮਾਰ ਰਹੀ ਸੀ।

"ਵੇ ਛੋਟਿਆ, ਤੂੰ ਇੰਨੀ ਛੇਤੀ ਮੁੜ ਆਇਆ। ਕੀ ਸਕੂਲ 'ਚ ਛੁੱਟੀ ਹੋ ਗਈ?" ਮਾਂ ਦੀ ਗੱਲ 'ਤੇ ਕੁਝ ਨਾ ਬੋਲ ਕੇ ਮੈਂ ਬੂਹੇ ਰਾਹੀਂ ਸਿੱਧਾ ਅੰਦਰ ਚਲਾ ਗਿਆ। ਅੰਦਰ ਜਾ ਬਸਤਾ ਇੱਕ ਪਾਸੇ ਸੁੱਟ ਮੈਂ ਸਿਰ ਨੀਵਾਂ ਕਰਕੇ ਮੰਜੇ 'ਤੇ ਬੈਠ ਗਿਆ। ਬੇਬੇ ਵੀ ਕੁਝ ਚਿਰ ਦਰਾਂ ਮੂਹਰੇ ਝਾੜੂ ਮਾਰ ਕੇ ਅੰਦਰ ਆ ਗਈ। ਉਸ ਵੇਲੇ ਘਰ ਹੋਰ ਕੋਈ ਨਹੀਂ ਸੀ।

"ਵੇ ਕੀ ਹੋਇਆ ਤੈਨੂੰ? ਇਉਂ ਸਿਰ ਸੁੱਟੀ ਕਿਉਂ ਬੈਠੈਂ?" ਇਸ ਵਾਰੀ ਬੋਲਦਿਆਂ ਬੇਬੇ ਦੀ ਆਵਾਜ਼ ਵਿੱਚ ਤੇਜ਼ੀ ਸੀ।

"ਬੇਬੇ ਕੋਟ...।"

"ਵੇ ਹੋਇਆ ਕੀ ਤੇਰੇ ਕੋਟ ਨੂੰ?" ਬੇਬੇ ਦੇ ਪੁੱਛਣ 'ਤੇ ਪਹਿਲਾਂ ਮੈਂ ਹੌਲੀ ਹੌਲੀ ਅਤੇ ਫਿਰ ਉੱਚੀ ਆਵਾਜ਼ ਵਿੱਚ ਰੋਣ ਲੱਗਾ। ਉਸ ਦੇ ਦੂਜੀ ਵਾਰੀ ਪੁੱਛਣ 'ਤੇ ਮੈਂ ਰੋਂਦਿਆਂ ਉਸ ਨੂੰ ਸਾਰੀ ਗੱਲ ਸੱਚ-ਸੱਚ ਦੱਸ ਦਿੱਤੀ। ਮੈਂ ਉਸ ਨੂੰ ਇਹ ਵੀ ਦੱਸ ਦਿੱਤਾ ਕਿ ਕੱਲ੍ਹ ਮੈਂ ਝੂਠ ਬੋਲਿਆ ਸੀ ਅਤੇ ਸਕੂਲ ਵਿੱਚ ਚਪੜਾਸੀ ਨੂੰ ਕੋਟ ਫੜਾਉਣ ਵਾਲੀ ਗੱਲ ਵੀ ਮਨਘੜਤ ਸੀ। ਗੱਲ ਕਰਦਿਆਂ ਮੈਂ ਅਜੇ ਵੀ ਰੋਈ ਜਾ ਰਿਹਾ ਸੀ। ਮੈਨੂੰ ਇਹ ਵੀ ਲੱਗ ਰਿਹਾ ਸੀ ਕਿ ਕੋਟ ਗੁਆਚ ਜਾਣ ਕਰਕੇ ਮਾਂ ਕੋਲੋਂ ਮੈਨੂੰ ਮਾਰ ਵੀ ਪਵੇਗੀ। ਦੂਜੇ ਪਾਸੇ ਮੇਰੇ ਮਨ ਵਿੱਚ ਉਸ ਮਾਰ ਦਾ ਭੋਰਾ ਵੀ ਡਰ ਨਹੀਂ ਸੀ। ਫਿਰ ਇਸ ਤੋਂ ਸਿਵਾਏ ਅਜਿਹਾ ਹੋਰ ਕੀ ਸੀ, ਜਿਸ ਕਰਕੇ ਮਨ ਵਿੱਚ ਕੋਟ ਗੁਆਚ ਜਾਣ ਦੀ ਗੱਲ ਆਉਂਦਿਆਂ ਹੀ ਮੇਰਾ ਰੋਣਾ ਨਿਕਲ ਆਉਂਦਾ।

ਮੇਰੇ ਮੂੰਹੋਂ ਇਹ ਗੱਲ ਸੁਣ ਕੇ ਇੱਕ ਵਾਰੀ ਤਾਂ ਬੇਬੇ ਦੇ ਚਿਹਰੇ 'ਤੇ ਗੁੱਸੇ ਦੀਆਂ ਲਕੀਰਾਂ ਉੱਭਰ ਆਈਆਂ। ਮੈਨੂੰ ਹਟਕੋਰੇ ਲੈ ਕੇ ਰੋਂਦਾ ਵੇਖ ਕੇ ਉਸ ਨੇ ਝਾੜੂ ਇੱਕ ਪਾਸੇ ਧਰ ਦਿੱਤਾ। ਉਹ ਮੇਰੇ ਨੇੜੇ ਆ ਕੇ ਮੇਰੇ ਨਾਲ ਲੱਗ ਕੇ ਮੰਜੇ 'ਤੇ ਬੈਠ ਗਈ। ਉਸ ਨੇ ਮੇਰਾ ਸਿਰ ਸੱਜੇ ਹੱਥ ਨਾਲ ਖਿੱਚ ਕੇ ਆਪਣੇ ਨਾਲ ਲਾ ਲਿਆ। ਥੋੜ੍ਹੇ ਚਿਰ ਬਾਅਦ ਮੈਂ ਵੇਖਿਆ ਕਿ ਬੇਬੇ ਦੀਆਂ ਅੱਖਾਂ ਪਾਣੀ ਨਾਲ ਭਰੀਆਂ ਹੋਈਆਂ ਸਨ, ਪਰ ਇਹ ਮੇਰੀ ਸਮਝੋਂ ਉੱਕਾ ਹੀ ਪਰ੍ਹੇ ਸੀ ਕਿ ਬੇਬੇ ਮੇਰਾ ਕੋਟ ਗੁੰਮ ਹੋ ਜਾਣ ਕਰਕੇ ਰੋ ਰਹੀ ਸੀ ਜਾਂ ਮੈਨੂੰ ਰੋਂਦਾ ਵੇਖ ਕੇ ਉਸ ਦੀਆਂ ਅੱਖਾਂ ਭਰ ਆਈਆਂ ਸਨ।

# ਅਜੋਕੀ 'ਪੱਤੜਕਾਰੀ' ਦੇ ਮਾਹਿਰ!

ਕਾਲਜ ਪੜ੍ਹਦਿਆਂ ਤੇ ਪ੍ਰਤੀਯੋਗੀ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਅਖਬਾਰ ਪੜ੍ਹਨ ਦੀ ਚੇਟਕ ਤੇ ਚਲੰਤ ਮਾਮਲਿਆਂ ਬਾਰੇ ਜਾਣਕਾਰੀ ਹਾਸਿਲ ਕਰਨਾ ਸ਼ੌਕ ਦੇ ਨਾਲ ਨਾਲ ਜਾਨੂੰਨ ਜਿਹਾ ਵੀ ਬਣ ਗਿਆ ਸੀ। ਸੰਨ 2004-2005 ਤੋਂ ਬਾਅਦ ਸੋਸ਼ਲ ਮੀਡੀਆ ਦੇ ਹੋਏ ਪ੍ਰਸਾਰ ਤੋਂ ਬਾਅਦ ਅਤੇ ਰਹਿੰਦੀ ਖੂੰਹਦੀ ਕਸਰ ਟੈਲੀਕਾਮ ਕੰਪਨੀਆਂ ਵੱਲੋਂ ਜਿਵੇਂ ਸ਼ੁਰੂ ਵਿੱਚ ਲੱਗਭਗ ਮੁਫਤ ਵਿੱਚ ਦਿੱਤੀ ਇੰਟਰਨੈਟ ਦੀ ਸਹੂਲਤ ਨੇ ਤੇ ਹਰ ਹੱਥ ਵਿੱਚ ਆਏ ਮੋਬਾਈਲ ਨੇ ਪੂਰੀ ਕਰ ਦਿੱਤੀ। ਸੋਸ਼ਲ ਮੀਡੀਆ 'ਤੇ ਆਪੇ ਬਣੇ ਵਿਦਵਾਨਾਂ ਦਾ ਹੜ੍ਹ ਜਿਹਾ ਆ ਗਿਆ। ਸੋਸ਼ਲ ਮੀਡੀਆ 'ਤੇ ਚਲਦੀਆਂ ਮਹਿਫ਼ਿਲਾਂ 'ਚ ਚਲਦੀਆਂ ਰਾਜਨੀਤਿਕ ਬਹਿਸਬਾਜ਼ੀਆਂ ਵਿੱਚ ਹਿੱਸਾ ਲੈਣਾ ਸ਼ੁਰੂ ਕੀਤਾ ਤਾਂ ਅੰਦਾਜ਼ਾ ਹੋਇਆ ਕਿ ਮੇਰਾ ਰਾਜਨੀਤਿਕ ਗਿਆਨ ਕਾਫ਼ੀ ਊਣਾ ਹੈ, ਮੇਰੇ ਦੂਜੇ ਹਾਣ ਦਿਆਂ ਨਾਲੋਂ। ਬਹੁਤਾਤ ਕਿਸੇ ਵਿਅਕਤੀ ਵਿਸ਼ੇਸ਼ ਨੂੰ ਪੜ੍ਹਨ ਵਿਚਾਰਨ ਤੋਂ ਬਿਨਾ ਹੀ ਉਨ੍ਹਾਂ ਨੂੰ ਕੁੱਤੇ-ਬਿੱਲੇ ਕਹਿਣ ਵਿੱਚ ਫਖਰ ਮਹਿਸੂਸ ਕਰਦੇ ਸਨ। ਇਨ੍ਹਾਂ ਜ਼ਿਆਦਾਤਰ ਵਿਹਲੜਾਂ ਨੇ ਜਾਅਲੀ ਆਈਡੀਆਂ ਬਣਾ ਕੇ ਲੋਕਾਂ ਦੇ ਨੱਕ ਵਿੱਚ ਦਮ ਕੀਤਾ ਹੋਇਆ।

ਬਾਅਦ ਵਿੱਚ ਮੈਂ ਆਪਣੀ ਵਿਦਵਤਾ ਪਿੰਡ ਦੀ ਸੱਥ 'ਚ ਅਜਮਾਉਣੀ ਚਾਹੀ; ਇੱਥੇ ਆ ਕੇ ਤਾਂ ਮੈਨੂੰ ਭਾਰਤੀ ਵਿੱਦਿਅਕ ਸੰਸਥਾਵਾਂ 'ਤੇ ਗੁੱਸਾ ਆਉਣ ਲੱਗਾ ਕਿ ਸਾਨੂੰ ਤਾਂ ਸਿਖਾਉਂਦੀਆਂ ਈ ਕੁਝ ਨਹੀਂ! ਬਾਬੇ ਤਾਂ ਮੁੰਡਿਆਂ ਨਾਲੋਂ ਵੀ ਦੋ ਪੁਲਾਂਘਾਂ ਅੱਗੇ ਸਨ। ਪਿਛਲੇ ਸਾਲ ਪੰਜਾਬ ਗਿਆ ਤਾਂ 82 ਸਾਲਾ ਤਾਏ ਬਿਸ਼ਨੇ ਨੇ ਮੈਨੂੰ ਅਖਬਾਰ ਪੜ੍ਹਦਾ ਵੇਖ ਪੁੱਛਿਆ, "ਕੀ ਆਂਹਦੀ ਥਾਣੇਦਾਰਨੀ?" ਸਾਰੇ ਅਖਬਾਰ 'ਤੇ ਇੱਕ ਵੀ ਪੁਲਿਸ ਵਾਲੀ ਦੀ ਫੋਟੋ ਨਾ ਹੋਣ 'ਤੇ ਸਵਾਲ ਕੀਤਾ ਤਾਂ ਪਤਾ ਲੱਗਾ ਕਿ ਤਾਇਆ ਐਂਗਲਾ ਮਰਕਲ ਨੂੰ 'ਥਾਣੇਦਾਰਨੀ' ਕਹਿੰਦਾ, ਜਿਵੇਂ ਉਹ ਕੁਝ ਸਾਲ ਪਹਿਲਾਂ ਸਹਿਵਾਗ ਨੂੰ 'ਲੂਤਲ਼' ਤੇ ਹਰਭਜਨ ਨੂੰ 'ਰੰਦਾ' ਕਹਿੰਦਾ ਸੀ। ਗੱਲ 'ਤੇ ਥੋੜ੍ਹੀ ਗੌਰ ਕਰੀ ਤਾਂ ਹੈਰਾਨੀ ਹੋਈ ਕਿ ਇਸ ਪੱਧਰ ਦੀ ਰਾਜਨੀਤਿਕ ਤੇ ਦੁਨੀਆਵੀ ਸੂਝਬੂਝ ਰੱਖਣ ਵਾਲੇ ਪੰਜਾਬੀਆਂ ਨੂੰ ਹੁਣ ਤੱਕ ਕਿਵੇਂ ਮੂਰਖ ਬਣਾ ਗਏ ਲੀਡਰ? ਫੇਰ ਸੋਚਿਆ, ਉਹ ਵੀ ਇਨ੍ਹਾਂ 'ਚੋਂ ਈ ਨੇ! ਉਸ ਤੋਂ ਬਾਅਦ ਰਾਜਨੀਤੀ ਬਾਰੇ ਗੱਲਬਾਤ ਜਾਂ ਬਹਿਸਬਾਜ਼ੀ ਤੋਂ ਪਰਹੇਜ਼ ਹੀ ਕੀਤਾ, ਜੋ ਹੁਣ ਤੱਕ ਜਾਰੀ ਐ।

ਪਿਛਲੇ 8-10 ਸਾਲਾਂ ਤੋਂ ਕੁਝ ਬਜ਼ੁਰਗਾਂ ਸਮੇਤ ਬਾਕੀ ਪੰਜਾਬੀ ਨੌਜਵਾਨ ਫੇਸਬੁੱਕ 'ਤੇ ਆ ਗਏ ਨੇ, ਬੀਬੀਆਂ ਨੇ ਤਾਂ ਸ਼ੋਹਰਤ ਤੇ ਲਾਈਕਸ ਦੀ ਖਾਤਿਰ ਸਭ ਸੰਗ ਸ਼ਰਮ ਛਿੱਕੇ ਟੰਗੀ ਹੋਈ ਆ। ਇਨ੍ਹਾਂ ਫੇਸਬੁੱਕੀ ਮਿੱਤਰਾਂ ਦਾ ਸਿਆਸਤ ਪ੍ਰਤੀ ਲਗਾਅ ਤੇ ਸਮਝ ਮੇਰੀ ਹੈਰਾਨੀ ਦੀਆਂ ਸਾਰੀਆਂ ਹੱਦਾਂ ਪਾਰ ਕਰ ਗਈ। ਪੰਜਾਬ, ਭਾਰਤ, ਏਸ਼ੀਆਈ ਦੇਸ਼ਾਂ ਦੀ ਛੱਡੋ- ਏਹ ਤਾਂ ਪੱਛਮੀ ਸਰਕਾਰਾਂ ਦੀ ਵਿਦੇਸ਼ ਨੀਤੀ ਤੇ ਨੁਕਤਾਚੀਨੀ ਤੱਕ ਕਰਦੇ ਨੇ, ਜੋ ਕੇ ਕਾਬਿਲੇ-ਤਾਰੀਫ ਹੈ। ਦੇਸੀ-ਵਿਦੇਸ਼ੀ ਖਬਰਾਂ ਅੱਗੇ ਪਹੁੰਚਾਉਣ ਵਿੱਚ ਤਾਂ ਅਲ-ਜੱਜ਼ੀਰਾ ਨੂੰ ਵੀ ਮਾਤ ਪਾਉਂਦੇ ਨੇ। ਇਨ੍ਹਾਂ ਦੇ ਜਾਣਕਾਰੀ ਦੇ ਸਰੋਤ ਵੀ ਹੈਰਾਨੀਜਨਕ ਨੇ!

ਅੱਜ ਕੱਲ੍ਹ ਲੋਕਾਂ ਦਾ ਮਾਨਸਿਕ ਤੇ ਬੌਧਿਕ ਪੱਧਰ ਕਿੰਨਾ ਡਿੱਗ ਚੁੱਕਾ ਹੈ, ਇਸ ਦਾ ਅੰਦਾਜ਼ਾ ਸਹਿਜੇ ਹੀ ਸੋਸ਼ਲ ਮੀਡੀਆ ਜਾਂ ਸਕੂਲਾਂ, ਕਾਲਜਾਂ ਤੇ ਹੋਰ ਸਮਾਗਮਾਂ 'ਤੇ ਸੱਦੇ ਜਾਂਦੇ ਮੁੱਖ ਮਹਿਮਾਨਾਂ ਤੋਂ ਲਾ ਸਕਦੇ ਹਾਂ। ਇਨ੍ਹਾਂ ਗੈਰ-ਕੁਦਰਤੀ ਕਿਸਮਾਂ ਦਾ ਅੱਜ ਕੱਲ੍ਹ ਸੋਸ਼ਲ ਮੀਡੀਆ 'ਤੇ ਹੜ੍ਹ ਆਇਆ ਹੋਇਆ ਹੈ। ਲੋਕੀਂ ਕਮਲ਼ਿਆਂ ਵਾਂਗ ਇਨ੍ਹਾਂ ਪਿੱਛੇ ਤੁਰੇ ਫਿਰਦੇ ਹਨ, ਸੈਲਫੀਆਂ ਲਈ ਮਰਨ ਤੱਕ ਜਾਂਦੇ ਹਨ। ਇਨ੍ਹਾਂ ਦੇ ਮੇਜ਼ਬਾਨ ਇਨ੍ਹਾਂ ਨੂੰ ਬਾਊਂਸਰ ਤੱਕ ਮੁਹੱਈਆ ਕਰਵਾਉਂਦੇ ਹਨ। ਇਨ੍ਹਾਂ ਨੂੰ ਮੇਲਿਆਂ-ਛਿੰਝਾਂ 'ਤੇ ਸੱਦ ਕੇ ਸਨਮਾਨਿਤ ਕਰ ਰਹੇ ਹਨ। ਜੋ ਵੀ ਇਹ ਸਭ ਕਰ ਰਹੇ ਹਨ, ਮਤਲਬ ਇਹ ਇਨ੍ਹਾਂ ਦੇ ਪ੍ਰੇਰਨਾਸ੍ਰੋਤ ਹਨ ਤੇ ਇਹ ਚਾਹੁੰਦੇ ਹਨ ਕੇ ਇਨ੍ਹਾਂ ਦੇ ਬੱਚੇ ਵੀ ਇਨ੍ਹਾਂ ਵਾਂਗ ਬਨਣ! ਜੇ ਕੋਈ ਮਾਨਸਿਕ ਪੱਧਰ 'ਤੇ ਬੀਮਾਰ ਬੰਦੇ ਨੂੰ ਵਰਤਦਾ ਹੈ ਤਾਂ ਜ਼ਿਆਦਾ ਬੀਮਾਰ ਉਹ ਬੰਦਾ ਹੈ। ਲੋਕੀਂ ਪਾਗਲਾਂ ਵਾਂਗ ਇਨ੍ਹਾਂ ਨੂੰ ਪ੍ਰੋਗਰਾਮਾਂ ਵਿੱਚ ਜੱਭਲੀਆਂ ਮਾਰਦਿਆਂ ਤੇ ਘਟੀਆ ਪੱਧਰ ਦੀਆਂ ਹਰਕਤਾਂ ਕਰਦਿਆਂ ਤਾੜੀਆਂ ਮਾਰਦੇ ਹਨ। ਇਨ੍ਹਾਂ ਨੂੰ ਪ੍ਰੋਮੋਟ ਕਰ ਕੇ ਇਹ ਆਪਣੇ ਮਾਨਸਿਕ ਪੱਧਰ ਦਾ ਦਵਾਲਾ ਕੱਢ ਰਹੇ ਹੁੰਦੇ ਹਨ।

ਤੇ ਇਹੋ ਜਿਹੇ ਪੱਤਰਕਾਰ ਟਰੱਕ ਭਰ ਕੇ ਲਾਹਨਤਾਂ ਦੇ ਹੱਕਦਾਰ ਨੇ, ਜਿਹੜੇ ਆਪਣੀ ਟਿੰਡ-ਫੌੜ੍ਹੀ ਚੱਕ ਕੇ ਇਨ੍ਹਾਂ ਦੇ ਪਿੱਛੇ ਫਿਰਦੇ ਹਨ ਇੰਟਰਵਿਊਆਂ ਲਈ, ਤੇ ਇਨ੍ਹਾਂ ਨੂੰ ਪ੍ਰੋਮੋਟ ਕਰਦੇ ਹਨ। ਆਉਣ ਵਾਲੇ ਦਿਨਾਂ ਵਿੱਚ ਇਹ ਸਭ ਕੁਝ ਨਿਰੰਤਰ ਜਾਰੀ ਰਹਿਣ ਦੇ ਅਸਾਰ ਹਨ ਅਤੇ ਮੇਰਾ ਪੱਕਾ ਯਕੀਨ ਹੈ ਕਿ ਅਜੋਕੇ ਪੱਤੜਕਾਰ/ ਰਾਜਨੀਤਕ ਮਾਹਿਰ ਜਿਨ੍ਹਾਂ ਦੀ ਜ਼ੁਬਾਨ ਮਨੀਪੁਰ ਕਾਂਡ, ਪਹਿਲਵਾਨਾਂ ਦੀ ਬੇਪਤੀ, ਉਲੰਪਿਕ ਵਿੱਚ ਹੇਠਲੇ ਪੱਧਰ ਦਾ ਪਰਦਰਸ਼ਨ ਤੇ ਘੱਟ ਗਿਣਤੀਆਂ ਦੇ ਹੱਕਾਂ ਦੇ ਹੁੰਦੇ ਘਾਣ 'ਤੇ ਤਾਲੂ ਨਾਲ ਚਿਪਕ ਜਾਂਦੀ ਹੈ; ਚੰਨ 'ਤੇ ਪਹੁੰਚਣ ਲਈ ਇਸਰੋ ਨੂੰ ਕ੍ਰੈਡਿਟ ਦੇਣ ਦੀ ਥਾਂ ਚੌਕੀਦਾਰ ਜੋ ਖੁਦ ਗੁਜਰਾਤ ਦੰਗਿਆਂ ਦਾ, ਕਿਸਾਨੀ ਬਿੱਲਾਂ ਵੇਲੇ ਤੇ ਨੋਟਬੰਦੀ ਵੇਲੇ ਹੋਈਆਂ ਅਣਗਿਣਤ ਮੌਤਾਂ ਦਾ ਕਰਤਾ-ਧਰਤਾ ਤੇ ਜ਼ਿੰਮੇਵਾਰ ਹੈ, ਨੂੰ 'ਸੁਪਰਮੈਨ' ਦਾ ਖਿਤਾਬ ਦੇਣ ਵਾਲੇ ਝੋਟਾ ਚੋਅ ਕੇ ਛੱਡਣਗੇ। ਆਮੀਨ!

*-ਗੈਰੀ ਢਿੱਲੋਂ (ਕੈਨੇਡਾ)*

**ਪਿੰਡ ਵਸਿਆ (18)**

**ਵਿਜੈ ਬੰਬੇਲੀ**
ਫੋਨ: +91-9463439075



# ਭੱਟੂ ਹਾਂਸ ਨੇ ਬੰਨ੍ਹਿਆ ਸੀ ਪਿੰਡ ਹਾਂਸ

*ਪਾਠਕਾਂ ਦੀ ਜਾਣਕਾਰੀ ਲਈ ਅਸੀਂ ਕਾਲਮ 'ਪਿੰਡ ਵਸਿਆ' ਸ਼ੁਰੂ ਕੀਤਾ ਹੈ, ਜਿਸ ਵਿੱਚ ਸਿਰਫ ਪਿੰਡ ਵੱਸਣ ਦੀ ਹੀ ਬਾਤ ਪਾਈ ਹੁੰਦੀ ਹੈ। ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ 'ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ 'ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਪੇਸ਼ ਹੈ, ਭੱਟੂ ਹਾਂਸ ਦੇ ਵਸਾਏ ਪਿੰਡ ਹਾਂਸ ਦਾ ਸੰਖੇਪ ਵੇਰਵਾ...*

1882 ਦੇ ਬੰਦੋਬਸਤ ਮੁਤਾਬਕ, ਢੇਰ ਸਮਾਂ ਪਹਿਲਾਂ ਇੱਕ ਘੁਮੱਕੜ ਕੁਨਬੇ ਨੇ ਜੰਮੂ ਖਿੱਤੇ ਵੱਲੋਂ ਆਪਣੀਆਂ ਲੋੜਾਂ-ਥੋੜ੍ਹਾਂ ਤਹਿਤ ਦਰਿਆ ਸਤਲੁਜ ਦੇ ਪਾਰਲੇ ਖੇਤਰ ਵੱਲ ਪ੍ਰਸਥਾਨ ਕੀਤਾ ਅਤੇ ਇੱਕ ਢੁਕਵਾਂ ਰਕਬਾ ਖਾਲੀ ਪਿਆ ਵੇਖ ਸਮੇਂ ਦੇ ਹਾਕਮ ਨੂੰ ਨਜ਼ਰਾਨਾ ਤਾਰ ਇੱਥੇ ਵੱਸਣ ਦੀ ਸਨਦ ਪ੍ਰਾਪਤ ਕਰ ਲਈ। ਇਸ ਜੁੱਟ ਦਾ ਆਗੂ ਭੱਟੂ ਹਾਂਸ ਸੀ, ਲਿਹਾਜ਼ਾ ਉਸਦੇ ਗੋਤ 'ਤੇ ਇਸ ਥੇਹ ਦੀ ਅੱਲ 'ਹਾਂਸ' ਪੱਕ ਗਈ। ਹਾਂਸ ਗੋਤਰੀ ਜੱਟ ਸਨ, ਸਮੇਂ ਮੁਜ਼ਬ ਹੋਰ ਜਾਤਾਂ-ਕੁਨਬੇ ਇੱਥੇ ਵਸਦੇ-ਰਸਦੇ ਰਹੇ। ਹੁਣ ਇਹ ਤਹਿਸੀਲ ਜਗਰਾਓਂ, ਜ਼ਿਲਾ ਲੁਧਿਆਣਾ ਦਾ ਉੱਘਾ ਪਿੰਡ ਹੈ। ਬੰਦੋਬਸਤ ਤੋਂ ਪਹਿਲਾਂ ਇਹ ਪਿੰਡ ਪ੍ਰਬੰਧ (ਮਾਲਕੀ) ਵਜੋਂ ਠੁਲਿਆਂ ਵਿੱਚ ਤਕਸੀਮ ਸੀ। 'ਠੁਲਾ' ਦਾ ਸ਼ਬਦੀ ਅਰਥ ਹੈ: ਜ਼ਮੀਨੀ ਟੁਕੜਾ, ਭੋਇੰ ਤਰਫ (ਦਿਸ਼ਾ), ਜ਼ਮੀਨ ਦੀ ਵਿਸ਼ੇਸ਼ ਨਿਸ਼ਾਨਦੇਹੀ (ਮਾਲਕੀ)। ਕੁੱਲ ਅੱਠ ਠੁਲੇ ਸਨ: ਠੁਲਾ ਅਲਬੇਲਾ, ਠੁਲਾ ਕਬੀਰਾ, ਠੁਲਾ ਦੀਦਾਰਾ, ਠੁਲਾ ਨਿਹਾਲਾ, ਠੁਲਾ ਬੂਟਾ, ਠੁਲਾ ਭੋਲਾ, ਠੁਲਾ ਰੂਪਾ ਅਤੇ ਠੁਲਾ ਰੁਲਦੂ। ਸਮੇਂ-ਮੁਜ਼ਬ ਠੁਲਿਆ ਦੇ ਨਾਂ ਭੁੱਲ-ਵਿਸਰ ਗਏ। ਹੁਣ ਇਹ ਨਗਰ ਤਿੰਨ ਪੱਤੀਆਂ ਵਿੱਚ ਪ੍ਰਚਲਤ ਹੈ: ਪੱਤੀ ਪੱਕਾ ਪਾਸਾ, ਪੱਤੀ ਚਾਈਆਂ ਅਤੇ ਝਾੜੂ ਪੱਤੀ।

19ਵੀਂ ਸਦੀ ਦੇ ਸ਼ੁਰੂਆਤੀ ਵਰ੍ਹਿਆਂ 'ਚ ਹੀ ਇਸ ਪਿੰਡ ਵਿੱਚ ਵਾਕਿਆ ਕਰੀਬ ਡੇਢ ਦਰਜਨ ਸਿੰਚਾਈ ਖੂਹਾਂ (ਚਾਹ) ਦੀ ਮੌਜੂਦਗੀ ਇਸ ਦੇ ਵਿਕਾਸ ਪੱਖੋਂ ਸੁਲੱਖਣਾ ਪਿੰਡ ਹੋਣ ਦੀ ਗਵਾਹੀ ਹੈ। ਜ਼ਮੀਨ ਦੀ ਅੱਧੀ ਮਾਲਕੀ ਪੱਕਾ ਪਾਸਾ ਪੱਤੀ ਕੋਲ ਹੈ ਅਤੇ ਬਾਕੀ ਅੱਧ ਦੇ ਮਾਲਕ ਪੱਤੀ ਚਾਈਆ ਤੇ ਝਾੜੂ ਪੱਤੀ ਬਰੋ-ਬਰਾਬਰ ਹਨ। ਤਿੰਨਾਂ ਪੱਤੀਆਂ ਦੇ ਆਪੋ-ਆਪਣੇ ਦਰਵਾਜ਼ੇ ਸਨ, ਜਿਨ੍ਹਾਂ ਦੀ ਜੂਹ ਅੰਦਰ ਉਹ ਵੱਸਦੇ ਸਨ ਅਤੇ ਸਾਰਾ ਪਿੰਡ ਇਨ੍ਹਾਂ ਤਿੰਨਾਂ ਦਰਵਾਜ਼ਿਆਂ ਦੀ ਘੇਰਾਬੰਦੀ ਕਰਦੇ ਇੱਕ ਵੱਡੇ ਪੈਹੇ ਅੰਦਰ ਜੁਗਲ-ਬੰਦ ਸੀ। ਹਾਂ; ਇਨ੍ਹਾਂ ਤਿੰਨ ਪੱਤੀਆਂ ਤੋਂ ਬਿਨਾ ਪਿੰਡ ਵਿੱਚ ਕਿਰਤੀਆਂ ਦੇ ਦੋ ਵਿਹੜੇ ਹਨ: ਵਿਹੜਾ ਮਜ਼ਬੀਆਂ ਅਤੇ ਵਿਹੜਾ ਰਮਦਾਸੀਆਂ ਸਿੱਖ।




ਆਜ਼ਾਦੀ-ਤਹਿਰੀਕ ਵਿੱਚ ਇਸ ਪਿੰਡ ਨੇ ਨਾਮਵਰ ਹਿੱਸਾ ਪਾਇਆ। ਸਿਰਲੱਥ ਦੇਸ਼ ਭਗਤ ਸਨ: 1. ਗ਼ਦਰ ਲਹਿਰ: ਉੱਤਮ, ਨਰੈਣ, ਇੰਦਰ ਅਤੇ ਕਿਸ਼ਨ ਦੀ ਚੌਕੜੀ; 2. ਗੁਰਦਵਾਰਾ ਸੁਧਾਰ ਲਹਿਰ: ਭਾਈ ਗੱਜਣ ਸਿੰਘ-ਬਖਤੌਰ ਸਿੰਘ-ਰਾਮ ਸਿੰਘ; 3. ਕੌਮੀ ਲਹਿਰਾਂ: ਗੁਰਦੇਵ ਸਿੰਘ-ਨਰੈਣ ਸਿੰਘ-ਬਿਸ਼ਨ ਸਿੰਘ ਅਤੇ ਆਜ਼ਾਦ ਹਿੰਦ ਫੌਜ: ਕਿਰਪਾਲ ਸਿੰਘ-ਜਗੀਰ ਸਿੰਘ-ਪੂਰਨ ਸਿੰਘ-ਭਗਤ ਸਿੰਘ-ਭਾਨ ਸਿੰਘ-ਮਹਿੰਦਰ ਸਿੰਘ-ਮੇਹਰ ਸਿੰਘ-ਰਾਮ ਸਿੰਘ-ਸ਼ੇਰ ਸਿੰਘ। ਵਿਲੱਖਣ ਦਿੱਖ ਇੱਥੋਂ ਦੇ ਗ਼ਦਰੀ ਸਨ:ਗ਼ਦਰੀ ਉੱਤਮ ਸਿੰਘ, ਨਰੈਣ ਸਿੰਘ, ਇੰਦਰ ਸਿੰਘ ਅਤੇ ਗ਼ਦਰੀ ਕਿਸ਼ਨ ਸਿੰਘ। ਪਰ ਸ਼ਹੀਦ ਉੱਤਮ ਸਿੰਘ, ਜਿਨ੍ਹਾਂ ਨੂੰ ਦੂਸਰੇ ਲਾਹੌਰ ਸਾਜ਼ਿਸ਼ ਕੇਸ (ਪਹਿਲਾਂ ਸਪਲੀਮੈਂਟਰੀ) ਵਿੱਚ ਚਾਰ ਹੋਰ ਗ਼ਦਰੀਆਂ ਸਮੇਤ ਫਾਹੇ ਟੰਗ ਦਿੱਤਾ ਗਿਆ ਸੀ, ਬੜਾ ਉੱਘਾ ਹੋਇਆ। ਕਿਸੇ ਕਾਰਨ ਗ਼ਦਰੀ ਇਤਿਹਾਸ ਵਿੱਚ ਉੱਤਮ ਸਿੰਘ ਤੋਂ ਬਿਨਾ ਇਸ ਨਗਰ ਦੇ ਤਿੰਨ ਹੋਰ ਗ਼ਦਰੀਆਂ ਦੇ ਨਾਵਾਂ ਦਾ ਢੁਕਵਾਂ ਉਲੇਖ ਨਹੀਂ ਹੋਇਆ। ਹਾਲਾਂ ਕਿ ਸੰਨ 1914 ਦੀ ਗੁਪਤ ਮਿਸਲ ਨੰਬਰ 829 ਤੇ 1915 ਦੀ ਮਿਸਲ 130 'ਚ ਦਰਜ ਹੈ, "ਕਿਸ਼ਨ ਸਿੰਘ ਬਾਲਦੀਨ ਜ਼ਮੀਅਤ ਪਿੰਡ ਹਾਂਸ, ਥਾਣਾ ਜਗਰਾਓਂ, ਅਸਟਰੇਲੀਆ ਤੋਂ ਵਰਾਸਤਾ ਕਲੰਬੋ ਰਾਹੀਂ ਮੁੜਿਆ ਖ਼ਤਰਨਾਕ ਸ਼ਖ਼ਸ ਹੈ, ਜਿਸਤੋਂ 'ਖਾਲਸਾ ਅਖ਼ਬਾਰ', ਜਿਸ ਵਿੱਚ ਗ਼ਦਰ ਰਿਪੋਰਟਾਂ ਹਨ, ਦੀ ਇੱਕ ਜਿਲਦ, ਹੋਰ ਇਤਰਾਜ਼ਯੋਗ ਸਾਹਿਤ ਅਤੇ ਕਾਮਾਗਾਟੀਆਂ ਦਾ ਕੁਝ ਸਮਾਨ ਬਰਾਮਦ ਹੋਇਆ।"

ਗ਼ਦਰੀ ਇੰਦਰ ਸਿੰਘ ਬਾਰੇ ਸੀ.ਆਈ.ਡੀ. ਦੀ ਰਿਪੋਰਟ ਕਹਿੰਦੀ ਹੈ, "ਇਸਨੇ ਫਿਰੋਜ਼ਪੁਰ ਛਾਉਣੀ ਦੇ ਅਸਫਲ ਹਮਲੇ ਵਿੱਚ ਹਿੱਸਾ ਲਿਆ। ਲਿਹਾਜ਼ਾ, ਇਸਨੂੰ ਪੂਰਕ ਲਾਹੌਰ ਸਾਜ਼ਿਸ਼ ਕੇਸ ਵਿੱਚ ਸ਼ੁਮਾਰ ਕੀਤਾ ਜਾਂਦਾ ਹੈ।" ਬ੍ਰਿਟਿਸ਼ ਸਾਮਰਾਜ ਦੀ ਇੱਕ ਹੋਰ ਗੁਪਤ ਚਿੱਠੀ ਵਿੱਚ ਭਾਵੇਂ ਗ਼ਦਰੀ ਨਰੈਣ ਸਿੰਘ ਅਤੇ ਭਾਈ ਉੱਤਮ ਸਿੰਘ ਦੀ ਨਕਸ਼ਬੰਦੀ 'ਕੱਠੀ ਮਿਲਦੀ ਹੈ, ਪਰ ਇਸ ਵਿੱਚ ਨਰੈਣ ਪੁੱਤਰ ਰਾਘੋ ਭਰਾਤਾ ਉੱਤਮ ਸਾਕਨ ਹਾਂਸ ਬਾਰੇ ਕੁੱਝ ਵਧਵਾਂ ਲਿਖਿਆ ਗਿਆ ਹੈ, "ਇਹ ਖ਼ਤਰਨਾਕ ਮੁਜਰਮ ਹੈ, ਪਰ ਹਾਲਾਂ ਤੀਕ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਇਹ ਵਿਦੇਸ਼ੋਂ ਪਰਤਿਆ ਕ੍ਰਾਂਤੀਕਾਰੀ ਹੈ ਜਾਂ ਦੇਸ਼ੋਂ ਰਲਿਆ ਕ੍ਰਾਂਤੀਕਾਰੀ।" ਸੂਤਰ ਦੱਸਦੇ ਹਨ ਕਿ ਇਸਨੇ ਹੁਸ਼ਿਆਰਪੁਰ ਜ਼ਿਲੇ ਦੇ ਕੰਢੀ ਪਿੰਡ ਸਾਰੰਗਵਾਲ (ਮਾਹਿਲਪੁਰ) ਵਿੱਚ ਗ਼ਦਰੀ ਦਲੀਪ ਸਿੰਘ ਦੇ ਗੁਪਤ ਟਿਕਾਣੇ 'ਤੇ ਕੀਤੀ ਉਸ ਮੀਟਿੰਗ ਵਿੱਚ ਵੀ ਹਿੱਸਾ ਲਿਆ ਸੀ, ਜਿਸ ਵਿੱਚ ਵੱਡੇ ਨੰਗਲ ਦੇ ਜ਼ੈਲਦਾਰ ਚੰਦਾ ਸਿੰਘ ਨੂੰ ਕਤਲ ਕਰਨ ਦੀ ਮੁਕੰਮਲ ਵਿਓਂਤਬੰਦੀ ਕੀਤੀ ਗਈ ਸੀ।

ਇਤਿਹਾਸਕਾਰ ਜਰਨੈਲ ਸਿੰਘ ਅੱਚਰਵਾਲ ਮੁਤਾਬਿਕ ਇਸ ਲੇਖ ਵਿੱਚ, ਸਦੀ ਨੂੰ ਢੁੱਕ ਚੁੱਕੇ, ਆਜ਼ਾਦ ਹਿੰਦੀਏ ਕਿਰਪਾਲ ਸਿੰਘ, ਜੋ ਮਗਰੋਂ ਬਹੁ-ਪਰਤੀ ਕਾਮਰੇਡ ਬਣਿਆ ਦੇ ਕੁੱਝ ਮਾਰਮਿਕ ਝੋਰਿਆਂ ਦੀ ਬਾਤ ਪਾਉਣੀ ਬੜੀ ਸਾਰਥਿਕ ਰਹੇਗੀ। ਕਾਮਰੇਡ ਕਿਰਪਾਲ ਸਿੰਘ, ਜਿਹੜਾ ਇਨਕਲਾਬੀ ਪੁੱਠ ਤਹਿਤ ਇੱਕ ਡੂੰਘਾ ਪਾਠਕ ਵੀ ਹੋ ਨਿਬੜਿਆ, ਅਕਸਰ ਚਿੰਤਕ ਹਲਕਿਆਂ ਵਿੱਚ ਆਪਣੀ ਤੇ ਪਿੰਡ ਦੀ ਸੰਘਰਸ਼ਮਈ ਗਾਥਾ ਅਤੇ ਕੁੱਝ ਯਥਾਰਥ ਫ਼ਿਕਰਮੰਦੀਆਂ ਜਾਹਰ ਕਰਦਾ ਹੈ। ਲੇਖ ਨਿਰਧਾਰਤ ਸੀਮਾ ਤੋਂ ਲੰਬਾ ਹੋ ਜਾਣ ਦੇ ਡਰੋਂ ਸਾਰਾ ਵਿਖਿਆਨ ਸੰਭਵ ਨਹੀਂ, ਪਰ ਤੁਸੀਂ ਮੈਨੂੰ ਦੋ ਹਰਫਾਂ 'ਚ ਉਸਦੀ ਇੱਕ ਕੌੜੀ ਸੱਚਾਈ ਪਾਠਕਾਂ ਨਾਲ ਸਾਂਝੀ ਕਰਨ ਦੀ ਆਗਿਆ ਦਿਓ, "...ਮੇਰੇ ਪਾਸ ਬੇਸ਼ਕੀਮਤੀ ਉਰਦੂ-ਅੰਗਰੇਜ਼ੀ-ਹਿੰਦੀ ਅਤੇ ਪੰਜਾਬੀ ਦਸਤਾਵੇਜ਼, ਫਾਇਲਾਂ ਅਤੇ ਪੁਸਤਕਾਂ ਹਨ। ਨਵੀਂ ਪੀੜ੍ਹੀ ਦਾ ਇਸ ਨਾਲ ਕੋਈ ਵਾਹ-ਵਾਸਤਾ ਨਹੀਂ।" ਉਹ ਹੋਕਾਂ ਭਰਦਾ, "ਜਗਆਸੂਓ! ਮੈਨੂੰ ਕੁੱਝ ਨਹੀਂ ਸੁੱਝ ਰਿਹਾ, ਮੇਰੇ ਮਗਰੋਂ ਇਨ੍ਹਾਂ ਅਮੁੱਲੇ ਅੱਖਰਾਂ ਦਾ ਕੀ ਬਣੇਗਾ?"

# ਅਫੀਮ

**ਸ਼ਬਦੋ ਵਣਜਾਰਿਓ**

**ਪਰਮਜੀਤ ਢੀਂਗਰਾ**
ਫੋਨ:+91-9417358120



ਪੁਰਾਤਨ ਨਸ਼ਿਆਂ ਤੋਂ ਅਫੀਮ ਪ੍ਰਮੁੱਖ ਨਸ਼ਾ ਰਿਹਾ ਹੈ। ਇਸਦਾ ਸੇਵਨ ਰਾਜੇ, ਮਹਾਰਾਜੇ, ਜਗੀਰਦਾਰ, ਧਨਾਢ ਲੋਕ ਕਰਦੇ ਰਹੇ ਹਨ। ਅੱਜ ਵੀ ਵਧੇਰੇ ਕਰਕੇ ਅਮੀਰ ਲੋਕ ਹੀ ਇਹਨੂੰ ਛਕਦੇ ਹਨ। ਪੰਜਾਬੀ ਵਿਚ ਬਹੁਤ ਸਾਰੇ ਗਾਣੇ ਅਫੀਮ ਤੇ ਪੋਸਤੀਆਂ ਨਾਲ ਸੰਬੰਧਤ ਹਨ। ਇਸਤੋਂ ਪਤਾ ਲੱਗਦਾ ਹੈ ਕਿ ਇਹ ਸਾਡੇ ਸਭਿਆਚਾਰ ਦਾ ਅੰਗ ਰਹੀ ਹੈ। ਅੱਜ ਕੱਲ੍ਹ ਇਹਦੇ ਫਿਰ ਚਰਚੇ ਹਨ। ਪੰਜਾਬ ਵਿਚ ਨਸ਼ਿਆਂ ਦੀ ਮਾਰ ਤੇ ਕਿਸਾਨੀ ਨੂੰ ਆਰਥਕ ਫਾਇਦੇ ਲਈ ਇਹਦੀ ਖੇਤੀ ਕਰਨ ਦੀ ਸਲਾਹ ਦਿੱਤੀ ਜਾ ਰਹੀ ਹੈ। ਕਈ ਰਾਜਾਂ ਜਿਵੇਂ ਰਾਜਿਸਥਾਨ ਤੇ ਮੱਧ ਪ੍ਰਦੇਸ਼ ਵਿਚ ਇਹਦੀ ਖੇਤੀ ਹੁੰਦੀ ਹੈ ਤੇ ਇਸਦੀ ਵਰਤੋਂ ਨਸ਼ੇ ਦੇ ਨਾਲ ਨਾਲ ਦਵਾਈਆਂ ਬਣਾਉਣ ਵਿਚ ਕੀਤੀ ਜਾਂਦੀ ਹੈ। ਪਰ ਪੰਜਾਬ 'ਚ ਇਹਦੀ ਕਾਨੂੰਨੀ ਤੌਰ 'ਤੇ ਮਨਾਹੀ ਹੈ। ਨਸ਼ਾ ਭਾਵੇਂ ਕੋਈ ਵੀ ਹੋਵੇ, ਬੰਦੇ ਦੀ ਮੱਤ ਮਾਰ ਦਿੰਦਾ ਹੈ। ਨਸ਼ੇ ਨਾਲ ਲਹੂ ਦੇ ਗੇੜੇ ਤੇਜ਼ ਹੋ ਜਾਂਦੇ ਹਨ ਤੇ ਅਕਲ ਮੱਧਮ ਪੈ ਜਾਂਦੀ ਹੈ। ਬੰਦਾ ਅਕਾਸ਼ ਵਿਚ ਉੱਡਣ ਲੱਗ ਪੈਂਦਾ ਹੈ।

ਜੇ ਇਸਦੇ ਅਰਥਾਂ ਦੀ ਗੱਲ ਕਰੀਏ ਤਾਂ ਨਿਰੁਕਤੀ ਕੋਸ਼ ਅਨੁਸਾਰ- ਅਫੀਮ ਇਕ ਮਾਦਕ ਪਦਾਰਥ ਹੈ, ਅਰਬੀ-ਫਾਰਸੀ-ਅਫਯੂਨ, ਅੰਗਰੇਜ਼ੀ Oipum, ਯੂਨਾਨੀ- Oipon. ਅਰਬੀ-ਫਾਰਸੀ ਕੋਸ਼ ਅਨੁਸਾਰ- ਅਫ਼ਯੂਨ, ਅਬਯੂਨ, ਅਪਯੂਨ=ਅਫ਼ੀਮ, ਇਕ ਅਮਲ, ਇਹ ਇਕ ਪ੍ਰਕਾਰ ਦਾ ਨਸ਼ੇਦਾਰ ਠੋਸ ਪਦਾਰਥ ਹੈ, ਜਿਹੜਾ ਪੋਸਤ ਦੇ ਬੂਟੇ ਦੇ ਦੁੱਧ ਤੋਂ ਬਣਾਇਆ ਜਾਂਦਾ ਹੈ। ਇਸਨੂੰ ਆਮ ਬੋਲ ਚਾਲ ਵਿਚ ਫੀਮ ਕਹਿੰਦੇ ਹਨ। ਅਫੀਮੀ- (ਅਫ਼ਯੂਨੀ ਭਾਵ ਅਫ਼ਯੂਨ ਨਾਲ ਸੰਬੰਧਤ) ਅਫੀਮ ਖਾਣ ਵਾਲਾ, ਅਫੀਮਚੀ। ਦਿਲਗੀਰ ਕੋਸ਼ ਅਨੁਸਾਰ-ਅਫੀਮ/ਅਫੇਨਮ (ਸੰਸਕ੍ਰਿਤ-ਅਫੇਨਮ੍), ਅਫ਼ਯੂਨ, ਅਫ਼ੀਮੀ-ਅਫ਼ੀਮ ਖਾਣ ਵਾਲਾ, ਅਫੀਮਚੀ (ਛੋਟਾ ਰੂਪ-ਫੀਮੀ)।

ਪੰਜਾਬੀ ਕੋਸ਼ਾਂ ਅਨੁਸਾਰ- ਅਫੀਮ-ਪੋਸਤ ਦੇ ਡੋਡੇ ਨੂੰ ਪੱਛ ਲਾ ਕੇ ਕੱਢਿਆ ਦੁੱਧ, ਹਫੀਮ, ਜ਼ਹਿਰ, ਇਸ ਨਾਲ ਜੁੜੇ ਕਈ ਮੁਹਾਵਰੇ ਵੀ ਮਿਲਦੇ ਹਨ- ਅਫੀਮ ਕਰਕੇ ਜਾਨਣਾ= ਜ਼ਹਿਰ ਦੀ ਨਿਆਈਂ ਸਮਝਣਾ, ਅਫੀਮ ਦੇਣਾ- ਕਿਸੇ ਨੂੰ ਮਾਰਨ ਦੀ ਨੀਅਤ ਨਾਲ ਅਫੀਮ ਦੇਣੀ, ਅਫੀਮ ਲੱਗ ਜਾਣੀ/ਲਾਉਣੀ-ਅਫੀਮ ਖਾਣ ਦਾ ਆਦੀ ਹੋਣਾ, ਅਫੀਮ ਖਾਧੇ ਬਿਨਾ ਰਹਿ ਨਾ ਸਕਣਾ, ਅਫੀਮੀ-ਅਫੀਮ ਖਾਣ ਵਾਲਾ, ਅਮਲੀ, ਆਲਸੀ, ਅਫੀਮਣ- ਅਫੀਮਚੀ ਦਾ ਇਸਤਰੀ ਲਿੰਗ। ਪੰਜਾਬੀ ਵਿਚ ਇਸ ਨੂੰ ਮਾਵਾ ਖਾਣਾ ਵੀ ਕਿਹਾ ਜਾਂਦਾ, ਜਿਸਨੂੰ ਖਾ ਕੇ ਪੀਨਕ ਲੱਗ ਜਾਂਦੀ ਹੈ। ਜੇ ਇਸਦੀ ਵਿਓਤਪਤੀ 'ਤੇ ਨਜ਼ਰ ਮਾਰੀਏ ਤਾਂ ਬੜੀ ਵਿਵਾਦਾਂ ਵਿਚ ਘਿਰੀ ਨਜ਼ਰ ਆਉਂਦੀ ਹੈ। ਸਟਾਈਨਗਾਸ ਨੇ ਆਪਣੇ ਫ਼ਾਰਸੀ ਕੋਸ਼ ਵਿਚ 'ਅਫ਼ਯੂਨ' ਸ਼ਬਦ ਦਿਤਾ ਹੈ, ਪਰ ਤੁਲਨਾ ਲਈ ਸੰਸਕ੍ਰਿਤ ਸ਼ਬਦ 'ਅਫੇਨ' ਵੀ ਦਿੱਤਾ ਹੈ। ਟਰਨਰ ਇਹਦਾ ਮੂਲ ਫ਼ਾਰਸੀ ਹੀ ਮੰਨਦਾ ਹੈ। ਸਈਦੁਲ ਸੂਰੀ ਨੇ ਆਪਣੇ ਅਰਬੀ ਕੋਸ਼ 'ਅਕਰਬੁਲ ਮਵਾਰਿਦ' ਵਿਚ 'ਅਫ਼ਯੂਨ' ਨੂੰ 'ਦਖ਼ੀਲ' ਮੰਨਿਆ ਹੈ, ਜਿਸਦਾ ਭਾਵ ਹੈ ਕਿ ਅਫ਼ਯੂਨ ਸ਼ਬਦ ਕਿਸੇ ਹੋਰ ਭਾਸ਼ਾ ਤੋਂ ਤਤਸਮ ਰੂਪ ਵਿਚ ਅਰਬੀ ਵਿਚ ਲੈ ਲਿਆ ਗਿਆ ਹੈ। ਉਹਨੇ ਭਾਵੇਂ ਸਪਸ਼ਟ ਨਹੀਂ ਕੀਤਾ, ਪਰ ਉਹਦਾ ਇਸ਼ਾਰਾ ਫ਼ਾਰਸੀ ਵੱਲ ਜਾਪਦਾ ਹੈ।

ਦੂਸਰੇ ਪਾਸੇ ਰਿਚਰਡਸਨ ਤੇ ਕੁਝ ਭਾਰਤੀ ਕੋਸ਼ਕਾਰ ਅਫ਼ਯੂਨ ਨੂੰ ਅਰਬੀ ਦਾ ਸ਼ਬਦ ਮੰਨਦੇ ਹਨ। ਸ਼ਬਦ ਸਾਗਰ,



ਬੇਲਸਰੇ ਦੇ ਗੁਜਰਾਤੀ ਕੋਸ਼ ਤੇ ਕੁਲਕਰਨੀ ਦੇ ਮਰਾਠੀ ਕੋਸ਼ ਵਿਚ ਅਰਬੀ ਅਬਯੂਨ ਜਾਂ ਅਫ਼ਯੂਨ ਦੇ ਨਾਲ ਨਾਲ ਯੂਨਾਨੀ ਸ਼ਬਦ 'ਓਪੀਅਨ' ਦਾ ਵਰਨਣ ਵੀ ਮਿਲਦਾ ਹੈ। ਤੀਸਰੇ ਪਾਸੇ ਸੰਸਕ੍ਰਿਤ ਦੇ ਕੋਸ਼ਕਾਰ ਇਸਦੀ ਵਿਓਤਪਤੀ ਅਫੇਨ ਸ਼ਬਦ ਤੋਂ ਮੰਨਦੇ ਹਨ। ਸੰਸਕ੍ਰਿਤ ਦੇ ਕੋਸ਼ਾਂ ਵਿਚ ਅਫੀਮ ਦੇ ਅਰਥ ਰੱਖਣ ਵਾਲੇ ਮਿਲਦੇ-ਜੁਲਦੇ ਸ਼ਬਦ ਅਫੇਨ ਜਾਂ ਅਹਿਫੇਨ ਵੀ ਮਿਲਦੇ ਹਨ। ਪੁਰਾਤਨ ਵਿਦਵਾਨ ਇਨ੍ਹਾਂ ਦੋਹਾਂ ਸ਼ਬਦਾਂ ਨੂੰ ਅਫੀਮ ਜਾਂ ਅਫ਼ਯੂਨ ਦਾ ਮੂਲ ਮੰਨਦੇ ਹਨ। ਉਨ੍ਹਾਂ ਅਨੁਸਾਰ ਅਫੇਨ ਦਾ ਅਰਥ ਹੈ- ਜਿਸਦਾ ਫੇਨ ਚੰਗਾ ਨਾ ਹੋਵੇ ਭਾਵ ਬੁਰਾ ਹੋਵੇ, ਏਸੇ ਕਰਕੇ ਅਫੇਨ ਨੂੰ ਅਫੀਮ ਦਾ ਵਾਚਕ ਮੰਨਿਆ ਗਿਆ ਹੈ। ਇਸੇ ਤਰ੍ਹਾਂ ਅਹਿਫੇਨ ਦਾ ਵਿਓਤਪਤੀ ਮੂਲਕ ਅਰਥ ਹੈ- ਸੱਪ ਦੇ ਫੇਨ ਵਰਗਾ ਜ਼ਹਿਰੀਲੇ ਫੇਨ ਵਾਲਾ ਭਾਵ ਅਫੀਮ। ਸ਼ਾਇਦ ਏਸੇ ਕਰਕੇ ਪੰਜਾਬੀ ਵਿਚ ਇਸਨੂੰ 'ਕਾਲੀ ਨਾਗਣੀ' ਵੀ ਕਹਿੰਦੇ ਹਨ।

ਮੈਕਡਾਨੇਲ ਤੇ ਵਿਲੀਅਮ ਮੋਨੀਅਰ ਵਰਗੇ ਕੋਸ਼ਕਾਰਾਂ ਨੇ ਅਫੇਨ ਤੇ ਅਹਿਫੇਨ ਦੋਵੇਂ ਸ਼ਬਦ ਦਿੱਤੇ ਹਨ ਤੇ ਇਨ੍ਹਾਂ ਦੇ ਅਰਥ ਅਫੀਮ ਕੀਤੇ ਹਨ। ਅਸਲ ਵਿਚ ਇਨ੍ਹਾਂ ਸਾਰੇ ਸ਼ਬਦਾਂ ਦਾ ਮੂਲ ਯੂਨਾਨੀ ਸ਼ਬਦ ਓਪੀਅਨ ਹੈ, ਜਿਸਦਾ ਅਰਥ ਹੈ- ਪੋਸਤ ਦਾ ਰਸ। ਇਹ ਯੂਨਾਨੀ ਸ਼ਬਦ 'ਓਪਾਸ' ਤੋਂ ਬਣਿਆ ਹੈ, ਜਿਸਦਾ ਮੂਲ ਅਰਥ ਕੁਝ ਵਿਦਵਾਨਾਂ ਅਨੁਸਾਰ ਪੋਸਤ ਦੇ ਡੋਡੇ ਦਾ ਰਸ ਹੈ। ਇਹ ਯੂਨਾਨੀ ਸ਼ਬਦ ਓਪੀਅਨ ਲੈਟਿਨ ਦੇ ਓਪੀਅਮ ਤੋਂ ਹੁੰਦਾ ਹੋਇਆ ਅੰਗਰੇਜ਼ੀ, ਫਰੈਂਚ ਤੇ ਜਰਮਨ ਆਦਿ ਭਾਸ਼ਾਵਾਂ ਵਿਚ ਏਸੇ ਰੂਪ ਵਿਚ ਗਿਆ ਹੈ। ਪੁਰਾਣੀ ਸਲਾਵਿਕ ਵਿਚ ਇਹਦੇ ਲਈ soku, ਇੰਡੋ-ਯੂਰਪੀਅਨ ਵਿਚ sokwos, ਲਥੂਨੀਅਨ ਵਿਚ svekas, ਤੇ ਲੈਟਿਸ਼ ਵਿਚ svakas ਮਿਲਦੇ ਹਨ ਜੋ swokwos ਤੋਂ ਨਿਰਮਤ ਮੰਨੇ ਜਾਂਦੇ ਹਨ, ਜਿਨ੍ਹਾਂ ਦਾ ਅਰਥ ਅਫੀਮ ਹੈ।

ਦੂਸਰੇ ਪਾਸੇ ਯੂਨਾਨੀਆਂ ਤੋਂ ਹੀ ਇਹ ਸ਼ਬਦ ਅਰਬ ਵਾਲਿਆਂ ਨੇ ਲਿਆ ਤੇ ਓਥੇ ਇਹਦਾ ਰੂਪ ਅਫਯੂਨ ਹੋ ਗਿਆ। ਅਰਬੀ ਵਿਚ ਇਹਦੇ ਹੋਰ ਰੂਪ ਆਫ਼ਿਨ ਤੇ ਅਫ਼ੇਨ ਵੀ ਮਿਲਦੇ ਹਨ। ਅਰਬੀ ਅਫ਼ਯੂਨ ਦੇ ਆਧਾਰ 'ਤੇ ਸੰਸਕ੍ਰਿਤ ਦੇ ਪੰਡਿਤਾਂ ਨੇ ਇਹਨੂੰ ਅਫੇਨ ਜਾਂ ਅਹਿਫੇਨ ਦੀ ਪੋਸ਼ਾਕ ਪਾ ਦਿੱਤੀ। ਭਾਰਤੀ ਭਾਸ਼ਾਵਾਂ ਵਿਚ ਇਹ ਸ਼ਬਦ ਅਫੀਮ, ਫੀਮ, ਆਫੂ; ਮਰਾਠੀ ਵਿਚ ਅਫੀਮ, ਅਫੀਣ, ਅਫੂ; ਗੁਜਰਾਤੀ ਵਿਚ ਅਫੀਣ; ਨੇਪਾਲੀ ਵਿਚ ਆਫਿਮ ਆਦਿ ਰੂਪ ਮਿਲਦੇ ਹਨ। ਅਫੀਮ ਖਾਣ ਵਿਚ ਚੀਨ ਪਹਿਲੇ ਨੰਬਰ 'ਤੇ ਰਿਹਾ ਹੈ। ਓਥੇ ਨੌਵੀਂ ਸਦੀ ਵਿਚ ਅਰਬ ਤੋਂ ਅਫੀਮ ਲਿਜਾਈ ਗਈ ਸੀ ਤੇ ਓਥੇ ਇਹਦਾ ਪੁਰਾਣਾ ਨਾਂ ਅਫ਼ਯੂਨ 'ਤੇ ਅਧਾਰਤ ਅ-ਫੂ-ਯੁੰਗ ਮਿਲਦਾ ਹੈ। ਅ-ਫੂ-ਯੁੰਗ ਅਰਬੀ ਅਫ਼ਯੂਨ 'ਤੇ ਆਧਾਰਤ ਹੈ।

ਸਾਡੇ ਲੋਕ ਸਾਹਿਤ ਤੇ ਸਾਹਿਤ ਵਿਚ ਵੀ ਅਫੀਮ ਦਾ ਭਰਵਾਂ ਵਰਨਣ ਮਿਲਦਾ ਹੈ। ਇਸਦੀ ਵਰਤੋਂ ਵਿਅਕਤੀ ਨੂੰ ਆਲਸੀ, ਦਲਿਦਰੀ ਤੇ ਨਿਕੰਮਾ ਬਣਾ ਦਿੰਦੀ ਹੈ। ਡਾ. ਚਰਨ ਸਿੰਘ ਨੇ 'ਮਹਾਰਾਣੀ ਸ਼ਰਾਬ ਕੌਰ ਦੇ ਦਰਬਾਰੀ' ਵਿਚ ਅਫੀਮਚੀ ਦੀ ਦਸ਼ਾ ਦਾ ਵਰਨਣ ਕਰਦਿਆਂ ਲਿਖਿਆ ਹੈ- "ਅੱਖਾਂ ਦੀਆਂ ਪੁਤਲੀਆਂ ਸੁੰਗੜੀਆਂ ਹੋਈਆਂ, ਚੇਹਰੇ ਦੀ ਕਾਂਤਿ ਨਾਸ਼, ਆਲਸ ਤੇ ਨੀਂਦਰ ਕਰਕੇ ਉਘਲਾਟ, ਸਰੀਰ ਦੇ ਨਿਰਬਲ ਤੇ ਸੁੱਕੇ ਹੋਏ, ਜਿਥੇ ਬੈਠੇ ਉੱਘ ਦੀ ਬੇਪਰਵਾਹੀ ਤੇ ਨੀਂਦਰ ਦੀ ਕੋਈ ਹੱਦ ਹਿਸਾਬ ਨਹੀਂ। ਕਦੀ ਤਾਂ ਚਾਰ ਪਹਿਰ ਦਿਨ ਤੇ ਚਾਰ ਪਹਿਰ ਰਾਤ ਸੁਤਿਆਂ ਲੰਘ ਗਏ। ਦੀਨ ਦੁਨੀਆ ਦੀ ਕੋਈ ਖਬਰ ਨਹੀਂ। ਕਦੇ ਜੇ ਨੀਂਦਰ ਉਖੜੇ ਤਾਂ ਸਾਰੀ ਰਾਤ ਉਸਲਵੱਟੇ ਭੰਨਦਿਆਂ, ਉਬਾਸੀਆਂ ਲੈਂਦਿਆਂ, ਲੱਤਾਂ ਬਾਹਾਂ ਮਾਰਦਿਆਂ, ਢਿੱਡ ਘੁਟਦਿਆਂ, ਉਠਦਿਆਂ, ਬੈਠਦਿਆਂ, ਪਿਟਦਿਆਂ, ਖੋਹਦਿਆਂ, ਅਫੀਮੀ ਦੀ ਰਾਤ ਜਾਂਦੀ ਹੈ, ਪਰ ਨੀਂਦ ਨਹੀਂ ਆਉਂਦੀ।"

ਕਿਹਾ ਜਾਂਦਾ ਹੈ ਕਿ 'ਕਾਗਜ਼ ਭਿੱਜ ਜਾਏ ਤਾਂ ਸੁੱਕ ਕੇ ਕਾਗਜ਼ ਹੀ ਰਹਿੰਦਾ ਹੈ ਪਰ ਜੇ ਅਫੀਮਚੀ ਭਿੱਜ ਜਾਏ ਤਾਂ ਕੱਖ ਦਾ ਨਹੀਂ ਰਹਿੰਦਾ। ਅਫੀਮਚੀ ਨੇ ਪਾਣੀ ਡਿੱਠਾ ਤਾਂ ਕਾਂਬਾ ਛਿੜਿਆ।' ਲੋਕ ਸਿਆਣਪਾਂ ਵਿਚ ਅਫੀਮੀਆਂ ਨੂੰ ਇਸਨੂੰ ਖਾਣ ਤੋਂ ਵਰਜਣ ਲਈ ਇਹ ਟੱਪਾ ਜੋੜਿਆ ਹੈ:

ਰੱਤੀ ਖਾਏ ਰੱਤ ਨੂੰ, ਮਾਸਾ ਖਾਏ ਮਾਸ।
ਤੋਲਾ ਖਾਏ ਹੱਡੀਆਂ, ਦਮ ਦਾ ਕੀ ਭਰਵਾਸ।

ਪਰ ਅਫੀਮਚੀਆਂ ਨੇ ਆਪਣੇ ਮਤਲਬ ਦਾ ਟੱਪਾ ਇਸਦੇ ਜੁਆਬ ਵਿਚ ਜੋੜ ਲਿਆ:

ਜਿੱਥੇ ਭੰਗ ਨਹੀਂ, ਓਥੇ ਰੰਗ ਨਹੀਂ।
ਜਿਥੇ 'ਫੀਮ ਨਹੀਂ, ਓਥੇ ਤਾਜ਼ੀਮ ਨਹੀਂ।

ਅਫੀਮਚੀਆਂ ਬਾਰੇ ਕਈ ਹਸਾਉਣੀਆਂ ਤੇ ਚੁਟਕਲੇ ਵੀ ਪ੍ਰਸਿੱਧ ਹਨ।

# ਮੰਜੀ ਦੀ ਦੌਣ ਵਾਂਗ ਕੱਸੀਆਂ ਰਚਨਾਵਾਂ ਵਾਲਾ ਗਾਰਗੀ

ਰਾਜਵੀਰ ਕੌਰ ਗਿੱਲ

ਆਪਣੇ ਆਪ ਨੂੰ ਚੰਗੀ ਚਾਹ ਦਾ ਸ਼ੌਕੀਨ ਦੱਸਣ ਵਾਲਾ ਬਲਵੰਤ ਗਾਰਗੀ, ਸਾਹਿਤਕ ਹਲਕਿਆਂ ਵਿੱਚ ਸੋਹਣੀਆਂ ਕੁੜੀਆਂ ਦੇ ਪਸੰਦੀਦਾ ਲੇਖਕ ਵਜੋਂ ਵੀ ਮਸ਼ਹੂਰ ਸੀ। ਗਾਰਗੀ ਨੇ ਆਪਣੇ ਔਰਤ ਪਾਤਰਾਂ ਨੂੰ ਚਿਤਰਣ ਲੱਗਿਆ ਜਿਸ ਕਿਸਮ ਦੀ ਖੁੱਲ੍ਹੀ ਭਾਸ਼ਾ ਦੀ ਵਰਤੋਂ ਕੀਤੀ, ਉਸ ਨੇ ਕਈ ਵਾਰ ਉਸ ਨੂੰ ਲੋਕ ਕਟਹਿਰੇ ਵਿੱਚ ਲਿਆ ਖੜ੍ਹਾ ਕੀਤਾ। ਹਾਲਾਂਕਿ ਗਾਰਗੀ ਲਈ ਸਮਾਜ ਦੇ ਇੱਕ ਤਬਕੇ ਦੇ ਵੱਲੋਂ ਖੋਲ੍ਹੇ ਗਏ ਇਹ ਮੁਕੱਦਮੇ ਬੇਮਾਇਨੇ ਹੀ ਸਨ; ਕਿਉਂਕਿ ਉਸ ਨੇ ਆਪਣੀਆਂ ਪ੍ਰੇਮੀਕਾਵਾਂ ਤੇ ਇੱਥੋਂ ਤੱਕ ਕਿ ਆਪਣੀ ਪਤਨੀ ਨਾਲ ਸ਼ੁਰੂਆਤੀ ਦਿਨਾਂ ਦੀ ਮੁਹੱਬਤ ਬਾਰੇ ਲਿਖਣ ਲੱਗਿਆਂ ਵੀ ਤਾਂ ਕਦੀ ਗੁਰੇਜ਼ ਨਹੀਂ ਸੀ ਕੀਤਾ! ਇਸੇ ਲਈ ਗਾਰਗੀ ਨੂੰ ਔਰਤ ਮਨ ਦੀਆਂ ਤੰਦਾਂ ਨੂੰ ਸੂਖ਼ਮਤਾ ਨਾਲ ਫ਼ਰੋਲਣ ਲਈ ਸਰਾਹਿਆ ਵੀ ਗਿਆ।

ਦਰਮਿਆਨੇ ਕੱਦ-ਕਾਠ ਦਾ ਬਲਵੰਤ ਗਾਰਗੀ ਅੰਗਰੇਜ਼ੀ ਬੋਲਣ ਵਾਲਾ ਪੰਜਾਬੀ ਸੀ, ਜਿਸ ਦੇ ਨਾਟਕਾਂ ਦੇ ਪਾਤਰ ਪੰਜਾਬ ਦੀ ਪਿੰਡਾਂ ਦੀ ਬੋਲੀ ਬੋਲਦੇ ਹਨ। ਜਿੰਨੀ ਬੇਬਾਕੀ ਨਾਲ ਗਾਰਗੀ ਨੇ ਆਪਣੀ ਜੀਵਨੀ ਤੇ ਆਪਣੇ ਬਾਰੇ ਲਿਖੇ ਰੇਖਾ ਚਿੱਤਰਾਂ ਵਿੱਚ ਖ਼ੁਦ ਨੂੰ ਬੇਪਰਦਗੀ ਨਾਲ ਲਿਖਿਆ, ਉਸ ਦਲੇਰੀ ਨਾਲ ਸ਼ਾਇਦ ਹੀ ਕੋਈ ਆਪਣੇ ਜਾਂ ਕਿਸੇ ਬਾਰੇ ਲਿਖਣ ਦੀ ਜ਼ੁਅਰਤ ਕਰੇ। ਆਪਣੀ ਸਵੈ-ਜੀਵਨੀ 'ਨੰਗੀ ਧੁੱਪ' ਵਿੱਚ ਗਾਰਗੀ ਲਿਖਦੇ ਹਨ, "ਆਪਣੇ ਬਾਰੇ ਇਹ ਲਿਖਣਾ ਕਿ ਮੈਂ ਕਿੰਨਾ ਚੰਗਾ ਹਾਂ, ਚੰਗੀ ਕਲਾ ਦਾ ਸੂਚਕ ਨਹੀਂ। ਲਿਖਣ ਲੱਗਿਆਂ ਲੁਕੇ ਹੋਏ ਰਾਜ਼ ਤੇ ਦੱਬੇ ਹੋਏ ਪਾਪ ਉਜਾਗਰ ਹੋਣ ਤਾਂ ਲੇਖਕ ਨੂੰ ਵੀ ਇੱਕ ਨਵੀਂ ਸੂਝ ਤੇ ਚਾਨਣ ਮਿਲਦਾ ਹੈ।"

4 ਦਸੰਬਰ 1917 ਨੂੰ ਜਨਮੇ ਬਲਵੰਤ ਗਾਰਗੀ ਦੇ ਬਠਿੰਡਾ ਦੇ ਪਿੰਡ ਸਹਿਣਾ (ਹੁਣ ਬਰਨਾਲਾ ਜ਼ਿਲ੍ਹੇ ਦਾ ਹਿੱਸਾ) ਤੋਂ ਸ਼ੁਰੂ ਹੋਏ ਤੇ ਅਮਰੀਕਾ ਦੇ ਸਿਆਟਲ ਤੱਕ ਫ਼ੈਲੇ ਮਹਾਨ ਕਲਾ ਸੰਸਾਰ ਨੂੰ ਜਾਨਣ ਲੱਗਦੇ ਹਾਂ, ਤਾਂ ਇਸ ਦੇ ਨਾਲ ਹੀ ਕਈ ਸਮਾਜਿਕ ਕਦਰਾਂ-ਕੀਮਤਾਂ ਨੂੰ ਕਟਹਿਰੇ ਵਿੱਚ ਖੜ੍ਹਾ ਕਰਦੀ ਉਨ੍ਹਾਂ ਦੀ ਨਿੱਜੀ ਜ਼ਿੰਦਗੀ 'ਤੇ ਵੀ ਝਾਤ ਵੱਜ ਜਾਵੇਗੀ।

ਬਲਵੰਤ ਗਾਰਗੀ ਦੇ ਲਿਖੇ ਰੇਖਾ-ਚਿੱਤਰ ਬੇਹੱਦ ਮਕਬੂਲ ਹੋਏ। ਉਨ੍ਹਾਂ ਨੇ ਆਪਣਾ ਰੇਖਾ-ਚਿੱਤਰ ਵੀ ਲਿਖਿਆ, ਜਿਸ ਵਿੱਚ ਉਹ ਮਜ਼ਬੂਰਨ ਪੜ੍ਹਾਈ-ਲਿਖਾਈ ਵੱਲ ਰੁਖ਼ ਕੀਤੇ ਜਾਣ ਦੀ ਗੱਲ ਕਰਦੇ ਹਨ। ਉਹ ਲਿਖਦੇ ਹਨ ਕਿ ਉਨ੍ਹਾਂ ਦਾ ਪਹਿਲਾ ਇਸ਼ਕ 'ਸੰਗੀਤ' ਸੀ; ਪਰ ਗਾਰਗੀ ਦੀ ਮਾਂ ਤਬਲੇ-ਵਾਜੇ ਦੇ ਖ਼ਿਲਾਫ਼ ਸੀ। "ਗਾਰਗੀ ਨੂੰ ਘਰ ਦੇ ਪਿਛਲੇ ਪਾਸੇ ਤੋਂ ਢੋਲਕੀ 'ਤੇ ਗਾਉਂਦੀਆਂ ਮਰਾਸਣਾਂ 'ਨੂਰਾਂ' ਤੇ 'ਸੱਦੀ' ਦੀ ਆਵਾਜ਼ ਤੇਲ ਵਿੱਚ ਰਸੀ ਹੋਈ ਬੰਸਰੀ ਦੀ ਆਵਾਜ਼ ਵਰਗੀ ਸੁਰੀਲੀ ਲੱਗਦੀ।" ਉਹ ਆਪਣੇ ਬਾਰੇ ਲਿਖਦੇ ਹਨ, "ਘਰ ਵਿੱਚ ਇੱਕ ਜੰਗ ਜਾਰੀ ਰਹੀ, ਮੇਰੇ ਸੰਗੀਤ ਅਤੇ ਮਾਂ ਦੇ ਗਾਲ੍ਹਾਂ ਤੇ ਮੁੱਕਿਆਂ ਦੀ।"

ਗਾਰਗੀ ਨੇ ਕਈ ਦਹਾਕੇ ਪਹਿਲਾਂ ਟੋਰਾਂਟੋ ਦੇ 'ਵਿਜ਼ਿਨਜ਼ ਆਫ਼ ਪੰਜਾਬ' ਨੂੰ ਦਿੱਤੇ ਇੰਟਰਵਿਊ ਵਿੱਚ ਦੱਸਿਆ ਸੀ, "ਸੰਗੀਤ ਮੇਰੀ ਰੂਹ ਵਿੱਚ ਸੀ; ਪਰ ਮਾਂ ਇਸ ਦੇ ਸਖ਼ਤ ਖ਼ਿਲਾਫ਼ ਸੀ ਤੇ ਡਾਢੇ ਸੁਭਾਅ ਦੀ ਸੀ। ਸਖ਼ਤੀ ਨਾਲ ਕਹਿੰਦੀ ਕਿ ਜੇ ਨੱਚਣ-ਗਾਉਣ ਦਾ ਕੰਮ ਕੀਤਾ ਤਾਂ ਗਲ਼ਾ ਘੁੱਟ ਦਿਆਂਗੀ। ਫ਼ਿਰ ਚੌਦਾਂ ਸਾਲ ਦੀ ਉਮਰ ਵਿੱਚ ਮੈਨੂੰ ਅਹਿਸਾਸ ਹੋਇਆ ਕਿ ਮੈਂ ਵੱਡਾ ਸੰਗੀਤਕਾਰ ਨਹੀਂ ਬਣ ਸਕਦਾ, ਕਿਉਂਕਿ ਰਿਆਜ਼ ਸੰਭਵ ਹੀ ਨਹੀਂ ਸੀ।" "ਸਾਹਿਤ ਵੱਲ ਤਾਂ ਐਵੇਂ ਹੀ ਆ ਗਿਆ ਜਿਵੇਂ ਜਦੋਂ ਮਹਿਬੂਬ ਨਾਲ ਵਿਆਹ ਨਾ ਹੋਵੇ ਤਾਂ ਕੋਈ ਆਦਮੀ ਦੂਜੀ ਥਾਂ ਵਿਆਹਿਆ ਗਿਆ ਹੋਵੇ।"

ਫ਼ਿਰ ਕਾਲਜ ਦੇ ਦਿਨਾਂ ਵਿੱਚ ਗਾਰਗੀ ਨੇ ਕਦੀ-ਕਦੀ ਕਵਿਤਾ ਲਿਖਣੀ ਸ਼ੁਰੂ ਕੀਤੀ। ਐੱਮ.ਏ. ਅੰਗਰੇਜ਼ੀ ਕੀਤੀ ਤੇ ਇਸੇ ਦੌਰਾਨ ਨਾਟਕਾਂ ਨਾਲ ਉਨ੍ਹਾਂ ਨੂੰ ਪਿਆਰ ਹੋ ਗਿਆ। ਸੁਤੰਤਰ ਲੇਖਕ, ਨਾਟਕਕਾਰ, ਨਿਰਦੇਸ਼ਕ ਅਤੇ ਪੱਤਰਕਾਰ ਵਜੋਂ ਉਨ੍ਹਾਂ ਨੇ ਕੰਮ ਕਰਨਾ ਸ਼ੁਰੂ ਕੀਤਾ ਤੇ ਗੁਰਬਖਸ਼ ਸਿੰਘ ਪ੍ਰੀਤਲੜੀ ਕੋਲ ਪ੍ਰੀਤ ਨਗਰ ਨਾਟਕ ਖੇਡਣ ਜਾਂਦੇ, ਜਿਸ ਤੋਂ ਬਾਅਦ ਅਮਰੀਕਾ ਦੇ ਸਿਆਟਲ ਵਿੱਚ ਥੀਏਟਰ ਪੜ੍ਹਾਉਣ ਚਲੇ ਗਏ। ਗਾਰਗੀ ਨੂੰ ਉਨ੍ਹਾਂ ਦੀਆਂ ਲਿਖਤਾਂ ਲਈ ਪਦਮਸ਼੍ਰੀ ਸਨਮਾਨ ਮਿਲਿਆ ਅਤੇ ਸਾਹਿਤ ਅਕਾਦਮੀ ਪੁਰਸਕਾਰ ਸਣੇ ਕਈ ਵੱਕਾਰੀ ਪੁਰਸਕਾਰ ਉਨ੍ਹਾਂ ਦੀ ਝੋਲੀ ਪਏ।


---

ਗਾਰਗੀ ਨੇ ਇੱਕੋ ਸਮੇਂ ਕਈ-ਕਈ ਕੁੜੀਆਂ ਨਾਲ ਆਪਣੇ ਇਸ਼ਕ ਦੇ ਕਿੱਸਿਆਂ ਬਾਰੇ ਬਹੁਤ ਬੇਬਾਕੀ ਨਾਲ ਲਿਖਿਆ। ਜਦੋਂ ਕਦੀ ਕਿਸੇ ਦੇ ਅਹਿਸਾਸ ਉੱਤੇ ਇਮਾਨਦਾਰੀ ਨਾਲ ਠਹਿਰ ਗਿਆ ਤਾਂ ਉਸ ਬਾਰੇ ਵੀ ਉਸ ਨੇ ਆਪਣਾ ਪਾਠਕਾਂ ਤੋਂ ਕੁਝ ਲਕੋਇਆ ਨਹੀਂ। ਉਹ ਲਿਖਦੇ ਹਨ, "ਗਾਰਗੀ ਅਜਿਹਾ ਪੰਜਾਬੀ ਲੇਖਕ ਹੈ, ਜਿਸ ਉੱਤੇ ਸੋਹਣੀਆਂ ਕੁੜੀਆਂ ਨੇ ਇਤਬਾਰ ਕੀਤਾ।" ਪਰ ਇਸ ਇਤਬਾਰ ਬਦਲੇ ਹੋਈ ਮੁਹੱਬਤ ਵਿੱਚ ਕਈ ਵਾਰ ਧੋਖਾ ਵੀ ਮਿਲਿਆ ਤੇ ਕਈ ਵਾਰ ਉਸ ਨੇ ਖ਼ੁਦ ਵੀ ਦਿੱਤਾ। ਜਿਸ ਨੂੰ ਗਾਰਗੀ ਨੇ ਕਦੀ ਚੁੱਪ ਰਹਿ ਜ਼ਰਿਆ ਤਾਂ ਕਦੀ ਸ਼ਬਦੀ ਰੂਪ ਦੇ ਕੇ ਆਪਣੇ ਅਹਿਸਾਸਾਂ ਤੋਂ ਮੁਕਤੀ ਪਾਉਣ ਦੀ ਕੋਸ਼ਿਸ਼ ਕੀਤੀ।


ਗਾਰਗੀ ਕਹਿੰਦੇ ਹਨ ਕਿ ਉਨ੍ਹਾਂ ਨੂੰ ਕਦੇ ਵੀ ਗੁੱਸਾ ਨਹੀਂ ਆਉਂਦਾ, ਨਾ ਕਿਸੇ ਭਾਂਡੇ ਦੇ ਟੁੱਟ ਜਾਣ 'ਤੇ, ਨਾ ਘਰ ਵਿੱਚ ਚੋਰੀ ਹੋਣ 'ਤੇ ਅਤੇ ਨਾ ਹੀ ਪ੍ਰੇਮਿਕਾ ਦੇ ਧੋਖਾ ਦੇ ਜਾਣ 'ਤੇ। ਉਹ ਕਹਿੰਦੇ ਹਨ, "ਮੇਰੇ ਨਾਲ ਘਟਨਾਵਾਂ ਨਹੀਂ, ਹਾਦਸੇ ਹੁੰਦੇ ਆ।" ਗਾਰਗੀ ਦਾ ਆਪਣੀ ਅਮਰੀਕਨ ਮਹਿਬੂਬ ਜੀਨੀ ਨਾਲ ਵਿਆਹ ਵੀ ਇਸੇ ਤਰ੍ਹਾਂ ਦੇ ਇਸ਼ਕ ਦੀ ਕਹਾਣੀ ਹੈ। ਗਾਰਗੀ ਦੀ ਸਵੈ-ਜੀਵਨੀ ਦੀ ਸ਼ੁਰੂਆਤ ਉਸ ਦੇ ਜੀਨੀ ਨਾਲ ਮੁਲਾਕਾਤ ਦੇ ਕਿੱਸੇ ਨਾਲ ਹੁੰਦੀ ਹੈ। ਉਹ ਲਿਖਦੇ ਹਨ, "ਜਦੋਂ ਮੈਂ ਜੀਨੀ ਨੂੰ ਮਿਲਿਆ, ਉਸ ਵੇਲੇ ਮੇਰੇ ਤਿੰਨ ਇਸ਼ਕ ਚੱਲ ਰਹੇ ਸਨ। ਤਿੰਨੇ ਕੁੜੀਆਂ ਪਿਆਰ ਵਿੱਚ ਡੁੱਬੀਆਂ ਹੋਈਆਂ ਸਨ। ਤਿੰਨੇ ਵਫ਼ਾਦਾਰ, ਤਿੰਨੇ ਵੇਗ-ਮੱਤੀਆਂ, ਤਿੰਨੇ ਕੌਲ-ਕਰਾਰ ਦੀਆਂ ਪੂਰੀਆਂ।" "ਮੈਂ ਪ੍ਰੇਸ਼ਾਨ ਸਾਂ ਕਿ ਕਿਸ ਨਾਲ ਵਿਆਹ ਕਰਾਂ? ਕਿਸ ਨੂੰ ਲਾਰਾ ਲਾਵਾਂ? ਕਿਸ ਨੂੰ ਧੋਖਾ ਦੇਵਾਂ?"

ਗਾਰਗੀ ਦੇ ਕਰੀਬੀ ਦੋਸਤ ਰਹੇ ਗੁਲਜ਼ਾਰ ਸੰਧੂ ਦੱਸਦੇ ਹਨ ਕਿ ਗਾਰਗੀ ਨੇ ਜੀਨੀ ਲਈ ਤਿੰਨਾਂ ਨਾਲ ਰਾਬਤਾ ਖ਼ਤਮ ਕੀਤਾ ਤੇ ਫ਼ਿਰ ਇਸ ਸਭ ਬਾਰੇ ਜੀਨੀ ਨੂੰ ਵੀ ਦੱਸਿਆ। "ਹਾਲਾਂਕਿ ਜੀਨੀ ਨਾਲ ਮੁਹੱਬਤ ਦੀ ਨੀਂਹ 'ਤੇ ਸ਼ੁਰੂ ਹੋਇਆ ਇਹ ਰਿਸ਼ਤਾ ਵਿਆਹ ਤੇ ਦੋ ਬੱਚਿਆਂ, ਪੁੱਤ ਮਨੂੰ ਤੇ ਧੀ ਜੰਨਤ ਦੇ ਜਨਮ ਤੱਕ ਤਾਂ ਪਹੁੰਚਿਆ, ਪਰ ਉਮਰ ਦੇ ਇੱਕ ਪੜ੍ਹਾਅ 'ਤੇ ਆ ਕੇ ਰੁਕ ਗਿਆ। ਜਦੋਂ ਗਾਰਗੀ ਨੂੰ ਇੱਕ ਥੀਏਟਰ ਆਰਟਿਸਟ ਨਾਲ ਇਸ਼ਕ ਹੋ ਗਿਆ ਤੇ ਉਹ ਅਕਸਰ ਚੰਡੀਗੜ੍ਹ ਯੂਨੀਵਰਸਿਟੀ ਕੈਂਪਸ ਵਿਚਲੀ ਉਨ੍ਹਾਂ ਦੀ ਰਿਹਾਇਸ਼ 'ਤੇ ਆਉਣ-ਜਾਣ ਲੱਗੀ।"

ਗੁਲਜ਼ਾਰ ਦੱਸਦੇ ਹਨ ਕਿ ਗਾਰਗੀ ਮਨਮੌਜੀ ਕਿਸਮ ਦਾ ਇਨਸਾਨ ਸੀ, ਲੋਕਾਂ ਦੀ ਬਹੁਤੀ ਪਰਵਾਹ ਨਹੀਂ ਸੀ ਕਰਦਾ, ਪਰ ਦੋਸਤਾਂ ਪ੍ਰਤੀ ਰਵੱਈਆ ਬਹੁਤ ਜ਼ਿੰਦਾਦਿਲ ਸੀ। ਜੀਨੀ ਗਾਰਗੀ ਤੋਂ ਅਲਹਿਦਾ ਹੋ ਬੱਚਿਆਂ ਨੂੰ ਲੈ ਕੇ ਸਿਆਟਲ (ਅਮਰੀਕਾ) ਵਿੱਚ ਵਾਪਸ ਚਲੀ ਗਈ। ਜੀਨੀ ਵੀ ਦੁਨੀਆਂ ਨੂੰ ਅਲਵਿਦਾ ਕਹਿ ਚੁੱਕੀ ਹੈ। ਉਨ੍ਹਾਂ ਦੀ ਧੀ ਜੰਨਤ ਅਮਰੀਕਾ ਵਿੱਚ ਇੱਕ ਕਾਮਯਾਬ ਫ਼ਿਲਮਸਾਜ਼ ਹੈ।



ਬਲਵੰਤ ਗਾਰਗੀ




---

ਗਾਰਗੀ ਨੂੰ ਉਨ੍ਹਾਂ ਦੇ ਨਾਟਕਾਂ ਦੇ ਔਰਤ ਪਾਤਰਾਂ ਲਈ ਉਚੇਚੇ ਤੌਰ 'ਤੇ ਜਾਣਿਆ ਜਾਂਦਾ ਹੈ। ਫ਼ਿਰ ਚਾਹੇ ਉਹ 'ਲੋਹਾ ਕੁੱਟ' ਹੋਵੇ ਜਾਂ 'ਕਣਕ ਦੀ ਬੱਲੀ', ਪੇਂਡੂ ਔਰਤ ਦੇ ਮਨ ਦੀਆਂ ਤੰਦਾਂ ਨੂੰ ਗਾਰਗੀ ਨੇ ਦਰਸ਼ਕਾਂ ਸਾਹਮਣੇ ਬਾਖ਼ੂਬੀ ਖੋਲ੍ਹਿਆ ਹੈ। 'ਕਣਕ ਦੀ ਬੱਲੀ' ਨਾਟਕ ਬਾਰੇ ਬਲਵੰਤ ਗਾਰਗੀ ਨੇ ਇੱਕ ਇੰਟਰਵਿਊ ਵਿੱਚ ਦੱਸਿਆ ਸੀ, "ਇਸ ਦਾ ਥੀਮ ਪਿੰਡ ਦੀ ਖ਼ੂਬਸੂਰਤ ਕੁੜੀ ਦੇ ਤਬਾਹ ਹੋਣ ਦੀ ਕਹਾਣੀ ਹੈ।, ਜਿਸ ਨੂੰ ਵੰਗਾਂ ਵੇਚਣ ਵਾਲੇ ਨਾਲ ਪਿਆਰ ਹੋ ਜਾਂਦਾ ਹੈ।"

ਇਸ ਤੋਂ ਬਾਅਦ 1944 ਵਿੱਚ ਉਨ੍ਹਾਂ ਨੇ 'ਲੋਹਾ ਕੁੱਟ' ਨਾਟਕ ਲਿਖਿਆ, ਜਿਸ ਵਿੱਚ ਸਖ਼ਤ ਮਿਜ਼ਾਜ ਲੁਹਾਰ ਮਾਪਿਆਂ ਦੀ ਧੀ ਬਾਗ਼ੀ ਹੁੰਦੀ ਹੈ ਤਾਂ ਉਸ ਨਾਲ ਪਰਿਵਾਰ ਦੇ ਰਵੱਈਏ ਦੀ ਕਹਾਣੀ ਹੈ। ਬਾਗ਼ੀ ਹੋਈ ਧੀ ਦੀ ਮਾਂ ਦੇ ਬਦਲਦੇ ਅਹਿਸਾਸ ਉਸ ਦੀ ਸਮਾਜਿਕ ਵਰਤਾਰਿਆਂ ਅਤੇ ਧੀ ਪ੍ਰਤੀ ਬਦਲਦੀ ਸਮਝ ਨੇ ਮਾਂ ਨੂੰ ਉਸ ਦੀ ਆਪਣੀ ਸੁੰਨੀ-ਸੱਖਣੀ ਜ਼ਿੰਦਗੀ ਦੇ ਸਨਮੁੱਖ ਲਿਆ ਖੜ੍ਹਾ ਕੀਤਾ। ਗਾਰਗੀ ਦੇ ਸ਼ਬਦਾਂ ਵਿੱਚ, "ਡਰਾਮੇ ਵਿੱਚ ਮਾਂ ਬਦਲਦੀ ਹੈ। ਉਹ ਜਜ਼ਬਾਤੀ ਤੌਰ 'ਤੇ ਜਾਗਦੀ ਹੈ ਕਿ ਉਸ ਦੇ ਸਾਰੇ ਅਹਿਸਾਸ ਤਾਂ ਲੁਹਾਰ ਦੀ ਭੱਠੀ ਵਿੱਚ ਹੀ ਸੜ ਗਏ ਹਨ ਤੇ ਉਸ ਨੂੰ ਸਮਝ ਆਉਂਦੀ ਹੈ ਕਿ ਮੈਂ ਤਾਂ ਆਪਣੇ ਪਤੀ ਨੂੰ ਕਦੀ ਪਿਆਰ ਹੀ ਨਹੀਂ ਕਰ ਸਕੀ।"

ਇੰਨੀ ਸੂਖਮਤਾ ਨਾਲ ਸ਼ਾਇਦ ਹੀ ਕਿਸੇ ਹੋਰ ਪੰਜਾਬੀ ਨਾਟਕਕਾਰ ਨੇ ਔਰਤ ਮਨ ਦੀਆਂ ਡੂੰਘਾਣਾਂ ਨੂੰ ਸਮਝਿਆ ਹੋਵੇ। ਇਸ ਬਾਰੇ ਗਾਰਗੀ ਦਾ ਕਹਿਣਾ ਹੈ ਕਿ ਕਿਸੇ ਦੇ ਭਾਵਾਂ ਨੂੰ ਸਮਝਣ ਲਈ ਤੁਹਾਡਾ ਆਪਣਾ ਜੈਂਡਰ ਮਾਅਨੇ ਨਹੀਂ ਰੱਖਦਾ, ਬਸ ਤੁਹਾਨੂੰ ਮਨੁੱਖੀ ਅਹਿਸਾਸਾਂ ਨੂੰ ਮਹਿਸੂਸ ਕਰਨ ਲਈ ਰਾਜ਼ੀ ਹੋਣ ਦੀ ਲੋੜ ਹੈ।

ਬਲਵੰਤ ਗਾਰਗੀ ਨੂੰ ਉਨ੍ਹਾਂ ਵੱਲੋਂ ਵਰਤੀ ਗਈ ਭਾਸ਼ਾ ਲਈ ਪਿਆਰ ਤਾਂ ਮਿਲਿਆ, ਪਰ ਕਈ ਸ਼ਬਦਾਂ ਲਈ ਉਨ੍ਹਾਂ ਉੱਤੇ ਅਸ਼ਲੀਲ ਤਰੀਕੇ ਨਾਲ ਲਿਖਣ ਦੇ ਇਲਜ਼ਾਮ ਵੀ ਲੱਗੇ। ਕਈ ਸਮਕਾਲੀ ਭਾਸ਼ਾ ਮਾਹਰਾਂ ਦਾ ਇਲਜ਼ਾਮ ਸੀ ਕਿ ਉਹ ਇਸ ਕਦਰ ਬੋਲਚਾਲ ਦੀ ਭਾਸ਼ਾ ਦੀ ਵਰਤੋਂ ਕਰਕੇ ਸਾਹਿਤਕ ਭਾਸ਼ਾ ਨੂੰ ਅਸੱਭਿਅਕ ਤੇ ਪਲੀਤ ਕਰ ਰਿਹਾ ਹੈ। ਪਰ ਗਾਰਗੀ ਦੀਆਂ ਲਿਖਤਾਂ ਨੂੰ ਚਾਹੁਣ ਵਾਲਿਆਂ ਮੁਤਾਬਕ ਉਸ ਦੀ ਭਾਸ਼ਾ ਦੀ ਰਵਾਨਗੀ ਤੁਹਾਨੂੰ ਪੜ੍ਹਦਿਆਂ ਨੂੰ ਹੀ ਉਸ ਦੇ ਨਾਟਕਾਂ ਦੇ ਪਾਤਰਾਂ ਨਾਲ ਜਾ ਬਿਠਾਉਂਦੀ ਹੈ।

ਗਾਰਗੀ ਦਾ ਸਭ ਤੋਂ ਪਹਿਲਾ ਪੰਜਾਬੀ ਨਾਟਕ 'ਕੱਕਾ ਰੇਤਾ' ਸੀ, ਜਿਸ ਬਾਰੇ ਲੇਖਕ ਗੁਲਜ਼ਾਰ ਸੰਧੂ ਕਹਿੰਦੇ ਹਨ ਕਿ ਕੱਕਾ ਰੇਤਾ ਪੜ੍ਹੋ ਤਾਂ ਤੁਹਾਨੂੰ ਰੇਤਿਆਂ ਦੇ ਪੰਜਾਬ ਵਿੱਚ ਲੈ ਜਾਂਦਾ ਹੈ, ਬੋਲੀ ਤੁਹਾਨੂੰ ਪਿੰਡ ਮਹਿਸੂਸ ਕਰਨ ਲਾ ਦਿੰਦੀ ਹੈ।" "ਪੜ੍ਹਨ ਵਾਲੇ ਲਿਖਤ ਨਾਲ ਵਹਿ ਤੁਰਦੇ ਹਨ ਤੇ ਇੱਕੋ ਸਾਹੇ ਸਾਰਾ ਨਾਟਕ ਪੜ੍ਹ ਲੈਣ ਲਈ ਮਜ਼ਬੂਰ ਹੋ ਜਾਂਦੇ ਹਨ।" ਗਾਰਗੀ ਵੱਲੋਂ ਔਰਤਾਂ ਦੇ ਚਿਤਰਣ ਵੇਲੇ ਵਰਤੀ ਗਈ ਭਾਸ਼ਾ ਤੇ ਉਸ ਦੇ ਬਦਲੇ ਹੋਈ ਆਲੋਚਨਾ ਬਾਰੇ ਗੁਲਜ਼ਾਰ ਸੰਧੂ ਕਹਿੰਦੇ ਹਨ, "ਉਸ 'ਤੇ ਆਲੋਚਨਾ ਦਾ ਅਸਰ ਨਹੀਂ ਸੀ। ਉਹ ਆਪਣੀ ਤੋਰ ਤੁਰਦਾ ਸੀ ਤੇ ਪਰਵਾਹ ਨਹੀਂ ਸੀ ਕਰਦਾ ਕਿ ਕੌਣ ਕੀ ਕਹਿ ਰਿਹੈ।"


ਗਾਰਗੀ ਆਪਣੇ ਬਾਰੇ ਲਿਖਿਆ, "ਮੈਂ ਹਮੇਸ਼ਾ ਅੰਗਰੇਜ਼ੀ ਵਿੱਚ ਲਿਖਣਾ ਚਾਹੁੰਦਾ ਸੀ। ਮੈਨੂੰ ਲੱਗਦਾ ਸੀ ਲੰਡਨ ਜਾ ਕੇ ਉਸ ਦੀਆਂ ਗ਼ਲੀਆਂ ਵਿੱਚ ਘੁੰਮਾਂ ਤੇ ਅੰਗਰੇਜ਼ੀ ਜ਼ੁਬਾਨ ਨੂੰ ਪੱਕਾ ਕਰਕੇ ਉਸੇ ਵਿੱਚ ਲਿਖਾਂ।" ਪਰ ਲੋਕ ਰੰਗ ਨੂੰ ਮਹਿਸੂਸ ਕਰ ਸਮਾਜ ਦੀ ਨਬਜ਼ ਸਮਝਣ ਵਾਲਾ ਇਹ ਲਿਖਾਰੀ ਪੰਜਾਬੀ ਭਾਸ਼ਾ ਦਾ ਵਿਦਵਾਨ ਲੇਖਕ ਹੋ ਨਿਬੜਿਆ। ਬਲਵੰਤ ਗਾਰਗੀ ਦਾ ਕਹਿਣਾ ਹੈ ਕਿ ਜਦੋਂ ਉਨ੍ਹਾਂ ਨੇ ਲਿਖਣਾ ਸ਼ੁਰੂ ਕੀਤਾ ਤਾਂ ਕੋਈ ਤਿੰਨ ਹੋਰ ਬਲਵੰਤ ਨਾਮ ਦੇ ਲੇਖਕ ਜਿਨ੍ਹਾਂ ਵਿੱਚ ਬਾਵਾ ਬਲਵੰਤ ਵੀ ਸ਼ੁਮਾਰ ਸਨ, ਲਿਖ ਰਹੇ ਸਨ। ਉਸ ਵੇਲੇ ਗਾਰਗੀ ਨੂੰ ਲੱਗਿਆ ਕਿ ਕੁਝ ਵੱਖਰਾ ਨਾਮ ਰੱਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਆਪਣੇ ਨਾਮ ਨਾਲ 'ਗਾਰਗੀ' ਤਖ਼ੱਲਸ ਲਾ ਲਿਆ। ਹਾਲਾਂਕਿ ਉਨ੍ਹਾਂ ਨੂੰ ਕਈ ਵਾਰ ਲੱਗਿਆ ਕਿ ਇਹ ਕੁੜੀਆਂ ਵਰਗਾ ਨਾਮ ਰੱਖ ਲਿਆ ਹੈ।

---

'ਹਮ ਦਿਲ ਦੇ ਚੁੱਕੇ ਸਨਮ' ਸਣੇ 30 ਤੋਂ ਵੱਧ ਫ਼ਿਲਮਾਂ ਦੇ ਲੇਖਕ ਅਤੇ ਵੱਕਾਰੀ ਸਨਮਾਨ ਹਾਸਿਲ ਫ਼ਿਲਮ ਲੇਖਕ ਅਮਰੀਕ ਗਿੱਲ ਨੇ ਗਾਰਗੀ ਨਾਲ ਦਿੱਲੀ 27 ਕਸਤੂਰਬਾ ਗਾਂਧੀ ਵਿਚਲੀ ਉਨ੍ਹਾਂ ਦੀ ਰਿਹਾਇਸ਼ 'ਤੇ ਨਾਲ ਰਹਿ ਕੇ ਕਈ ਨਾਟਕ ਲਿਖੇ ਹਨ। ਅਮਰੀਕ ਗਿੱਲ ਨੇ ਗਾਰਗੀ ਬਾਰੇ ਕਿਤਾਬ 'ਗਾਰਗੀ ਦਾ ਗ੍ਰੇਟ' ਵੀ ਲਿਖੀ। ਉਹ ਦੱਸਦੇ ਹਨ, ਗਾਰਗੀ ਤੜਕੇ ਸਿਰਜਣਾ ਵਿੱਚ ਖੁਭ ਜਾਂਦੇ। ਉਹ ਬਹੁਤ ਤੇਜ਼ ਬੋਲਦੇ ਤੇ ਜੇ ਕੁਝ ਦੁਹਰਾਉਣ ਨੂੰ ਕਹੋ ਤਾਂ ਕਈ ਵਾਰ ਉਨ੍ਹਾਂ ਦੀ ਲੈਅ ਟੁੱਟ ਜਾਂਦੀ। ਮੈਨੂੰ ਦੌੜ-ਦੌੜ ਕੇ ਉਨ੍ਹਾਂ ਨਾਲ ਰਲਣਾ ਪੈਂਦਾ। ਉਨ੍ਹਾਂ ਨੂੰ ਹਰ ਸ਼ਬਦ ਦੀ ਸ਼ਕਤੀ ਤੇ ਵਜ਼ਨ ਦਾ ਇਲਮ ਸੀ। ਗਿੱਲ ਮੁਤਾਬਕ ਗਾਰਗੀ ਅਕਸਰ ਕਹਿੰਦੇ, "ਫ਼ਾਲਤੂ ਸ਼ਬਦ ਤੇ ਵਿਚਾਰ ਫ਼ਸਲ ਦੇ ਨਦੀਨ ਵਾਂਗ ਹੁੰਦੇ ਹਨ। ਕੱਢ ਕੇ ਬਾਹਰ ਸੁੱਟੋ, ਨਹੀਂ ਤਾਂ ਰਚਨਾ ਖਾ ਜਾਣਗੇ। ਰਚਨਾ ਨੂੰ ਮੰਜੀ ਦੀ ਦੌਣ ਵਾਂਗ ਕੱਸ ਕੇ ਰੱਖੋ।"

---

ਬਲਵੰਤ ਗਾਰਗੀ ਦੇ ਆਖ਼ਰੀ ਦਿਨ ਬਿਮਾਰੀ ਨਾਲ ਦੋ-ਚਾਰ ਹੁੰਦਿਆਂ ਬੰਬਈ ਵਿੱਚ ਨਿਕਲੇ। ਅਪ੍ਰੈਲ 2003 'ਚ ਬਲਵੰਤ ਗਾਰਗੀ ਜਹਾਨ ਨੂੰ ਅਲਵਿਦਾ ਕਹਿ ਗਿਆ।




*ਬਲਵੰਤ ਗਾਰਗੀ ਪੰਜਾਬੀ ਨਾਟਕਕਾਰ, ਰੇਖਾਚਿੱਤਰ ਲੇਖਕ, ਕਹਾਣੀਕਾਰ, ਨਾਵਲਕਾਰ ਅਤੇ ਨਾਟਕ ਦੇ ਖੋਜੀ ਸਨ। ਬਲਵੰਤ ਗਾਰਗੀ ਨੇ ਐਫ.ਸੀ. ਕਾਲਜ ਲਾਹੌਰ ਤੋਂ ਰਾਜਨੀਤੀ ਵਿਗਿਆਨ ਅਤੇ ਅੰਗਰੇਜ਼ੀ ਸਾਹਿਤ ਦੀ ਐਮ.ਏ. ਤੱਕ ਦੀ ਸਿੱਖਿਆ ਹਾਸਲ ਕੀਤੀ। ਉਨ੍ਹਾਂ ਨੇ ਆਪਣਾ ਜੀਵਨ ਇੱਕ ਸੁਤੰਤਰ ਲੇਖਕ, ਨਾਟਕਕਾਰ, ਨਿਰਦੇਸ਼ਕ ਅਤੇ ਪੱਤਰਕਾਰ ਵਜੋਂ ਸ਼ੁਰੂ ਕੀਤਾ। ਮੁੱਢਲੇ ਦੌਰ ਵਿੱਚ ਗੁਰਬਖਸ਼ ਸਿੰਘ ਪ੍ਰੀਤਲੜੀ ਕੋਲ ਪ੍ਰੀਤ ਨਗਰ ਰਹਿੰਦਿਆਂ ਉਨ੍ਹਾਂ ਦੀ ਨਾਟਕੀ ਪ੍ਰਤਿਭਾ ਪ੍ਰਫੁਲਿਤ ਹੋਣੀ ਸ਼ੁਰੂ ਹੋਈ। ਉਨ੍ਹਾਂ ਨੇ ਰੇਡੀਓ ਤੇ ਮੰਚ ਰੰਗਮੰਚ ਲਈ ਨਾਟਕ ਲਿਖੇ। ਬਾਅਦ ਵਿੱਚ ਸਿਆਟਲ (ਅਮਰੀਕਾ) 'ਚ ਥੀਏਟਰ ਦੇ ਅਧਿਆਪਕ ਰਹੇ। ਭਾਰਤ ਦੇ ਇਲਾਵਾ ਉਨ੍ਹਾਂ ਦੇ ਨਾਟਕ ਮਾਸਕੋ, ਜਰਮਨੀ, ਪੋਲੈਂਡ, ਲੰਡਨ ਤੇ ਅਮਰੀਕਾ ਵਿੱਚ ਖੇਡੇ ਗਏ। ਉਨ੍ਹਾਂ ਦੀਆਂ ਰਚਨਾਵਾਂ ਹਨ; ਨਾਟਕ: ਲੋਹਾ ਕੁੱਟ (1944), ਸੈਲ ਪੱਥਰ, ਬਿਸਵੇਦਾਰ, ਕੇਸਰੋ, ਨਵਾਂ ਮੁੱਢ, ਘੁੱਗੀ, ਸੋਹਣੀ ਮਹੀਂਵਾਲ, ਮਿਰਜ਼ਾ ਸਾਹਿਬਾਂ, ਕਣਕ ਦੀ ਬੱਲੀ, ਧੂਣੀ ਦੀ ਅੱਗ, ਗਗਨ ਮੈ ਥਾਲੁ, ਸੁਲਤਾਨ ਰਜ਼ੀਆ, ਸੌਂਕਣ, ਅਭਿਸਾਰਕਾ; ਇਕਾਂਗੀ ਸੰਗ੍ਰਹਿ: ਕੁਆਰੀ ਟੀਸੀ (1945), ਦੋ ਪਾਸੇ, ਪੱਤਣ ਦੀ ਬੇੜੀ, ਦਸਵੰਧ, ਦੁੱਧ ਦੀਆਂ ਧਾਰਾਂ, ਚਾਕੂ, ਪੈਂਤੜੇਬਾਜ਼; ਕਹਾਣੀ ਸੰਗ੍ਰਹਿ: ਮਿਰਚਾਂ ਵਾਲਾ ਸਾਧ, ਡੁੱਲ੍ਹੇ ਬੇਰ, ਕਾਲਾ ਅੰਬ; ਵਾਰਤਕ: ਨਿੰਮ ਦੇ ਪੱਤੇ, ਸੁਰਮੇ ਵਾਲੀ ਅੱਖ, ਕੌਡੀਆਂ ਵਾਲਾ ਸੱਪ, ਹੁਸੀਨ ਚਿਹਰੇ, ਕਾਸ਼ਨੀ ਵਿਹੜਾ, ਸ਼ਰਬਤ ਦੀਆਂ ਘੁੱਟਾਂ; ਨਾਵਲ: ਕੱਕਾ ਰੇਤਾ, ਨੰਗੀ ਧੁੱਪ; ਖੋਜ ਪੁਸਤਕਾਂ: ਲੋਕ ਨਾਟਕ, ਰੰਗਮੰਚ। ਉਨ੍ਹਾਂ ਨੂੰ ਸਾਹਿਤ ਅਕਾਦਮੀ ਪੁਰਸਕਾਰ (1962) ਵਿੱਚ ਅਤੇ ਪਦਮਸ਼੍ਰੀ ਸਨਮਾਨ (1972) ਵਿੱਚ ਮਿਲੇ।*


## ਸਿੱਖ ਤਵਾਰੀਖ ਵਿੱਚ ਪੋਹ ਦਾ ਮਹੀਨਾ ਅਤੇ ਸਫ਼ਰ-ਏ-ਸ਼ਹਾਦਤ

# ਪ੍ਰਣਾਮ ਸ਼ਹੀਦਾਂ ਨੂੰ

## ਦਸਮ ਪਾਤਿਸ਼ਾਹ ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੀ ਲਾਸਾਨੀ ਸ਼ਹਾਦਤ ਜਿਹੀ ਮਿਸਾਲ ਇਤਿਹਾਸ ਵਿੱਚ ਕਿਧਰੇ ਵੀ ਨਹੀਂ ਮਿਲਦੀ

## ਮਾਤਾ ਗੁਜਰੀ ਜੀ ਅਤੇ ਗੁਰੂ ਜੀ ਦੇ ਚਹੁੰ ਸਾਹਿਬਜ਼ਾਦਿਆਂ ਦੀ ਬੇਮਿਸਾਲ ਸ਼ਹਾਦਤ ਨੂੰ ਲੱਖ ਲੱਖ ਸਜਦਾ

**ਵੱਲੋਂ: ਸਮੂਹ ਬੋਰਡ ਮੈਂਬਰ ਤੇ ਪ੍ਰਬੰਧਕ** Punjabi Parwaz **ਪੰਜਾਬੀ ਪਰਵਾਜ਼** ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ


ਬਲਵਿੰਦਰ ਸਿੰਘ (ਬੌਬ) ਸੰਧੂ


ਦਵਿੰਦਰ ਸਿੰਘ ਰੰਗੀ


ਮਨਜਿੰਦਰ ਸਿੰਘ (ਮੈਕ) ਭਮਰਾ


ਜੋਧ ਸਿੰਘ ਸਿੱਧੂ


ਯਾਦਵਿੰਦਰ ਸਿੰਘ (ਰਿੰਪੀ) ਖੱਟੜਾ


ਅਮਰੀਕ ਸਿੰਘ ਸ਼ਿਕਾਗੋ


ਕਿਰਪਾਲ ਸਿੰਘ ਰੰਧਾਵਾ


ਅੰਮ੍ਰਿਤਪਾਲ ਸਿੰਘ ਗਿੱਲ


ਬਲਵਿੰਦਰ ਸਿੰਘ ਚੱਠਾ


ਦਰਸ਼ਨ ਸਿੰਘ ਪੰਮਾ


ਗੁਰਿੰਦਰਜੀਤ ਸਿੰਘ ਗਰੇਵਾਲ



ਬੇਅੰਤ ਸਿੰਘ ਬੋਪਾਰਾਏ ਮਿਲਵਾਕੀ


ਅਮਰਜੀਤ ਸਿੰਘ ਢੀਂਡਸਾ


ਦੀਦਾਰ ਸਿੰਘ ਧਨੋਆ


ਗੁਰਵਿੰਦਰ ਬੱਬੂ (ਐਪਲਟਨ)



ਬਿਕਰਮ ਸਿੰਘ ਸਿੱਧੂ


ਮਨਮਿੰਦਰ ਸਿੰਘ ਹੀਰ



ਅਜੈਬ ਸਿੰਘ ਲੱਖਣ


ਬਲਜੀਤ ਸਿੰਘ ਸਿੱਧੂ (ਫਲੋਰਿਡਾ)


ਮਿੰਨੀ ਮੁਲਤਾਨੀ


ਗੁਰਪ੍ਰੀਤ ਕੇ. ਸਿੰਘ



ਇੰਦਰ ਹੁੰਜਣ


ਪਰਮਿੰਦਰ ਸਿੰਘ (ਯੂਬਾ ਸਿਟੀ)


ਜਗਜੀਤ ਸਿੰਘ ਖੇੜਾ (ਓਕਲਾਹੋਮਾ)


ਅਮਨਦੀਪ ਸਿੰਘ ਕੁਲਾਰ


ਜਿਗਰਦੀਪ ਸਿੰਘ ਢਿੱਲੋਂ


ਹਰਕੇਵਲ ਸਿੰਘ ਲਾਲੀ


ਹਰਮੀਕ ਸਿੰਘ ਗਿਰਨ